# ਰੇਤੇ ਦੀ ਪੈੜ

ਸਾਧੂ ਸਿੰਘ ਕਿਸਾਨ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਚੇਤੇ ਦੀ ਪੈੜ

ਸਾਧੂ ਸਿੰਘ ਕਿਸਾਨ

ਤਸਵੀਰ ਪ੍ਰਕਾਸ਼ਨ
ਹਿਸਾਰ ਰੋਡ, ਸਿਰਸਾ

Sri Satguru Jagjit Singh Ji eLibrary NamdhariElibrary@gmail.com

**Chete Di Paid**
**Sadhu Singh Kisan**
**VPO. Shri Rampur(Budhi Mari)**
**Teh. Ellnabad, Distt. Sirsa**
**Phone : 01698- 280261**

ਕਾਪੀ ਰਾਈਟ : ਲੇਖਕ

ਮਾਰਚ 2010

ਪ੍ਰਕਾਸ਼ਕ : ਤਸਵੀਰ ਪ੍ਰਕਾਸ਼ਨ
ਹਿਸਾਰ ਰੋਡ
ਸਾਹਮਣੇ ਨਹਿਰ ਕਾਲੋਨੀ
ਸਿਰਸਾ- 125055
ਮੋਬਾਈਲ : 09416124729
ਸਹਿਯੋਗੀ ਪ੍ਰਕਾਸ਼ਕ :
ਸੰਤ ਤਰਨ ਸਿੰਘ ਵਹਿਮੀ ਸਾਹਿਤ ਪ੍ਰਕਾਸ਼ਨ
ਸ਼੍ਰੀ ਰਾਮਪੁਰ(ਬੁੱਢੀ ਮਾੜੀ)
ਤਹਿਸੀਲ ਐਲਨਾਬਾਦ, ਜ਼ਿਲਾ ਸਿਰਸਾ

ਛਾਪਕ :ਬਿਨਾਕਾ ਆਫਸੈਟ ਪ੍ਰੈਸ, ਸਿਰਸਾ
ਟਾਈਟਲ : ਸੁਰੇਸ਼ ਕੁਮਾਰ

ਮੁੱਲ : 150 ਰੁਪਏ

Sri Satguru Jagjit Singh Ji eLibrary NamdhariElibrary@gmail.com

ਕਵੀ ਜੀ ਦੀ ਆਤਮੀ ਦੋਸਤੀ-

ਕਿਤਾਬਾਂ ਨੂੰ ਲਗਾਤਾਰ ਪੜ੍ਹਦੇ ਰਹੀ.

ਛੱਪੇ ਨੂੰ- ਤੰਦਰੁਸਤੀ ਦੀ ਕਾਮਨਾ ਸੰਗ-

ਪਿਆਰੇ ਸਨੇਹ ਨਾਲ,

ਸਾਧੂ [illegible] ਵਿਨਾਰ. 14-10-10

**ਨੂਰ ਦੀ ਚਾਦਰ**
**ਮੇਰੇ ਮਾਸਟਰ ਜੀ ਦੇ**
**81 ਵੇਂ ਰੋਜ਼-ਏ-ਰੋਸ਼ਨ**
**10-06-2010 ਤੇ ਸਾਦਰ ਭੇਂਟ**



Sri Satguru Jagjit Singh Ji eLibrary NamdhariElibrary@gmail.com

## ਕਿ -----ਕਿੱਥੇ ?


| | | |
|---|---|---|
| 1. | ਕਿਸਾਨ ਦਾ ਮਹਾਂ ਮਾਨਵ-ਨਾਨਕ | 5-7 |
| 2. | ਕਿਸਾਨ ਦਾ ਲਹਿਣੇਦਾਰ | 8 |
| 3. | ਕਿਸਾਨ ਦਾ ਗੁਰੂ ਅਰਜਨ | 9-16 |
| 4. | ਸਾਡੇ ਦਾਦੀ ਜੀ | 17-20 |
| 5. | ਸਾਡੇ ਬਾਪੂ ਜੀ | 21-26 |
| 6. | ਮੇਰੇ ਮਾਸਟਰ ਜੀ | 27-32 |
| 7. | ਗਿਆਨ ਦਾ ਸੂਰਜ | 33-35 |
| 8. | ਚੇਤੇ ਦੀ ਚੰਗੇਰ | 36-42 |
| 9. | ਅੱਖੀਂ ਡਿੱਠੀ ਤੋਂ ਕੰਨੀ ਸੁਣੀ | 43-50 |
| 10. | ਸਭ ਤੋਂ ਵੱਡਾ ਸਰਟੀਫਿਕੇਟ | 51-56 |
| 11. | ਪੰਛੀ ਦੀ ਉਡਾਣ | 57-60 |
| 12. | ਸੱਠ ਸਾਲ ਬਾਦ-ਛੇ ਦਿਨ | 61-76 |
| 13. | ਜਨਕ ਨੰਦਨੀ | 77-81 |
| 14. | ਉਤਸ਼ਾਹ ਦਾ ਕਮਾਲ | 82-84 |
| 15. | ਰਾਹੋਂ ਤੁਰ ਗਿਆ ਹਮਰਾਹੀ ਵੀਰ | 85-88 |
| 16. | ਤੇਰਾ ਚੇਤਾ ਨਹੀਂ ਭੁੱਲਣਾਂ | 89-94 |
| 17. | ਇਕ ਜੁਗ ਸਮਾਪਤ | 95-97 |
| 18. | ਭਾਦਉ ਭਰਮਿ | 98-103 |
| 19. | ਇੰਜ ਦੇ ਵੀ ਹੁੰਦੇ ਨੇ ਲੋਕ | 104-105 |
| 20. | ਕਿਸਾਨ ਦੇ ਦੋਸਤ | 106-109 |
| 21. | ਵਿਦੇਸ਼ੀ ਮੂਲ | 110-111 |
| 22. | ਪੰਜਾਬੀ ਭਰਾਵਾਂ ਨੂੰ ਖੁੱਲੀ ਚਿੱਠੀ | 112-113 |
| 23. | ਸੁਨਹਿਰੀ ਸਿਮਰਨਾਂ | 114 |
| 24. | ਇਨ ਮਾਇਆ | 115-116 |
| 25. | ਬਾਰ੍ਹਵੀਂ | 117-121 |
| 26. | ਵਹਿਮੀ ਦੇ ਵਾਰਿਸ | 122-123 |
| 27. | ਜ਼ਿੰਦਗੀ ਦਾ ਸੋਹਜ | 124-125 |
| 28. | ਨਾਂ ਵਿਚ ਕੀ ਪਿਐ | 125 |
| 29. | ਦਰਦ ਭਰੀ ਅਪੀਲ | 126 |
| 30. | ਕੰਮ ਔਣ ਦਾ ਚਾਅ | 127-128 |




Sri Satguru Jagjit Singh Ji eLibrary NamdhariElibrary@gmail.com

# ਕਿਸਾਨ ਦਾ ਮਹਾਂ ਮਾਨਵ- 'ਨਾਨਕ'

ਮਹਾਂ ਮੁਸਾਫਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਚੜ੍ਹਦੀ ਜਵਾਨੀ ਸਮੇਂ 6 ਫੁੱਟ ਤੋਂ ਉਚੱਾ ਕੱਦ, ਕਸਿੱਆ ਹੋਇਆ ਭਰਵਾਂ ਸਰੀਰ- ਕਸ਼ਮੀਰੀ ਸੇਉ ਵਰਗਾ ਲਾਲ ਗੋਰਾ ਰੰਗ, ਤਾਜ਼ਾ ਖਿੜੇ ਗੁਲਾਬ ਜੈਸਾ ਮੁਖ ਮੰਡਲ-ਵਿਸ਼ਾਲ ਮਸਤਕ, ਉਤੇ ਧਰੇ ਹੋਏ ਲੰਮੇ ਭੂਰੇ ਨੇਤਰ-ਸੱਸੀ ਕੱਕੀ ਦਾਹੜੀ-ਸੁਤੇ ਸਿੱਧ ਸੰਭਾਲੇ ਹੋਏ ਮੁਛੈਹਰੇ-ਕੁਦਰਤੀ ਸੁਰਖ਼ ਹੋਠ-ਰਵੇਲ ਦੀਆਂ ਕਲੀਆਂ ਵਰਗੇ ਸਫੈਦ ਲਿਸ਼ਕਣੇਂ ਦੰਦਾਂ ਦੀ ਪਾਲ-ਆਮ ਨਾਲੋਂ ਵੱਧ ਲੰਮੀ ਗੋਲ ਗਰਦਨ, ਲੋਕਾਈ ਦੇ ਮੋਹ ਨਾਲ ਭਰੀ ਚੌੜੀ ਛਾਤੀ-ਉਚੇ ਬਲਵਾਨ ਮੋਢੇ, ਲੰਮੀਆਂ ਬਾਹੀ, ਸੁੰਦਰਤਾ ਦੀ ਸਾਕਾਰ ਮੂਰਤ ।

ਬੋਲ ਮਿੱਠਾ ਜਿਵੇ ਕੰਨਾ ਵਿਚ ਸ਼ਹਿਦ ਝਰਦਾ ਹੋਵੇ-ਜਦੋਂ ਬਾਣੀ ਗੌਂਦੇ-ਮੋਰਨੀਆਂ ਦੁਆਲੇ ਗੇੜੇ ਕੱਢਣ ਲੱਗ ਪੈਂਦੀਆਂ । ਹਿਰਦਾ ਆਤਮ ਵਿਸ਼ਵਾਸ ਨਾਲ ਭਰਪੂਰ, ਮਾਨਸ ਖਾਣੇ ਮਨੁੱਖਾਂ ਤੇ ਮਾਰ ਖੋਰੇ ਜੰਗਲੀ ਜਾਨਵਰਾਂ ਵਿੱਚ ਸਹਿਜ ਵਿਚਰਦੇ । ਕੁਦਰਤ ਨਾਲ ਇੱਕ ਮਿੱਕ ਹਰਿ ਹੀ ਜੈਸੇ ਹੋਇ ਰਹੇ ।

ਗੈਰ ਮਜ਼ਹਬ-ਪਰ 'ਗੱਲ, ਤੇ ਸੁਰਤਾਲ ਨੂੰ ਸਮਝਣ ਵਾਲਾ ਆਪਣੇ ਜੇਡਾ ਜਵਾਨ-ਦਲੇਰ ਮਰਾਸੀ 'ਮਰਦਾਨਾ, -ਓਹਦੇ ਮਰਦੇ ਦਮ ਤੱਕ-ਨਾਲ ਨਿਭਾ ਕੇ ਦਸਿੱਆ-ਦੋਸਤੀ ਧਰਮ ਤੇ ਜ਼ਾਤ ਨੂੰ ਆੜੇ ਨਹੀਂ ਔਣ ਦੇਂਦੀ ।

ਪੰਡਤਾਂ ਨਾਲ ਜੰਞੂ ਬਾਰੇ ਵਿਚਾਰ ਵਟਾਂਦਰੇ ਬਾਦ-ਨਾਨਕਜੀ ਬਹੁਤਾ ਈ ਖੁੱਭ ਕੇ ਸੋਚਣ ਲੱਗ ਪਏ, ਦੁਨੀਆਂ ਕੇਹੜੇ ਭਰਮ ਭੁਲੇਖਿਆਂ ਵਿੱਚ ਫਸੀ ਪਈ ਏ ?

ਪਿਤਾ ਸ੍ਰੀ ਕਾਲੂ ਨੇ ਸੋਚਿਆ, ਬੱਚੇ ਨੂੰ ਕਿਸੇ ਆਹਰੇ ਲਾਇਆ ਜਾਇ-ਤਾਂ ਹੀ ਡੂੰਘੀਆਂ ਸੋਚਾਂ ਵਿਚੋਂ ਬਾਹਰ ਨਿਕਲੇਗਾ । ਸਾਝਰੇ ਮਾਲ ਖੋਹਲ ਕੇ ਆਖਿਆ, ਜਾਓ ਬੇਟਾ! ਮੱਝਾਂ ਚਾਰ ਲਿਆਓ । ਕਿਸੇ ਦਾ ਨੁਕਸਾਨ ਨਾਂ ਹੋਵੇ, ਧਿਆਨ ਰੱਖਿਓ ! ਆਪ ਕਾਲੂ ਜੀ ਰਾਇ ਬੁਲਾਰ ਦੀ ਹਵੇਲੀ ਚਲੇ ਗਏ ।

ਦਿਨ ਢਲੇ ਇਕ ਖਪਿਆ ਤਪਿਆ ਜੱਟ ਆ ਗਿਆ-ਪਟਵਾਰੀ ਸਾਹਿਬ ! ਤੁਹਾਡੇ ਮੁੰਡੇ ਨੇ ਮੇਰੀ ਫਸਲ ਬਰਬਾਰ ਕਰ ਦਿਤੀ । ਮਾਲ ਖੁੱਲਾ ਛੱਡ ਕੇ-ਆਪ ਵਣ ਹੇਠਾਂ ਘੂਕ ਸੁੱਤਾ ਪਿਐ ।

ਰਾਇ ਬੁਲਾਰ ਨੇ ਪੁਛਿਆਂ ! ਬੱਚੇ ਨੂੰ ਤੇ ਕੁਝ ਨਹੀਓਂ ਆਖਿਆ?

ਨਹੀਂ ਜੀ ! ਮੇਰੀ ਕੀ ਮਜਾਲ-ਜਾ ਕੇ ਵੇਖ ਲਓ ! ਬੇ ਫਿਕਰ ਲੰਮੀਆਂ ਤਾਣ ਕੇ ਪਿਆ ਏ । ਪਰ ਪੈਲੀ ਦੇ ਪੱਲੇ ਕੱਖ ਨਹੀ ਜੇ ਰਿਹਾ ।



Sri Satguru Jagjit Singh Ji eLibrary NamdhariElibrary@gmail.com

ਰਾਇ ਨੇਂ ਆਖਿਆ, ਧੀਰਜ ਨਾਲ ਘਰ ਨੂੰ ਜਾਹ ! ਇਕ ਦੋ ਦਿਨਾਂ ਵਿਚ ਜਦੋਂ ਵੇਹਲ ਮਿਲਿਆ, ਪੈਲੀ ਵੇਖ ਕੇ ਤੇਰਾ ਘਾਟਾ ਪੂਰਾ ਕਰ ਦਿਆਂਗੇ ।

ਪਿਤਾ ਨੇ ਸੋਚਿਆ-ਪਹਿਲੇ ਦਿਨ ਈ ਉਲ੍ਹਾਮਾਂ ਆ ਗਿਐ । ਬਾਣੀਆਂ ਦੇ ਬੱਚਿਆਂ ਤੋਂ ਕਿੱਥੇ ਮੱਝਾਂ ਚਰਦੀਆਂ ਨੇ । ਏਹਨੂੰ ਕਿਸੇ ਦੁਕਾਨਦਾਰੀ ਦੇ ਕੰਮ ਵਿਚ ਪਾਣਾਂ ਚਾਹੀਦੈ । ਵਿਚਾਰ ਕੇ, ਵੀਹ ਰੁਪੈ ਦੀ ਵੱਡੀ ਰਕਮ ਦੇ, ਨਾਲ ਸਿਆਣੇ-ਬਿਆਣੇ ਬਾਲੇ ਸੰਧੂ ਨੂੰ ਤੋਰਿਆ, ਮੇਰਾ ਪੁੱਤਰ ਤੇ ਇਵੇਂ ਦਾ ਈ ਏ-ਤੂੰ ਏਹਦਾ ਖਿਆਲ ਰੱਖੀਂ ! ਵਿਡੰਬਨਾਂ ਵੇਖੋ, ਬਾਣੀਆਂ ਦੀ ਰੋਕੜ ਦਾ ਰਖਵਾਲਾ ਜੱਟ ।

ਦੋਵੇ ਮੰਡੀ ਚੂਹੜਕਾਣੇ ਅੱਪੜੇ, ਓਥੇ ਸਾਧੂਆਂ ਦਾ ਝੁੰਡ ਬੈਠਾ ਸੀ, ਏਹ ਵੀ ਸਤਸੰਗ ਵਿਚ ਸ਼ਾਮਲ ਹੋ ਗਏ । ਆਗੂ ਸਾਧ ਵਧੀਆ ਵਕਤਾ ਹੋਇਗਾ-ਨਾਨਕ ਜੀ ਏਨੇਂ ਪ੍ਰਭਾਵਤ ਹੋ ਗਏ-ਬਾਲੇ ਵੱਲ ਵੇਖਿਆ ਵੀ ਨਾਂ, ਆਪਣੀ ਸਾਰੀ ਪੂੰਜੀ ਵੀਹ ਰੁਪੈ, ਭੇਟਾ ਕਰ ਦਿੱਤੀ । ਬਾਲਾ ਹੈਰਾਨ ! ਪਰ ਚੁੱਪ ਰਿਹਾ ।

ਆਗੂ ਸਾਧ ਸਿਆਣਾਂ ਸੀ-ਕਹਿੰਦਾ ਬਾਲਕੇ ! ਮਾਇਆ ਸਾਡੇ ਕਿਸ ਕੰਮ । ਇਸ ਦਾ ਰਾਸ਼ਨ ਲਿਆ ਕੇ ਸਾਧਾਂ ਨੂੰ ਲੰਗਰ ਛਕਾ ਦਿਓ !

ਨਾਨਕ ਜੀ ਬਾਲੇ ਸੰਧੂ ਸਣੇ ਮੰਡੀਓ ਦਾਲ, ਚੌਲ, ਆਟਾ, ਘਿਓ, ਖੰਡ ਗੱਡਿਆਂ ਤੇ ਲਦਾ ਕੇ ਹਾਜ਼ਰ ਕਰ ਦਿੱਤਾ । ਲੌ ਸਾਧੋ ! ਕੲਈ ਦਿਨ ਪਕਾਓ-ਖਾਓ । ਏਹ ਪਹਿਲਾ ਆਦਮੀ ਸੀ, ਜਿਸਦੇ ਗੱਲ ਕਰਨ ਦੇ ਢੰਗ ਤੋਂ ਨਾਨਕ ਜੀ ਏਨੇ ਮੁਤਾਸੱਰ ਹੋਏ, ਅਤੇ ਇਸ ਗੁਣ ਨੂੰ ਆਤਮਸਾਤ ਕਰ ਲਿਆ ।

ਇਕ ਦਿਨ ਬਾਲੇ ਆਖਿਆ ਨਾਨਕ ਵੀਰੇ ! ਸੌਦਾ ਤੇ ਚੰਗਾ ਹੋ ਗਿਐ-ਹੁਣ ਘਰਾਂ ਨੂੰ ਚਲੀਏ। ਕਾਲੂ ਨੂੰ ਪਤਾ ਲੱਗਾ, ਬਾਲਾ ਆਪਣੇ ਘਰੇ ਆਇਆ ਬੈਠਾ ਏ । ਜਾ ਕੇ ਬੜੇ ਖਰ੍ਹਵਿਆਂ ਹੋਕੇ ਪੁਛਿੱਆ-ਨਾਨਕ ਨੂੰ ਕਿੱਥੇ ਛੱਡ ਆਇਐਂ ? ਬਾਲੇ ਨੇ ਪਟਵਾਰੀ ਤੋਂ ਡਰਦਿਆ ਸਾਰੀ ਕਹਾਣੀ ਸੱਚੋ ਸੱਚ ਬਿਆਨ ਕਰ ਦਿੱਤੀ । ਨਾਲੇ ਦੱਸਿਆ-ਰਾਇ ਬੁਲਾਰ ਦੇ ਖੂਹ ਤੇ ਬੈਠਾ ਏ। ਕਾਲੂ ਅੱਗ ਬਗੋਲਾ ਹੋ ਗਿਆ, ਜਾ ਕੇ ਨਾਨਕ ਨੂੰ ਚਪੇੜੀਂ ਡੈਹਿ ਪਿਆ। ਦੂਰੋਂ ਵੇਖ ਕੇ ਰਾਇ ਨੇ ਦਾਬ੍ਹਾ ਮਾਰ ਕੇ ਛੁਡਾਇਆ-ਕਹਿੰਦਾ ਆਪਣਾ ਨੁਕਸਾਨ ਮੈਥੋਂ ਪੂਰਾ ਕਰ ਲੈ । ਏਦੂੰ ਬਾਦ ਮੁੰਡੇ ਨੂੰ ਕਦੀ ਕੁਝ ਨਹੀ ਕਹਿਣਾ ।

ਨਾਨਕ ਜੀ ਨੇ ਬਪਾਰੀ ਤੇ ਮੋਮਨ ਦਾ ਨਿਰਨਾਂ ਕਰ ਲਿਆ, ਜੋ ਸਾਰੀ ਉਮਰ ਚੇਤੇ ਰੱਖਿਆ ।

ਗੁਰੂ ਜੀ ਗਿਆਨ ਹਾਸਲ ਕਰਨ ਅਤੇ ਵਿਸਤੀਰਨ ਦੇ ਇੱਕੋ ਜਿਨੇ ਖ਼ਾਹਸ਼ਮੰਦ ਸਨ। ਭਾਈ ਲਾਲੋ ਦੀ ਸੁੱਚੀ ਕਿਰਤ ਸੁਣ ਕੇ ਸਭ ਤੋ ਪਹਿਲਾਂ ਓਹਦੇ ਕੋਲ ਚੱਲ ਕੇ ਗਏ । ਏਹੀ-ਨਹੀ ਉਹਦੀ ਸਿੱਧੀ ਸਾਦੀ ਕਿਰਤ ਪਰਖ ਕੇ, ਜੀਵਨ ਵਿਚ ਦੋ ਵਾਰ, ਸਿਰਫ ਓਹਦੇ ਕੋਲ ਹੀ ਪਹੁੰਚੇ । ਜ਼ਿੰਦਗੀ ਦੀ ਸਭ ਤੋਂ ਕਰੜੀ ਤੱਪਸਿਆ ਵੀ ਲਾਲੋ ਦੇ ਸੰਗ ਸਾਥ



Sri Satguru Jagjit Singh Ji eLibrary NamdhariElibrary@gmail.com

ਚ ਕਰਨ ਦਾ ਮਾਨ ਬਖ਼ਸ਼ਿਆ । ਗੁਰਬਾਣੀ ਦਾ ਇੱਕ ਸ਼ਬਦ ਲਾਲੋ ਨੂੰ ਮੁਖ਼ਾਤਬ ਕਰਕੇ ਉਚਾਰਿਆ ।

ਭਾਈ ਲਾਲੋ ਕੋਲ ਹੀ ਬੈਠੇ ਸਨ-ਬਾਬਰ ਹਮਲਾ ਵਰ ਹੋ ਗਿਆ । ਓਨ ਸੁਣ ਖਿਆ ਸੀ । ਏਥੋਂ ਦੇ ਪੀਰ ਫਕੀਰ ਮੈਨੂੰ ਫੌਜਾਂ ਸਣੇ ਅੰਨ੍ਹਾਂ, ਤਲਵਾਰਾਂ ਖੁੰਢੀਆਂ ਕਰਨ ਦੇ ਮਗਜੇ ਮਾਰਦੇ ਸਨ । ਸਾਰੇ ਘੇਰ ਕੇ ਚੱਕੀ ਪੀਹਣ ਲਾ ਦਿੱਤੇ । ਮਰਦਾਨਾ ਤੇ ਗੁਰੂ ਜੀ ਵੀ ਰੇ ਗਏ । ਗੁਰੂ ਜੀ ਨੇ ਉਚੀ ਆਵਾਜ਼ ਦੇ ਕੇ ਸਭਨੂੰ ਚੱਕੀ ਪੀਹਣੋਂ ਰੋਕ ਦਿੱਤਾ । ਕਹਿਰ ੜਿਆ ਬਾਬਰ ਆਇਆ । ਅੱਗੇ ਬੜੀ ਬੇਪਰਵਾਹੀ ਨਾਲ ਗੁਰੂ ਜੀ ਖੁਰਾਸਾਨਾ ਖਮਸਾਨਾ ਆ, ਗਾ ਰਹੇ ਸਨ । ਠਠੰਬਰ ਕੇ ਖੜੋ ਗਿਆ, ਕਹਿੰਦਾ ਹਿੰਦੂ ਪੀਰ ਕੀਹ ਗਾ ਰਿਹਾ ਏਂ ਸੁਣ ਕੇ ਖੜੇ ਹੋ ਗਏ । ਤੂੰ ਸ਼ਰੀਕਾਂ ਦਾ ਭਜਾਇਆ ਹੋਇਆ ਏਥੇ ਭਾਰਤੀਆਂ ਨੂੰ ਡਰੌਣ ਮਕੌਣ ਆ ਗਿਆ ਹੈਂ । ਗਰੀਬਾਂ ਨੂੰ ਦੁਖੀ ਕਰੇਂਗਾ ਲੇਖਾ ਦੇਣਾ ਪਏਗਾ । ਕਿਸੇ ਆਪਣੇ ਰਗੇ ਨਾਲ ਜਾ ਕੇ ਭਿੜ, ਕੁਝ ਹਾਸ਼ਲ ਵੀ ਹੋਵੇ ।

ਅੰਤਰ ਮਨ ਹੋ - ਕਾਦਰ ਨੂੰ ਬੇਝਿਜਕ ਆਖਿਆ-ਕੋਈ ਹਿਰਦੇ ਵਾਨ ਹੋਂਦਾ-ਜ਼ਰੂਰ ਹੀ ਬਹੁੜੀ ਕਰਦਾ।

ਪਾਣੀ ਤੇ ਕਬਜ਼ਾ ਕਰੀ ਬੈਠੇ ਵਲੀ ਕੰਧਾਰੀ ਨੂੰ ਤਾੜਿਆ, ਏਹ ਖ਼ੁਦਾ ਦੀ ਨਿਅਮਤ ਹੈ ਇਸਨੂੰ ਖੁੱਲ੍ਹਾ ਵੱਗਣ ਦੇ ! ਇਸਨੂੰ ਰੋਕਿਆਂ ਤੇਰਾ ਈ ਮੌਜੂ ਬਣੇਗਾ ।

ਲੋਕਾ ਨੂ ਜੀਂਦੇ ਬਜ਼ੁਰਗਾਂ ਦੀ ਸੇਵਾ ਕਰਨ ਵੱਲ ਪ੍ਰੇਰਿਆ, ਪਿਛੋਂ ਪਾਠ ਪੂਜਾ ਤੇ ਪੱਤਰਾਂ ਨੂੰ ਪਾਣੀ ਦਿੱਤਾ ਕਿਸੇ ਕੰਮ ਨਹੀ ਔਂਦਾ ।

ਪਰਬਤਾ ਚ ਲੁੱਕੇ ਹੋਏ ਸਿੱਧਾਂ-ਜੋਗੀਆਂ ਨੂੰ ਮਿਲ ਕੇ ਆਖਿਆ-ਆਪ ਤੁਸੀ ਭਗੌੜੇ ਹੋ ਕੇ ਛੁੱਪੇ ਬੈਠੇ ਓ ! ਆਇਆਂ ਗਿਆਂ ਤੋਂ ਭਾਰਤ ਦੇ ਹਾਲਾਤ ਪੁਛਦਿਆਂ ਸੰਗ ਨਹੀ ਔਂਦੀ ?

ਮੌਲਵੀ ਜੀ । ਆਂਹਦੇ ਓ ! ਖ਼ੁਦਾ ਸਾਰਿਆ ਚ ਵੱਸਦਾ ਏ, ਮੁਰਗੀ-ਬੱਕਰੇ ਚ ਰੱਬ ਦਾ ਨੂਰ ਨਹੀਂ ?

ਸਾਰੀ ਉਮਰ ਲਗਾਤਾਰ ਸਫਰ ਕੀਤਾ-ਅਖ਼ੀਰ ਤੱਤ ਕਢਿਆ- ਕਿਸਾਨੀ ਕਿੱਤਾ ਹੀ ਈਮਾਨਦਾਰੀ ਦੀ ਕਿਰਤ ਹੈ । ਜਦੋਂ ਸਿਖਿਆਰਥੀ ਜੁੜਨ ਲੱਗ ਪਏ-ਸਭਨੀਂ ਕੰਮੀਂ ਪਰਖ ਕੇ, ਲਹਿਣੇ ਨੂੰ ਅੰਗਦ ਅਪਨਾਇਆ ।

-------



Sri Satguru Jagjit Singh Ji eLibrary NamdhariElibrary@gmail.com

## 'ਕਿਸਾਨ ਦਾ ਲਹਿਣੇਦਾਰ'

ਸ੍ਰੀ ਲਹਿਣਾ ਜੀ, ਘਰੋ ਸਰਦੇ ਪੁਜਦੇ, ਸੁੰਦਰ ਤੰਦਰੁਸਤ, ਖਾਣ ਪਹਿਨਣ ਦੇ ਦਿਲਦਾਰਾ, ਸਾਥ ਜੋੜ ਕੇ ਰੱਖਣ ਵਾਲੇ, ਸੁਤੇ ਸਿੱਧ ਸੰਗੀਆਂ ਦਾ ਧਿਆਨ ਕਰਨ ਵਾਲੇ, ਆਗੂ ਬਿਰਤੀ ਦੇ ਨੌਜੁਆਂਨ ਸਨ। ਸੰਸਾਰ ਭਰਮਣਕਾਰੀ-ਪੁਰਖ ਪਾਰਖੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਨਜ਼ਰੇ ਵੇਖ ਕੇ ਹੀ, ਲਹਿਣੇਦਾਰ ਜਾਣ ਲਿਆ ਸੀ।

ਕਿਰਤਕਾਰ ਬਾਬਾ ਨਾਨਕ ਜੀ ਹਲ ਵਾਂਹਦੇ, ਪੱਠੇ ਵੱਢਦੇ, ਧਾਰਾਂ ਕੱਢਦੇ, ਬਲਦਾਂ-ਲਵੇਰੀਆਂ ਦੀ ਵਧੀਆਂ ਸੰਭਾਲ ਕਰਦੇ, ਖੇਤੀ ਦਾ ਸਾਰਾ ਕੰਮ ਹੱਥੀ ਕਰਦੇ ਸਨ।

ਅੰਮ੍ਰਿਤ ਵੇਲੇ ਆਸਾ ਤੇ ਭੈਰਵੀ ਚ ਕੀਰਤਨ ਕਰਦੇ-ਸੁਣਦੇ, ਫਿਰ ਖੇਤਾ ਚ ਜਾਕੇ ਮੁੰਜੀ ਲਾਂਦੇ-ਲੁਆਂਦੇ, ਬਾਬਾ ਬੁਢਾ ਜੀ, ਅਜਿੱਤਾ ਰੰਧਾਵਾ ਜੀ, ਸਾਧਾਰਨ ਜੀ, ਆਦਿ ਕਈ ਕੁਲਵਕਤੀ ਸਾਥੀ, ਸਾਰੇ ਕੰਮਾਂ 'ਚ ਸਹਿਯੋਗ ਕਰਦੇ।

ਸਵੇਰ ਸ਼ਾਮ ਜੁੜਦੀ ਸੰਗਤ ਵਿਚੋਂ ਵੀ ਕਈ ਉਦਮੀ ਹੱਥ ਵਟਾ ਜਾਂਦੇ। ਇਹਨਾਂ ਵਿਚੋਂ ਬਹੁਤੇ ਪੇਂਡੂ ਅਤੇ ਖੇਤੀ ਕਿਸਾਨੀ ਨਾਲ ਸੰਬੰਧਤ ਹੋਂਦੇ। ਸਤਿਗੁਰੂ ਜੀ ਸਿਆਣੇ ਸਿੱਖਾਂ ਨੂੰ ਕੰਮ ਕਰਨ ਅਤੇ ਕਰਾਂਣ ਦੀਆਂ ਜਿੰਮੇ ਵਾਰੀਆਂ ਬਦਲ-ਬਦਲ ਕੇ ਬਖ਼ਸ਼ਦੇ। ਆਪ ਗੁੱਪ-ਚੁੱਪ ਹਰ ਇੱਕ ਦੇ ਕੰਮ ਦਾ ਮੁਲਾਂਕਣ ਕਰਦੇ।

ਦੁਕਾਂਨਦਾਰੀ ਦੇ ਕਿੱਤੇ ਚੋਂ ਆਏ, ਅਰਧ ਸ਼ਹਿਰੀ ਜਹੇ ਲਹਿਣਾਂ ਜੀ, ਅਤਿ ਉਤਸ਼ਾਹੀ ਤੇ ਗੁਰੂ ਨਾਨਕ ਜੀ ਵਲੋਂ ਮੋਹੇ ਜਾਂਣ ਕਰਕੇ, ਹਰ ਖੇਤਰ ਵਿੱਚ ਸੱਭ ਤੋਂ ਵੱਧ ਨੰਬਰ ਲੈ ਜਾਂਦੇ। ਜੇ ਖੇਤੀ ਦੇ ਕੰਮ ਵੱਲ ਜਾਂਦੇ-ਤਾਂ ਆਪ ਦੋ-ਤਿੰਨ ਜਣਿਆਂ ਜਿੰਨਾਂ ਕੰਮ ਕਰਦੇ। ਅਤੇ ਨਾਲ ਦਿਆਂ ਨੂੰ ਹੱਲਾ ਸ਼ੇਰੀ ਦੇ ਕੇ ਡਿਓਢਾ ਕੰਮ ਕਰਾ ਲੈਂਦੇ। ਜੇ ਮਾਲ ਸਾਂਭਣ ਦੀ ਵਾਰੀ ਔਂਦੀ ਤਾਂ ਬਲਦ-ਲਵੇਰੀਆਂ ਨੂੰ ਲਿਸ਼ਕਾ ਦੇਂਦੇ, ਮਾਲ ਵਾਲਾ ਥਾਂ ਝੰਮ-ਝੰਮ ਕਰਨ ਲਗ ਪੈਂਦਾ, ਮੱਝਾਂ ਦੁੱਧੋਂ ਵਧ ਜਾਂਦੀਆਂ, ਬਲਦ ਸੋਟੀ ਨਾਂ ਧਰਨ ਦੇਂਦੇ। ਲਹਿਣਾਂ ਜੀ ਦੀ ਸਿਧੀ ਰਾਲੂ ਏਡੀ ਮਸ਼ਹੂਰ ਹੋ ਗਈ, ਕਿ ਪਿਛਲੇ ਹਾਲੀ ਨੂੰ ਵਿਚਾਲਿਓ ਹਲ ਮੋੜ ਕੇ, ਪਾੜਾ ਕਦੇ ਨਾਂ ਲੈਣਾ ਪੈਂਦਾ। ਵਾਢੀ ਕਰਨ ਲਗਦੇ ਦੋਹਰਾ ਸੱਥਰ ਪਾਈ ਜਾਂਦੇ। ਜਿਵੇਂ ਦੋ ਜਣਿਆਂ ਪਰਾਤ ਲਾਈ ਹੋਵੇ। ਜੇ ਲੰਗਰ ਚ ਲੱਗੇ ਤਾਂ ਘਿਆਲੀ ਖੀਰ ਛਕਣ ਵਾਲਿਆਂ ਤਾਂ ਪ੍ਰਸੰਨ ਹੋਣਾਂ ਈ ਸੀ, ਬਾਬਾ ਨਾਨਕ ਜੀ ਵੀ ਅਸ਼-ਅਸ਼ ਕਰ ਉਠੇ। ਜਿਦ੍ਹੇ ਤੋਂ ਪ੍ਰਭਾਵਤ ਹੋ ਕੇ-ਆਪਣੇ ਸਮੇਂ ਗੁਰੂ ਅੰਗਦ ਜੀ ਨੇ-ਹਮੇਸ਼ਾ ਹੀ ਘਿਆਲੀ ਖੀਰ ਦਾ ਲੰਗਰ ਚਾਲੂ ਰਖਿਆ। ਹੱਥੀ ਕਿਰਤ ਅਤੇ ਜਥੇ ਬੰਦਕ ਗੁਣਾਂ ਸੰਗ ਲਹਿਣਾਂ ਜੀ, ਗੁਰੂ ਬਚਨ ਮੰਨਣ ਚ ਵੀ ਮੀਰੀ ਹੋਣ ਕਰਕੇ, ਅਣਇੱਛਤ ਗੁਰਗੱਦੀ ਪ੍ਰਾਪਤ ਕਰ ਗਏ।



Sri Satguru Jagjit Singh Ji eLibrary NamdhariElibrary@gmail.com

# ਕਿਸਾਨ ਦਾ ਗੁਰੂ ਅਰਜਨ

ਸੱਚ ਆਚਾਰ ਦੇ ਧਾਰਨੀ, ਸੱਚੇ ਸੁੱਚੇ ਕਿਰਤੀ, ਪਰਮ-ਮਨੁੱਖ ਗੁਰੂ ਨਾਨਕ ਦੇਵ ਜੀ ਦੇ ਪਰਮ ਮਿੱਤਰ-ਭਾਈ ਲਾਲੋ ਦੀ ਕਿਰਤਗਾਹ, ਸਮੇਂ ਤੇ ਭਾਰੂ ਵਿਚਾਰਕ ਸ੍ਰੀ ਗੁਰੂ ਨਾਨਕ ਨਾਲ, ਸਮੇਂ ਦੇ ਵਿਜਈ ਬਾਬਰ ਦੀ ਭੇਟ-ਸਥਲੀ, ਸ੍ਰੀ ਨਾਨਕ ਨਿਰੰਕਾਰੀ ਦਾ ਮਹਾਨ ਤਪੋ-ਸਥਾਨ, ਨਾਨਕ ਬਾਂਣੀ ਦਾ 'ਮਾਸਪੁਰੀ, ਉਹਨਾਂ ਵਕਤਾਂ ਦਾ 'ਸੈਦਪੁਰ, ਸਰਕਾਰੀ ਕਾਗਜ਼ਾਂ 'ਚ 'ਏਮਨਾਬਾਦ, ਸ਼ਰਧਾਲੂਆਂ ਦਾ ਗੁਰਦੁਆਰਾ 'ਰੋੜੀ ਸਾਹਿਬ, ਹਰ ਮਹੀਨੇ ਲਗਦੀ ਪੂਰਨਮਾਸ਼ੀ ਦੇ ਮੇਲਿਓਂ ਮੁੜਦੀਆਂ ਥੱਕੀਆਂ ਬੁੜ੍ਹੀਆਂ ਦੀ 'ਨਾਨਕ ਰੋੜੀ, ਤੋਂ ਤਿੰਨ ਕੋਹ ਲਹਿੰਦੇ ਪਹਾੜ ਦੀ ਗੁੱਠੇ ਵੱਸਦੇ ਪਿੰਡ 'ਹਿੰਦੂ ਚੱਕ, 'ਜਿਹੜਾ ਹੁਣ ਤੱਕ ਵੀ ਸੁਪਨਿਆਂ 'ਚ ਉਵੇਂ ਕਿਵੇਂ ਦਾ, ਪਿੱਠਾਂ ਜੋੜ ਜੋੜ ਪਾਏ ਵਿਰਲੇ ਪੱਕੇ, ਬਹੁਤੇ ਕੱਚੇ ਕੋਠੇ, ਇਕ ਪਉੜੀ ਚੜ੍ਹਿਆਂ, ਸਾਰਾ ਪਿੰਡ ਫਿਰਿਆ ਜਾ ਸਕਦਾ, ਪਿੰਡ ਦੀਆਂ ਪੰਜ ਗਲੀਆਂ 'ਚੋਂ ਕੋਈ ਵੀ ਦੁਸਾਰ ਨਾ ਜਾਂਦੀ, ਗਲੀ 'ਚ ਵੜਨ ਵਾਲੇ ਓਭੜ ਰਾਹੀ, ਫਕੀਰ ਮੰਗਤੇ ਨੂੰ ਵਾਪਸ ਈ ਮੁੜਨਾ ਪੈਂਦਾ, ਸੁਰੱਖਿਆ ਪੱਖੋਂ ਪਹਿਲੇ ਜ਼ਮਾਨੇ ਦੀ ਸ਼ਾਨਦਾਰ ਕਿਲ੍ਹੇਬੰਦੀ, ਵਿਚਕਾਰੋਂ ਉੱਚਾ ਪਾਸਿਆਂ ਤੋਂ ਨੀਵਾਂ, ਸੁੱਕੀਆਂ ਗਲੀਆਂ ਵਾਲੇ ਪਿੰਡੋਂ-ਪੈਦਲ ਪੂਰਨਮਾਸ਼ੀ ਦੇ ਮੇਲੇ ਜਾ ਕੇ, 'ਚੰਦੂ ਦੀ ਨੂੰਹ ਦਾ ਵਿਰਲਾਪ' , ਲਿਆ ਕੇ ਪੜ੍ਹਿਆ ।

ਅੱਲੜ੍ਹ ਮਨ ਸ਼ੰਕਾ ਗ੍ਰਸਤ ਹੋ ਗਿਆ ਕਿ ਰਿਸ਼ਤੇ ਦੇ ਮਸਲੇ ਤੋਂ ਚੰਦੂ ਹੱਥੀਂ ਮਾਰੇ ਗੁਰੂ ਜੀ, ਸ਼ਹੀਦ ਕਿਵੇਂ ਗਿਣੇ ਗਏ, ਤੇ ਏਦੂੰ ਵੀ ਬਹੁਤੀ ਹੈਰਾਨੀ ਵਾਲੀ ਗੱਲ ਕਿ ਸਿਰਫ ਰਿਸ਼ਤੇ ਦੇ ਇਨਕਾਰ ਤੋਂ ਏਨੇ ਤਸੀਹੇ ਦੇਣੇ, ਉਹ ਵੀ ਉਸ ਵਕਤ ਦੀ ਮੁਤੱਸਬ ਹਕੂਮਤੀ ਢੰਗ ਦੇ, ਜਦੋਂ ਕਿ ਕਿੱਸੇ ਵਿਚ ਜਹਾਂਗੀਰ ਦਾ ਕੋਈ ਰੋਲ ਈ ਨਹੀਂ ।

ਗੱਲ ਖਾਨੇ ਨਾ ਬੈਠੀ, ਤਾਂ ਬਾਪੂ ਜੀ (ਸ੍ਰੀ ਵਹਿਮੀ ਜੀ) ਅੱਗੇ ਪ੍ਰਸ਼ਨ ਕੀਤਾ, ਉੱਤਰ ਆਇਆ । ਕਿੱਸਾਕਾਰ ਨੂੰ ਕੋਈ ਪਤਾ ਈ ਨਹੀਂ, ਗੁਰੂ ਜੀ ਦੀ ਸ਼ਹੀਦੀ ਜਹਾਂਗੀਰ ਦੇ ਹੁਕਮ ਨਾਲ ਈ ਹੋਈ ਸੀ । ਹਿੰਦੂਆਂ 'ਚ ਫੁੱਟ ਪਾਣ ਵਾਸਤੇ, ਕਾਰਾ, ਚੰਦੂ ਘਰੇ ਸਿਰੇ ਚਾੜ੍ਹਿਆ, ਇਕ ਏਹ ਵੀ ਸ਼ਿਕਾਇਤ ਕਰਤਾ, ਦਾ ਪੱਜ ਬਣਾ ਕੇ ।

ਮੈਨੂੰ ਝੱਟ ਚੇਤੇ ਆਈ । ਥੋੜ੍ਹੇ ਦਿਨ ਪਹਿਲਾਂ ਪੜ੍ਹੀ 'ਅਰਮਾਨ ਦੇਹਲਵੀ ਦੀ ਉਰਦੂ 'ਚ ਲਿਖੀ, 'ਹਿੰਦੂ ਪਤ-ਮਹਾਰਾਣਾ ਪ੍ਰਤਾਪ' ਦੀ ਹਲਦੀ ਘਾਟੀ ਦੀ ਜੰਗ । ਇਕ ਪਾਸੇ ਅਕਬਰ ਦੇ ਪੁੱਤਰ ਸਲੀਮ ਨਾਲ ਅਨੇਕ ਹਿੰਦੂ ਰਾਜੇ, ਸਣੇ ਰਾਜਾ ਮਾਨ ਸਿੰਘ ਵਾਲੀ-ਏ-ਰਿਆਸਤ ਅੰਬਰ, ਜਿਦ੍ਹੀ ਭੂਆ ਅਕਬਰ ਨਾਲ ਵਿਆਹੀ ਹੋਈ ਸੀ ।

ਇਕ ਵਾਰ ਮਾਨ ਸਿੰਘ ਨੇ, ਰਾਣਾ ਪ੍ਰਤਾਪ ਵੱਲ, ਰਾਹੇ ਲੰਘਦਿਆਂ ਬਿਨ ਬੁਲਾਇਆਂ, ਪ੍ਰਾਹੁਣਚਾਰੀ ਦਾਂ ਸ਼ਰਫ ਹਾਸਲ ਕਰਨਾ ਚਾਹਿਆ, ਤਾਂ ਰਾਣੇ ਨੇ ਆਓ-ਭਗਤ



Sri Satguru Jagjit Singh Ji eLibrary NamdhariElibrary@gmail.com

ਕਰਕੇ, ਰਾਜੇ ਨੂੰ ਲੰਗਰ ਛਕਣ ਲਈ ਬਿਠਾਇਆ । ਪਰ ਮੇਜ਼ਬਾਨੀ ਦੇ ਅਸੂਲ ਮੁਜਬ, ਆਪ ਨਾਲ ਬੈਠ ਕੇ ਖਾਣ ਤੋਂ ਟਾਲਾ ਕਰ ਗਿਆ । ਰਾਜੇ ਮਾਨ ਸਿੰਘ ਦੇ ਜ਼ੋਰ ਦੇਣ ਤੇ, ਰਾਣੇ ਨੂੰ ਸਪੱਸ਼ਟ ਕਹਿਣਾ ਪਿਆ, ਮੈਂ ਏਨੇ ਗਿਰੇ ਹੋਏ ਭਰਿਸ਼ਟ ਹਿੰਦੂ ਨਾਲ ਖਾਣਾ ਖਾਣ ਵਾਲਾ ਬੇ ਗ਼ੈਰਤ ਨਹੀਂ ਹਾਂ । ਰਾਜੇ ਮਾਨ ਸਿੰਘ ਦੇ, ਰੋਟੀ ਵਿਚੋਂ ਛੱਡ ਕੇ ਚਲੇ ਜਾਣ ਬਾਦ, ਰਾਣੇ ਨੇ, ਉਹਦੇ ਬਹਿਣ ਵਾਲੀ ਜਗ੍ਹਾ ਨੂੰ ਪੁਟਾ ਕੇ, ਉਥੇ ਹੋਰ ਮਿੱਟੀ ਪਾ ਕੇ, ਉਤੇ ਲੇਪਨ ਦੇ ਕੇ ਹੀ ਵਰਤਣ ਜੋਗ ਜਾਣਿਆ ।

ਹਲਦੀ ਘਾਟੀ ਦੀ ਜੰਗ 'ਚ ਕੁਝ ਮੁਗ਼ਲ ਫੌਜਦਾਰ ਸਲੀਮ ਕੋਲ ਗਏ ਕਿ ਦੋਹੀ ਪਾਸੀਂ ਰਾਜਪੂਤਾਂ ਦੀਆਂ ਵਰਦੀਆਂ ਤੇ ਸ਼ਕਲਾਂ ਇਕੋ ਜਿਹੀਆਂ ਹੋਣ ਕਰਕੇ, ਸਾਨੂੰ ਸੱਜਨ ਦੁਸ਼ਮਣ ਦੀ ਪਛਾਣ ਕਰਨ ਦੀ ਬੜੀ ਮੁਸ਼ਕਲ ਹੋ ਰਹੀ ਏ, ਕੋਈ ਪਛਾਣ ਚਿੰਨ੍ਹ ਜਾਰੀ ਕਰਨ ਦਾ ਹੁਕਮ ਦਿਓ । ਕੋਈ ਹਿੰਦੂ ਰਾਜਾ ਨੇੜੇ ਨਾ ਵੇਖ ਕੇ ਸਲੀਮ ਨੇ ਆਖਿਆ, 'ਤੁਮ ਅੰਧਾ ਧੁੰਦ ਤੀਰ ਤਲਵਾਰ ਚਲਾਏ ਜਾਓ । ਮਰੇਂਗੇ ਤੋਂ ਆਖ਼ਰ ਹਿੰਦੂ ਰਾਜਪੂਤ ਹੀ' । ਇਹ ਸੀ ਜਹਾਂਗੀਰੀ ਸੋਚ, ਜਿਦ੍ਹੇ ਵੱਲ ਇਤਿਹਾਸਕਾਰਾਂ ਦਾ ਧਿਆਨ ਬਹੁਤਾ ਨਹੀਂ ਗਿਆ ।

ਅਤੇ ਆਖ਼ਰ ਚੰਦੂ ਨੂੰ, ਪਿਤਾ ਦੀ ਸ਼ਹੀਦੀ ਤੇ ਗੁੱਸਾ ਖਾਏ ਹੋਏ ਸ੍ਰੀ ਹਰਗੋਬਿੰਦ ਜੀ ਦੇ ਪੇਸ਼ ਪਾ ਕੇ, ਜਹਾਂਗੀਰ ਨੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਸਮਝ ਲਏ । ਪਰ ਛੇਵੇਂ ਪਾਤਸ਼ਾਹ-ਇਕ ਨੂੰ ਹੱਥ ਆਇਆ ਜਾਣ, ਦੂਜੇ ਨਾਲ ਫਿਰ ਨਿਪਟਣ ਦੀ ਰਾਜਨੀਤ ਸੋਚ ਕੇ ਵਕਤੀ ਤੌਰ ਤੇ ਚੁੱਪ ਕਰ ਗਏ ।

ਕਿੱਸੇ ਵਾਲੀ ਗੱਲ ਨੂੰ ਅੱਧੀ ਸਦੀਓਂ ਬਹੁਤਾ ਸਮਾਂ ਬੀਤ ਗਿਐ । ਹੁਣ ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ 'ਵਰਿਆਮ' ਵਿਚ ਇਕ... 'ਲਿਖਤ' ਪੜ੍ਹ ਕੇ ਮਨ ਵਿਚ ਬੜੀ ਹਲਚਲ ਹੋਈ। ਕਿੱਸਾਕਾਰ ਨੂੰ ਤਾਂ ਖੋਜ ਕਰਨ ਦੀ ਕੋਈ ਲੋੜ ਨਹੀਂ ਸੀ। ਕਿਉਂ ਜੋ, ਉਹ ਇਤਿਹਾਸ ਨਹੀਂ, ਚੰਦੂ ਦੀ ਨੂੰਹ ਦਾ ਵਿਰਲਾਪ ਹੀ ਲਿਖ ਰਿਹਾ ਸੀ । ਪਰ ਇਹ ਲੇਖ ਤਾਂ ਜੁਰਮਾਨੇ ਬਾਰੇ ਸਾਧਾਰਨ ਜਿਹਾ ਹੁਕਮ ਦੇਣ ਬਾਦ, ਜਹਾਂਗੀਰ ਨੂੰ ਲਾਹੌਰੋਂ ਬਾਹਰ ਭੇਜ ਕੇ, ਨਿਰਦੋਸ਼ ਸਾਬਤ ਕਰਨ ਵਾਸਤੇ ਹੀ ਲਿਖਿਆ ਜਾਪਦਾ ਏ । ਸੋ ਇਸ ਲੇਖ ਤੋਂ ਮੁਤੱਾਸਰ ਹੋ ਕੇ, ਜਿੰਨੀ ਕੁ ਜਾਣਕਾਰੀ ਮੈਨੂੰ ਸਹਿ ਸੁਭਾ ਹਾਸਲ ਹੋ ਸਕੀ, ਇਹ ਪਾਠਕਾਂ ਦੇ ਪੇਸ਼ ਕਰਨ ਦਾ ਉਪਰਾਲਾ ਹੀ ਅਗਲੀਆਂ ਸਤਰਾਂ ਨੇ -

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ, ਇਕ ਸਿੱਖ ਨੇ ਕੋਈ ਸ਼ਬਦ ਪੜ੍ਹਿਆ । ਗੁਰਬਾਣੀ ਤੋਂ ਬਾਹਰ ਦਾ ਸ਼ਬਦ ਹੋਣ ਕਰਕੇ, ਗੁਰੂ ਜੀ ਨੇ ਟੋਕ ਦਿੱਤਾ । ਤਾਂ ਕਈ ਹੋਰ ਸਿੱਖਾਂ ਨੇ ਢੁਕਵਾਂ ਸਮਾਂ ਜਾਣ ਕੇ ਅਰਜ਼ਾਂ ਕੀਤੀਆਂ ਕਿ ਪ੍ਰਿਥੀਏ ਦਾ ਪੁੱਤਰ ਮਿਹਰਬਾਨ, ਨਾਨਕ-ਨਾਮ ਹੇਠ ਕਵਿਤਾ ਲਿਖ ਕੇ, ਬਹੁਤ ਪ੍ਰਚਾਰ ਪ੍ਰਸਾਰ ਕਰੀ ਜਾਂਦਾ ਏ ।

ਸਿੱਖਾਂ ਦੀ ਵਿਸਥਾਰਤ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ, ਕੋਲ ਬੈਠੇ, ਭਾਈ ਗੁਰਦਾਸ ਜੀ (ਜੋ ਕਿ ਆਗਰੇ ਤੋਂ ਇਕ ਵਾਰ, ਗੁਰੂ ਦਰਸ਼ਨਾਂ ਨੂੰ ਆ ਕੇ, ਲੰਗਰ ਛਕਣ



Sri Satguru Jagjit Singh Ji eLibrary NamdhariElibrary@gmail.com

ਬੈਠੇ, ਤਾਂ ਗੁਰੂ ਪਤਨੀ ਸ੍ਰੀ ਮਾਤਾ ਗੰਗਾ ਜੀ ਨੇ ਦੱਸਿਆ, ਕਿ ਜੇਠ ਜੀ (ਪ੍ਰਿਥੀਆ) ਨੇ ਨਗਰ ਦੇ ਚੁਫੇਰੇ ਆਪਣੇ ਆਦਮੀ ਤੈਨਾਤ ਕੀਤੇ ਹੋਏ ਨੇ, ਜੋ ਸੰਗਤਾਂ ਨੂੰ ਪ੍ਰੇਰਕੇ ਵੀ ਅਤੇ ਜ਼ਬਰਦਸਤੀ ਵੀ ਕਾਰ ਭੇਟ ਸਮੇਤ ਆਪਣੇ ਵੱਲ ਖਿੱਚ ਖੜਦੇ ਨੇ । ਸੁਣਕੇ ਭਾਈ ਜੀ ਨੇ ਬਾਬਾ ਬੁੱਢਾ ਜੀ ਅਤੇ ਹੋਰ ਸਿੱਖਾਂ ਨਾਲ ਸਲਾਹ ਕਰਕੇ, ਗੁਰੂ ਘਰ ਦਾ ਸਾਰਾ ਪ੍ਰਬੰਧ ਕੁਝ ਹੋਰ ਸਿੱਖਾਂ ਸਣੇ ਆਪਣੇ ਹੱਥ ਲੈ ਲਿਆ । "ਗੁਰੂ ਕਾ ਚੱਕ ਰਾਮਦਾਸ ਪੁਰ, ਦੇ ਚੁਫੇਰੇ ਆਪਣੇ ਤਕੜੇ ਤੇ ਸਿਆਣੇ ਆਦਮੀ ਖਲਾਰ ਕੇ, ਆਪ ਨਾਲ ਹੋ ਕੇ, ਆਉਂਦੀਆਂ ਸੰਗਤਾਂ ਨੂੰ ਅਸਲੀਅਤ ਤੋਂ ਜਾਣੂ ਕਰਾ ਕੇ, ਅਸਲੀ ਗੁਰੂ ਘਰ ਵੱਲ ਮੋੜ ਪਾਉਣਾ ਸ਼ੁਰੂ ਕੀਤਾ । ਤਦੋਂ ਤੋਂ ਆਪਣਾ ਨਿਵਾਸ, ਪੱਕੇ, ਤੌਰ ਤੇ ਏਥੇ ਹੀ ਕਰ ਲਿਆ) ਵੱਲ ਵੇਖਿਆ, ਦੀਵਾਨ ਬਾਦ ਡੂੰਘੀ ਵਿਚਾਰ ਕਰਕੇ ਫੈਸਲਾ ਕੀਤਾ, ਕਿ ਇਸ ਪਖੰਡ ਦਾ ਪਰਦਾ ਫਾਸ਼ ਕਰਕੇ, ਸ਼ੁੱਧ ਗੁਰਬਾਣੀ ਦਾ, ਸੰਗ੍ਰਹਿ ਕਰਨਾ ਚਾਹੀਦਾ ਹੈ ।

ਸ੍ਰੀ ਗੁਰੂ ਜੀ ਨੇ ਰਾਤ ਨੂੰ, ਜਦੋਂ ਏਸੇ ਸਬੰਧ ਵਿਚ ਆਪ ਅਤਿ ਮਹੱਤਵਪੂਰਨ ਪੁਸਤਕ ਭੰਡਾਰ ਖੋਲ੍ਹ ਕੇ ਵੇਖਿਆ ਤਾਂ ਉਹਨਾਂ ਦੇ ਕਵੀ ਮਨ 'ਚੋਂ ਸੁੱਤੇ ਸਿੱਧ ਇਕ ਸ਼ਬਦ ਇੰਞ ਪ੍ਰਸਫੁਟ ਹੋਇਆ –

ਹਮ ਧਨਵੰਤ ਭਾਗਠ ਸਚ ਨਾਇ ।। ਹਰਿ ਗੁਣ ਗਾਵਹ ਸਹਜਿ ਸੁਭਾਇ ।।੧।। ਰਹਾਉ ।। ਪੀਊ ਦਾਦੇ ਦਾ ਖੋਲਿ ਡਿਠਾ ਖਜਾਨਾ ।। ਤਾ ਮੇਰੈ ਮਨਿ ਭਇਆ ਨਿਧਾਨਾ ।।੧।। ਰਤਨ ਲਾਲ ਜਾ ਕਾ ਕਛੂ ਨ ਮੋਲੁ ।। ਭਰੇ ਭੰਡਾਰ ਅਖੂਠ ਅਤੋਲ ।।੨।। ....... ।।
(ਗਉੜੀ,੧੯੫)

ਰਾਤ ਵਾਲੀ ਲੱਭਤ ਅਤੇ ਉਸ ਬਾਰੇ ਇਹ ਸ਼ਬਦ, ਸਵੇਰੇ ਸਤਿਗੁਰਾਂ ਭਾਈ ਗੁਰਦਾਸ ਨੂੰ ਸੁਣਾਇਆ ਤਾਂ ਉਹ ਵੀ ਅਤਿ ਪ੍ਰਸੰਨ ਹੋਇਆ ।

ਦੂਜੇ, ਤੀਜੇ ਅਤੇ ਚੌਥੇ ਸਤਿਗੁਰੂ ਜੀ ਨੇ ਕੋਈ ਲੰਬਾ ਸਫਰ ਨਹੀਂ ਕੀਤਾ, ਤਿੰਨੇ ਸਤਿਗੁਰੂ ਹੀ ਆਪਣੀ ਉਚਰੀ ਬਾਣੀ, ਆਪਣੇ ਤੋਂ ਪਹਿਲੇ ਗੁਰੂ ਸਾਹਿਬ ਦੀ ਬਾਣੀ ਸਮੇਤ, ਗੁਰਗੱਦੀ ਦੇਣ ਸਮੇਂ, ਅਗਲੇ ਸਤਿਗੁਰੂ ਨੂੰ ਹੋਰ ਵਸਤਾਂ ਨਾਲ ਭੇਟ ਕਰ ਦਿੰਦੇ ਰਹੇ। ਇਸ ਤਰ੍ਹਾਂ ਸਾਰੇ ਗੁਰੂਆਂ ਦੀ ਬਾਣੀ ਸ਼ੁੱਧ ਰੂਪ 'ਚ ਗੁਰੂ ਅਰਜਨ ਦੇਵ ਜੀ ਤੱਕ ਪੁੱਜਦੀ ਹੋ ਗਈ । ਕੁਝ ਪੋਥੀਆਂ ਬਿਰਧ ਗੁਰੂ ਅਮਰ ਦਾਸ ਜੀ ਦੇ ਵਿਦਵਾਨ ਪੁੱਤਰ ਮੋਹਨ ਜੀ ਕੋਲ ਸਨ । ਉਹ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਜਾ ਕੇ ਲੈ ਆਏ । ਗੁਰੂ ਆਸ਼ੇ ਨਾਲ ਮਿਲਦੀ ਕਈ ਹਿੰਦੂ ਮੁਸਲਮਾਨ ਭਗਤਾਂ ਦੀ ਬਾਣੀ ਵੀ, ਬਿਨਾਂ ਵਿਤਕਰਾ ਇਕੱਠੀ ਕਰ ਲਈ, ਗਿਆਰਾਂ ਭੱਟਾਂ ਦੀ ਸਤਿਗੁਰ ਮਹਿਮਾ ਭਰੀ ਕਵਿਤਾ ਨੂੰ ਵੀ ਪੂਰਾ ਸਨਮਾਨ ਦਿੱਤਾ ।

ਇਸ ਤਰ੍ਹਾਂ ਬਹੁਤ ਸਾਰੀ ਸਮੱਗਰੀ ਇਕੱਤਰ ਹੋ ਗਈ । ਜਿਸ ਨੂੰ ਤਰਤੀਬ ਦਿੰਦਿਆਂ ਬੜਾ ਸਮਾਂ ਲੱਗ ਗਿਆ । ਇਸਾਈਆਂ ਦੀ 'ਅੰਜੀਲ' ਅਤੇ ਮੁਸਲਮਾਨਾਂ ਦੇ



Sri Satguru Jagjit Singh Ji eLibrary NamdhariElibrary@gmail.com

'ਕੁਰਾਨ' ਵਾਂਗ ਨਾਨਕ ਪੰਥੀਆਂ ਦੀ ਧਰਮ ਪੁਸਤਕ, ਤਿਆਰ ਹੋਣ ਦਾ ਚਰਚਾ, ਦੂਰ ਦੂਰ ਤੱਕ ਹੋ ਗਿਆ ।

ਹਿੰਦੂਆਂ ਦੇ ਜਨਮਜਾਤ ਵਿਰੋਧੀ, ਅਤੇ ਮੌਲਵੀਆਂ ਦੇ ਪ੍ਰਮੁੱਖ ਆਗੂ ਬਣਨ ਦੇ ਚਾਹਵਾਨ, ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਸਰਹਿੰਦੀ ਨੇ, ਬੜੇ ਤਰੀਕੇ ਨਾਲ ਬਾਬਰ ਦੇ ਪੋਤੇ ਅਕਬਰ ਦੇ ਕੰਨਾਂ 'ਚ ਇਹ ਗੱਲ ਪਾਈ, ਕਿ ਹਿੰਦੂਆਂ ਦੇ ਆਪੇ ਬਣੇ ਪੀਰ ਅਰਜਨ ਦੇਵ, ਕੁਰਾਨ ਸ਼ਰੀਫ ਦੇ ਮੁਕਾਬਲੇ ਇਕ 'ਧਰਮ ਪੋਥੀ' ਤਿਆਰ ਕਰਦੇ ਪਏ ਨੇ, ਜਿਦੇ ਵਿਚ ਇਸਲਾਮ, ਕੁਰਾਨ-ਅਤੇ ਹਜ਼ਰਤ ਮੁਹੰਮਦ ਸਾਹਿਬ ਬਾਰੇ ਬੜਾ ਊਲ ਜਲੂਲ ਲਿਖਿਆ ਜਾ ਰਿਹਾ ਏ ।

1598 ਦੇ ਅਖੀਰ 'ਚ ਅਕਬਰ ਨੇ ਗੋਇੰਦਵਾਲ ਆ ਕੇ ਨਵੀਂ ਧਰਮ ਪੁਸਤਕ ਬਾਰੇ ਗੁਰੂ ਜੀ ਨਾਲ ਚਰਚਾ ਛੇੜੀ, ਤਾਂ ਸਤਿਗੁਰਾਂ ਨੇ ਕਈ ਸ਼ਬਦ ਵਿਆਖਿਆ ਸਹਿਤ ਸਮਝਾਏ, ਜਿਨ੍ਹਾਂ ਨੂੰ ਸੁਣਕੇ ਹਿੰਦੂ ਮੋਮਨਾਂ ਦੇ ਸਾਂਝੇ ਧਰਮ 'ਦੀਨਿਇਲਾਹੀ' , ਦਾ ਮੁਦੱਈ ਅਕਬਰ, ਬੜਾ ਪ੍ਰਸੰਨ ਹੋਇਆ, ਸਗੋਂ ਨਿਜੀ ਤੌਰ ਤੇ ਗੁਰੂ ਜੀ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਇਹਨਾਂ ਦੇ ਕਹਿਣ ਤੇ, ਇਲਾਕੇ ਦੇ ਔੜ ਮਾਰੇ ਕਿਸਾਨਾਂ ਦਾ ਮਾਲੀਆਂ ਮਾਫ ਕਰ ਗਿਆ, ਅਤੇ ਆਪ ਜਿੰਨਾ ਚਿਰ ਜੀਊਂਦਾ ਰਿਹਾ, ਉਹਨੇ ਉਚੇਚਾ ਧਿਆਨ ਰੱਖਿਆ ਕਿ ਗੁਰੂ ਜੀ ਨੂੰ ਕੋਈ ਦਿੱਕਤ ਪੇਸ਼ ਨਾ ਆਵੇ ।

ਅਕਬਰ ਕੋਲੋਂ ਮੂੰਹ ਦੀ ਖਾ ਕੇ ਸਰਹਿੰਦੀ ਸ਼ੇਖ ਨੇ, ਇਸ ਹਾਰ ਤੋਂ ਤਿਲਮਲਾ ਕੇ ਆਪਣੇ ਦੋਸਤ ਸ਼ਹਿਜਾਦਾ ਸਲੀਮ ਕੋਲ, ਮਜ਼ਬ ਦੇ ਨਾਂ ਤੇ ਆਪਣਾ ਦੁੱਖ ਪਿੱਟਿਆ । ਜਿਸਨੇ ਵਕਤ ਆਉਣ ਤੱਕ ਇੰਤਜ਼ਾਰ ਵਾਸਤੇ ਕਹਿਕੇ, ਇਹ ਕੰਮ ਜ਼ਰੂਰ ਕਰਨ ਦਾ ਭਰੋਸਾ ਦਿੱਤਾ ।

1605 ਵਿਚ ਅਕਬਰ ਦੀ ਮੌਤ ਬਾਅਦ ਸਲੀਮ ਜਬਰੀ ਤਖਤ ਨਸ਼ੀਨ ਹੋ ਕੇ ਜਹਾਂਗੀਰ ਬਣ ਗਿਆ । 1606 ਦੀਆਂ ਗਰਮੀਆਂ ਵਿਚ ਅਕਬਰ ਦੇ ਪਿਆਰੇ ਪੋਤਰੇ, ਤੇ ਆਪਣੇ ਬਾਗੀ ਪੁੱਤਰ 'ਖੁਸਰੋ, ਮਗਰ ਚੜ੍ਹਿਆ ਬਾਦਸ਼ਾਹ, ਆਗਰੇ ਤੋਂ ਲਾਹੌਰ ਆਇਆ, ਤਾਂ ਸ਼ੇਖ ਅਹਿਮਦ ਵੀ ਨਾਲ ਈ ਸੀ, ਏਥੇ ਆ ਕੇ ਉਸਨੇ ਗੁਰੂ ਜੀ ਵਾਲੀ ਗੱਲ, ਬੜੇ ਜ਼ੋਰ ਨਾਲ ਜਹਾਂਗੀਰ ਦੇ ਧਿਆਨ ਵਿਚ ਲਿਆਂਦੀ, ਚੰਦੂ ਅਤੇ ਪ੍ਰਿਥੀਏ ਨੇ ਵੀ ਵਿਤ ਅਨੁਸਾਰ ਬਲਦੀ ਤੇ ਤੇਲ ਪਾਇਆ ।

ਜਹਾਂਗੀਰ ਆਪਣੀ ਕਲਮ ਨਾਲ ਲਿਖਦਾ ਹੈ ਕਿ ਉਸਦੇ (ਸ੍ਰੀ ਗੁਰੂ ਅਰਜਨ ਦੇਵ ਜੀ ਦੇ) ਤੌਰ ਤਰੀਕੇ ਅਤੇ ਸਿਖਿਆਵਾਂ ਤੋਂ ਪ੍ਰਭਾਵਤ ਹੋ ਕੇ, ਬਹੁਤ ਸਾਰੇ ਸਿਧੜ ਹਿੰਦੂ ਅਤੇ ਕਈ ਮੂਰਖ ਮੁਸਲਮਾਨ ਵੀ ਉਸ ਦੇ ਜਾਲ ਵਿਚ ਫਸ ਚੁੱਕੇ ਨੇ । ਉਸਨੇ ਪੀਰ ਤੇ ਵਲੀ ਹੋਣ ਦਾ ਬੜਾ ਉਚਾ ਝੰਡਾ ਝੁਲਾਇਆ ਹੋਇਆ ਹੈ । ਤਿੰਨ ਚਾਰ ਪੁਸ਼ਤਾਂ ਤੋਂ ਉਹਨਾਂ, ਇਸ ਦੁਕਾਨ ਨੂੰ ਜਾਰੀ ਕਰਕੇ, ਬੜੀ ਸਰਗਰਮੀ ਨਾਲ ਚਾਲੂ ਰੱਖਿਆ ਹੋਇਆ



Sri Satguru Jagjit Singh Ji eLibrary NamdhariElibrary@gmail.com

ਹੈ । ਕਿਤਨੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ, ਜਾਂ ਉਸ (ਗੁਰੂ ਜੀ) ਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ ।

ਏਥੇ ਇਕ ਲਾਈਨ ਖੁਸਰੋ ਦੀ ਬਗਾਵਤ ਵਾਲੀ ਵੀ ਚਲਦੀ ਏ, ਪਰ ਉਹ ਸਿਰਫ ਏਨੀ ਕੁ ਹੀ ਕਿ 'ਥਾਨੇਸਰ' ਦੇ ਸ਼ੇਖ ਨਿਜ਼ਾਮ ਨੇ ਖੁਸਰੋ ਦੇ ਹੱਕ 'ਚ ਦੁਆ ਕੀਤੀ ਸੀ, ਉਸ ਨੂੰ ਸਰਕਾਰੀ ਖਰਚੇ ਤੇ ਮੱਕੇ ਭੇਜ ਦਿੱਤਾ ਗਿਆ । ਪਰ ਏਨੀ ਕੁ ਗੱਲ ਤੋਂ ਹੀ ਹਿੰਦੂ ਪੀਰ ਨੂੰ ਤਸੀਹੇ ਦੇ ਕੇ ਮਾਰਨ, ਅਤੇ ਜਾਇਦਾਦ ਜ਼ਬਤੀ ਦਾ ਹੁਕਮ ਦਿੱਤਾ ਗਿਆ ।

ਪਰ ਇਹ ਗੱਲ ਏਸ ਵਾਸਤੇ ਨਹੀਂ ਜਚਦੀ, ਕਿ ਬਾਦਸ਼ਾਹ ਸਾਰੇ ਪੰਜਾਬ ਵਿਚੋਂ ਲੰਘ ਕੇ ਲਾਹੌਰ ਆਇਆ । ਗੁਰੂ ਜੀ ਖਿਲਾਫ ਕੋਈ ਸ਼ਿਕਾਇਤ ਨਹੀਂ, ਖੁਸਰੋ ਨੂੰ ਚਨਾਬ ਲੰਘਦਿਆਂ ਗ੍ਰਿਫਤਾਰ ਕਰਕੇ ਲਾਹੌਰ ਲਿਆ ਕੇ ਬੁਰੀ ਤਰ੍ਹਾਂ ਮਾਰ ਦਿੱਤਾ ਗਿਆ । ਅਜੇ ਤੱਕ ਵੀ ਕੋਈ ਸ਼ਿਕਾਇਤ ਨਹੀਂ । ਏਨਾ ਸਮਾਂ ਲਾਹੌਰ ਹੋਣ ਦੇ ਬਾਵਜੂਦ ਵੀ, ਗੁਰੂ ਜੀ ਵੱਲ ਅਹਿਦੀਏ, ਆਪ ਲਾਹੌਰੋਂ ਜਾਣ ਤੋਂ ਕੁਝ ਚਿਰ ਪਹਿਲਾਂ ਹੀ ਭੇਜੇ ।

ਅਸਲ ਵਿਚ ਇਹ ਖੁਸਰੋ ਵਾਲੀ ਗੱਲ, ਕਿਸੇ ਬਾਦ ਵਿਚ ਨਾਲ ਜੋੜ ਦਿੱਤੀ ਏ । ਜਿਹੜਾ ਆਪਣੇ ਪੁੱਤਰ ਦਾ ਲਿਹਾਜ ਨਹੀਂ ਕਰਦਾ, ਉਹਦੇ ਸਹਾਇਕ ਨੂੰ ਇੰਨੀ ਢਿੱਲ ਕਿਵੇਂ ਦੇ ਸਕਦਾ ਸੀ ? ਸੋ ਅਸਲੀ ਗੱਲ ਤਾਂ 'ਦੀਨ ਮਜ਼੍ਹਬ' ਜਾਂ 'ਨਾਨਕ ਪੰਥ' ਦੇ ਜ਼ੋਰ ਫੜ ਜਾਣ ਦਾ ਡਰ ਹੀ ਸੀ, ਜੋ ਕਿ ਅੱਗੇ ਜਾ ਕੇ ਸੱਚ ਸਾਬਤ ਹੋਇਆ ।

ਏਸ ਸਮੇਂ ਤੋਂ ਕਰੀਬ ਦੋ ਸਾਲ ਪਹਿਲਾਂ ਹੀ, ਪੋਥੀ ਜਾਂ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਹੋ ਕੇ, ਇਸ ਦਾ ਪਹਿਲਾ ਪ੍ਰਕਾਸ਼ ਕਰਕੇ, ਬਾਬਾ ਬੁੱਢਾ ਜੀ ਨੂੰ ਗ੍ਰੰਥੀ-ਸੇਵਾਦਾਰ ਥਾਪਿਆ ਜਾ ਚੁੱਕਾ ਸੀ ।

ਲਾਹੌਰੋਂ ਬਾਦਸ਼ਾਹ ਦੇ ਭੇਜੇ ਹੋਏ ਅਹਿਦੀਏ ਜਦੋਂ ਅੰਮ੍ਰਿਤਸਰ ਆਏ ਤਾਂ ਉਹਨਾਂ ਨਾਲ ਜਾਣ ਤੋਂ ਪਹਿਲਾਂ ਗੁਰੂ ਜੀ ਨੇ, ਭਾਈ ਗੁਰਦਾਸ, ਬਾਬਾ ਬੁੱਢਾ ਜੀ ਆਦਿਕ ਹੋਰ ਪ੍ਰਮੁੱਖ ਸਿੱਖਾਂ ਨਾਲ ਸਲਾਹ ਕਰਕੇ, ਤਕੜੇ ਹੋਣਹਾਰ ਹਰਿਗੋਬਿੰਦ ਜੀ ਨੂੰ ਗੁਰਗੱਦੀ ਤੇ ਬਠਾਲ, ਆਪਣੀ ਨਿਸ਼ਚਿਤ ਸ਼ਹੀਦੀ ਤੋਂ ਬਾਅਦ ਵਾਲੇ ਹਾਲਾਤ ਲਈ ਸਾਰਿਆਂ ਨੂੰ ਤਿਆਰ ਕਰ, ਪੰਜ ਸਿਆਣੇ ਸਿੱਖਾਂ ਬਿਧੀਆ, ਜੇਠਾ, ਪੈੜਾ, ਪਿਰਾਣਾ, ਲੰਗਾਹਾ ਨੂੰ ਨਾਲ ਲੈ ਕੇ, ਔਖੇ ਤੋਂ ਔਖੇ ਅੰਤਮ ਸਮੇਂ ਲਈ ਤਿਆਰ ਹੋ ਕੇ ਲਾਹੌਰ ਪਹੁੰਚ ਗਏ । ਅੱਗੋਂ ਗਿਣੀ ਮਿਥੀ ਚਾਲ ਮੁਤਾਬਕ ਡੇਰਾ ਭਾਵੇਂ ਇਕ ਸ਼ਿਕਾਇਤ ਕਰਦਾ ਹੋਣ, ਕਰਕੇ ਚੰਦੂ ਸ਼ਾਹੀ ਦੇ ਘਰ ਹੀ ਲਵਾਇਆ ਗਿਆ, ਪਰ ਕੱਟੜ ਮੁਲਾਣਿਆਂ ਦਾ ਇਕ ਗਰੁੱਪ, ਸਤਿਗੁਰਾਂ ਨਾਲ ਗੱਲਬਾਤ ਕਰਨ, ਜੇ ਲੋੜ ਪਵੇ ਤਾਂ ਸਜ਼ਾਵਾਂ ਨਿਯਤ ਕਰਕੇ ਲਾਗੂ ਵੀ ਕਰਨ ਵਾਸਤੇ ਪਹਿਲਾਂ ਹੀ ਆਇਆ ਬੈਠਾ ਸੀ ।

ਮੌਲਵੀਆਂ ਨੇ, ਗੁਰੂ ਜੀ ਨਾਲ ਧਰਮ ਪੁਸਤਕ ਬਾਰੇ ਕੋਈ ਜ਼ਿਕਰ ਨਹੀਂ ਕੀਤਾ,



Sri Satguru Jagjit Singh Ji eLibrary NamdhariElibrary@gmail.com

ਸ਼ਾਹੀ ਹੁਕਮ ਮੁਤਾਬਕ, ਮੁਸਲਮਾਨ ਹੋਣ ਜਾਂ ਤਸੀਹਿਆਂ ਭਰੀ ਮੌਤ 'ਚੋਂ ਇਕ ਦੀ ਚੋਣ ਕਰਨ ਵਾਸਤੇ ਬੜੇ ਸਖ਼ਤ ਲਫ਼ਜ਼ਾਂ ਵਿਚ ਫੈਸਲਾ ਸੁਣਾ ਦਿੱਤਾ। ਇਹਨਾਂ ਦੀ ਗੁਰੂ ਜੀ ਨਾਲ ਬੇਅਦਬੀ ਭਰੀ, ਅਤਿ ਭੈੜੀ ਸ਼ਬਦਾਵਲੀ ਵਰਤਣ ਦਾ, ਖਰਾਂਟ ਸਿੱਖਾਂ ਭਾਈ ਬਿਧੀ ਚੰਦ, ਆਦਿਕਾਂ ਨੇ ਗੁਰੂ ਜੀ ਦੇ ਰੋਕਦਿਆਂ ਵੀ, ਕਰੜਾ ਵਿਰੋਧ ਕੀਤਾ, ਤਾਂ ਇਹਨਾਂ ਪੰਜਾਂ ਈ ਸਿੱਖਾਂ ਨੂੰ ਇਸੇ ਵਾਸਤੇ ਕੋਲ ਤਿਆਰ ਖੜ੍ਹੇ ਕਾਫ਼ੀ ਜੱਲਾਦਾਂ ਤੋਂ , ਹੱਡ ਗੋਡੇ ਤੁੜਵਾ, ਅਧਮੋਏ ਕਰ, ਵੱਖਰੇ ਕਮਰਿਆਂ 'ਚ ਬੰਦ ਕਰ ਦਿੱਤਾ ਗਿਆ। ਫਿਰ ਗੁਰੂ ਜੀ ਦੇ ਤੁਰਕਪੁਣੇ ਤੋਂ ਇਨਕਾਰ ਕਰਨ ਤੇ, ਇਹਨਾਂ ਦਾ ਉਦੋਂ ਵੀ ਬਹੁਤ ਮਾੜਾ ਹਾਲ ਕਰਕੇ, ਵੱਖਰੀ ਕੋਠੜੀ 'ਚ ਸੁੱਟ ਦਿੱਤਾ ਗਿਆ।

ਦੂਜਰੇ ਦਿਨ ਚੰਡਾਲ ਚੌਂਕੜੀ ਦੇ ਆਉਂਦਿਆਂ ਨੂੰ, ਸਤਿਗੁਰੂ ਜੀ ਅਰਧ ਬਿਹੋਸ਼ੀ ਦੀ ਹਾਲਤ ਵਿਚ ਧੀਮੀ ਸੁਰ, ਜਪੁ ਸਾਹਿਬ ਦਾ ਪਾਠ ਉਚਾਰਨ ਕਰ ਰਹੇ ਸਨ, ਸੁਣਦਿਆਂ ਹੀ ਦੁਸ਼ਟ ਅੱਗ ਬਗੋਲੇ ਹੋ ਗਏ, ਅਤੇ ਫਿਰ ਤੁਰਕ ਹੋਣ ਬਾਰੇ ਆਪਣਾ ਸੁਆਲ ਦੁਹਰਾਇਆ ਅਤਿ ਸਿਰੜੀ ਗੁਰੂ ਜੀ ਨੇ ਆਪਣਾ ਮਨ ਉਦੂੰ ਵੀ ਔਖੀਆਂ ਹਾਲਤਾਂ ਵਾਸਤੇ ਤਿਆਰ ਕਰ ਲਿਆ ਸੀ, ਇਸ ਕਰਕੇ ਚੁੱਪ ਦਾ ਪ੍ਰਣ ਧਾਰਨ ਕਰ ਲਿਆ।

ਹੁਣ ਜ਼ੁਲਮ ਤੇ ਸਬਰ ਦਾ, ਗਹਿਗੱਚ ਘਮਸਾਨ ਸ਼ੁਰੂ ਹੋ ਗਿਆ। ਪਾਪੀਆਂ ਨੇ ਚੁੱਪ ਤੋਂ ਗੁੱਸਾ ਖਾ ਕੇ, ਪਾਣੀ ਦੀ ਦੇਗ ਗਰਮ ਕਰਵਾਈ। ਜਦੋਂ ਪਾਣੀ ਉਬਲਣ ਲੱਗ ਪਿਆ ਤਾਂ ਜਲਾਦਾਂ ਨੂੰ ਕਹਿ ਕੇ, ਸ਼ਾਂਤੀ ਪੁੰਜ ਨੂੰ ਚੁੱਕ ਕੇ ਵਿਚ ਸੁਟਵਾ ਦਿੱਤਾ। ਕੋਈ ਹੁੰਗਾਰਾ ਸੁਣਨ ਵਾਸਤੇ, ਗਲ ਤੋਂ ਉਪਰਲਾ ਭਾਗ, ਪਵਿੱਤਰ ਕੇਸਾਂ ਤੋਂ ਫੜ ਕੇ ਨੰਗਾ ਰੱਖਿਆ, ਜਦੋਂ ਗੁਰੂ ਜੀ ਦਾ ਸਰੀਰ ਪੂਰਨ ਤੌਰ ਤੇ ਬੇਹੋਸ਼ ਹੋ ਗਿਆ, ਤਾਂ ਦੇਗ ਚੋਂ ਕੱਢ ਕੇ ਬਾਹਰ ਸੁੱਟ ਦਿੱਤੇ ਗਏ।

ਕਾਫ਼ੀ ਦੇਰ ਬਾਅਦ ਅਤਿ ਕੋਮਲ ਮਨ, ਅਤਿ ਸਖ਼ਤ ਜਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ 'ਚੋਂ 'ਤੇਰਾ ਕੀਆ ਮੀਠਾ ਲਾਗੈ' , ਦੀ ਧੀਮੀ ਧੁਨ ਆਪ ਮੁਹਾਰੇ ਪ੍ਰਸਫੁਟ ਹੋਣੀ ਸ਼ੁਰੂ ਹੋ ਗਈ। ਸੰਗ ਦਿਲ ਮੋਮਨਾਂ ਨੇ ਹੋਸ਼ ਵਿਚ ਆਉਂਦੇ ਜਾਣ ਕੇ, ਇਕ ਲੋਹ ਗਰਮ ਕਰਵਾਈ। ਜਦੋਂ ਸੁਰਖ ਹੋ ਗਈ ਤਾਂ ਜੱਲਾਦਾਂ ਨੇ ਚੁੱਕ ਕੇ, ਸਤਿਗੁਰੂ ਜੀ ਦਾ ਉੱਪਰ ਆਸਣ ਲਵਾ ਦਿੱਤਾ। ਪਹਿਲਾਂ ਸੜਦੇ ਪਾਣੀ ਨਾਲ ਛਾਲੋ ਛਾਲੇ ਹੋਇਆ-ਉਬਲਿਆ ਹੋਇਆ ਸਰੀਰ, ਤੱਤੀ ਤਵੀ ਤੇ ਚੁਰੜ ਚੁਰੜ ਕਰਨ ਲੱਗ ਪਿਆ। ਕਸਾਈਆਂ ਦਾ ਦਿਲ ਭਰਿਆ ਨਹੀਂ। ਲਾਗਲੀ ਕੜਾਹੀ 'ਚੋਂ ਭੁੱਜਦੀ-ਰੇਤ ਇਕ ਭੜਭੂੰਜੇ ਤੋਂ ਕੜਛੇ ਭਰ ਭਰ, ਸੁੰਦਰ ਸੀਸ ਤੇ, ਪਵਾਣੀ ਸ਼ੁਰੂ ਕਰ ਦਿੱਤੀ। ਅਤਿਅੰਤ ਸਿਰੜੀ ਸਤਿਗੁਰੂ ਜੀ ਦਾ ਬਾਹਰੀ ਸਰੀਰ, ਜਦੋਂ ਫਿਰ ਪੂਰਨ ਤੌਰ ਤੇ ਬੇਹੋਸ਼ ਹੋ ਕੇ, ਇਕ ਪਾਸੇ ਨੂੰ ਉਲਟ ਗਿਆ ਤਾਂ ਕੁਲੈਹਣਿਆਂ ਨੇ ਉਠਾ ਕੇ ਇਕ ਗੰਦੀ ਕੋਠੜੀ 'ਚ ਸੁਟਵਾ ਦਿੱਤਾ। ਅਤੇ ਜੇ ਕਲ੍ਹ ਤੱਕ ਵੀ ਜੀਂਦੇ ਰਹਿਣ ਤਾਂ ਯਾਸਾ ਦਾ ਇਸਤੇਮਾਲ ਕਰਕੇ, ਸ੍ਰੀਰਾਂਤ ਕਰਨ ਦੀ ਸਲਾਹ ਕਰਕੇ,



Sri Satguru Jagjit Singh Ji eLibrary NamdhariElibrary@gmail.com

ਚਲਦੇ ਹੋਏ ।

ਤੱਤੀ ਤਵੀ ਤੇ ਬੈਠਣ ਸਮੇਂ ਸਾਈਂ ਮੀਆਂ ਮੀਰ ਜੀ ਆਏ, ਆਖੇ ਜਾਂਦੇ ਨੇਂ, ਪਰ ਮੈਨੂੰ ਕਿਤੋਂ ਕੋਈ ਸਬੂਤ ਨਹੀਂ ਮਿਲਿਆ । ਨਾਲੇ ਚੰਦੂ ਦੇ ਘਰ ਦੁਆਲੇ ਤਾਂ ਏਨਾ ਸਖ਼ਤ ਪਹਿਰਾ ਲੱਗਾ ਹੋਇਆ ਸੀ । ਅੰਦਰੋਂ ਬਾਹਰ ਕਣਸੋ ਤੱਕ ਨਹੀਂ ਨਿਕਲਣ ਦਿੱਤੀ ਗਈ । ਚੰਦੂ ਤੋਂ ਬਿਨਾਂ ਬਾਕੀ ਪਰਿਵਾਰ ਦਾ ਔਣ ਜਾਣ ਰੋਕਿਆ ਹੋਇਆ ਸੀ, ਜੇ ਸਾਈਂ ਜੀ ਏਨਾਂ ਜ਼ਾਲਮਾਨਾਂ ਦ੍ਰਿਸ਼ ਵੇਖ ਲੈਂਦੇ, ਉਹਨਾਂ ਦੀ ਬਾਦਸ਼ਾਹ ਤਕ ਪਹੁੰਚ ਸੀ । ਉਹ ਜ਼ਰੂਰ ਹੀ ਉਹਦੇ ਨਾਲ ਗੱਲ ਕਰਦੇ । ਜਾਂ ਗੁੱਸੇ ਵਿੱਚ ਆ ਕੇ, ਲਾਹੌਰ ਦਿੱਲੀ ਦੀਆਂ ਟੱਕਰਾਂ ਲੁਆ ਦੇਂਦੇ, ਜੇ ਲੁਆ ਸਕਦੇ ਹੋਂਦੇ-ਪੁੱਛਣ ਦੀ ਲੋੜ ਈ ਨਹੀਂ ਸੀ ।

ਤੀਸਰੇ ਦਿਨ ਸਵੇਰੇ, ਚੰਡਾਲ ਚੰਦੂ ਨੂੰ ਗੁਰੂ ਜੀ ਵਾਲੀ ਉਸ ਗੰਦੀ ਕੋਠੜੀ ਚੋਂ, ਨਿੰਮੀ ਨਿੰਮੀ ਧੁਨ ਸੁਣਾਈ ਦਿੱਤੀ, ਅਜੇ ਵੀ ਜਿਓਂਦੇ ਜਾਣ ਕੇ ਬੜਾ ਔਖਾ ਹੋਇਆ, ਨੇੜੇ ਹੋ ਕੇ ਕਹਿਣ ਲੱਗਾ, ਜੇ ਤੂੰ ਅਜੇ ਵੀ ਨਾ ਮੰਨਿਓਂ ! ਤਾਂ ਅੱਜ ਤੇਰੇ ਸਾਹਵੇਂ-ਜੀਂਦੀ ਗਾਂ ਦਾ ਚਮੜਾ ਉਤਾਰ ਕੇ, ਉਹਦੇ ਵਿੱਚ ਤੈਨੂੰ ਬੰਦ ਕਰਕੇ ਸਿਓਂ ਦਿੱਤਾ ਜਾਇਗਾ ।

ਹੈਰਾਨੀਜਨਕ ਸੁਚੇਤ ਸਤਿਗੁਰੂ ਜੀ ਨੇ, ਸਿੱਖਾਂ ਨੂੰ ਬੁਲਾਣ ਦਾ ਇਸ਼ਾਰਾ ਕੀਤਾ, ਪਰ ਚੰਦੂ ਕੋਲ ਤਾਂ ਕੋਈ ਅਖਤਿਆਰ ਈ ਨਹੀਂ ਸੀ । ਕਾਜ਼ੀਆਂ ਦੇ ਆਇਆਂ ਉਹਨੇ ਦੱਸਿਆ ਕਿ ਐਹ ਇਸ਼ਾਰਾ ਕਰਦੇ ਨੇ । ਉਹਨਾਂ ਸੋਚਿਆ, ਮੋਮਨ ਹੋਣ ਵਾਸਤੇ ਸਾਥੀਆਂ ਨਾਲ ਸਲਾਹ ਕਰਨੀ ਹੋਏਗੀ । ਤਿੰਨ ਦਿਨ ਤੋਂ ਭੁੱਖੇ ਪਿਆਸੇ ਸਿੱਖਾਂ ਨੂੰ ਬਾਹਰ ਕੱਢ ਕੇ ਕੋਲ ਆਂਦਾ, ਜਾਨ ਤੋਂ ਪਿਆਰੇ ਸਤਿਗੁਰੂ ਦਾ ਦ੍ਰਿਸ਼ ਦੇਖ ਕੇ ਇਕ ਵਾਰ ਤਾਂ ਸਾਰੇ ਪਛਾੜ ਖਾ ਕੇ ਡਿੱਗ ਪਏ, ਇਸ਼ਾਰੇ ਨਾਲ ਧੀਰਜ ਦੇ ਕੇ, ਸਤਿਗੁਰੂ ਜੀ ਨੇ ਰਾਵੀ ਇਸ਼ਨਾਨ ਦੀ ਇੱਛਾ ਪ੍ਰਗਟਾਈ । ਮੂਰਖ ਮੌਲਵੀਆਂ ਤੋਂ ਪੁੱਛ ਕੇ, ਝਲੂੰਗੀ 'ਚ ਪਾ ਕੇ ਗੁਰੂ ਜੀ ਨੂੰ ਕਰੜੇ ਪਹਿਰੇ ਹੇਠ ਰਾਵੀ ਨੂੰ ਲੈ ਤੁਰੇ । ਕੰਢੇ ਤੇ ਅਡੋਲ ਟਿਕਾ ਕੇ, ਸਿੱਖਾਂ ਦੇ ਅਰਜ਼ ਕਰਨ ਤੇ, ਅੰਤਮ ਆਗਿਆ ਹੋਈ – 'ਅਰਦਾਸ ਕਰਕੇ ਟੁੱਭਾ ਲਵਾ ਦਿਓ । ਸਰੀਰ ਤਿਆਗਣਾ ਹੈ, ਬਾਦ ਜਲ ਪਰਵਾਹ ਕਰ ਦੇਣਾ ।'

ਪੰਜਾਂ ਸਿਦਕੀ ਸਿੱਖਾਂ ਨੇ, ਭਰੇ ਮਨ, ਵਗਦੀ ਨੇਤਰੀਂ, ਅੰਤਮ ਅਰਦਾਸ ਕੀਤੀ। ਝਲੂੰਗੀ 'ਚ ਹੀ ਟੁਭਾ ਲਾ ਕੇ ਲਿਆਏ, ਤਾਂ ਸ੍ਰੀ ਹਰਿਮੰਦਰ, ਤਰਨਤਾਰਨ, ਕਰਤਾਰਪੁਰ, ਸ੍ਰੀ ਹਰਿ ਗੋਬਿੰਦਪੁਰ ਆਦਿ ਸਥਾਨਾਂ ਦੇ ਸਿਰਜਣਹਾਰ, ਸੰਸਾਰ ਦੀ ਨਿਰਾਲੀ ਧਰਮ ਪੋਥੀ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਫਲ ਸੰਪਾਦਕ, ਅਨੋਖੇ ਸ਼ਾਂਤਮਈ ਤਰੀਕੇ ਨਾਲ ਸ਼ਹੀਦ ਹੋ ਕੇ-ਸ਼ਹੀਦੀ ਪ੍ਰੰਪਰਾ ਦਾ ਮੁੱਢ ਬੰਨ੍ਹਣ ਵਾਲੇ, ਸਿੱਖਾਂ ਨੂੰ ਸ਼ਹੀਦ ਹੋਣ ਦੀ ਜਾਚ ਦੱਸ ਕੇ, ਜ਼ੁਲਮ ਨੂੰ ਛਿੱਬੀਆਂ ਦੇਂਦੇ ਹੋਏ, ਪੱਥਰ ਦਿਲ-ਮਹਾਂ ਮੂਰਖ ਮੁਲਾਣਿਆਂ ਦੀ ਅੱਖੀਂ ਘੱਟਾ ਪਾ ਕੇ, ਗੁਰੂ ਅਰਜਨ ਪਰਤਖ ਹਰਿ, ਆਪਣੀ ਜੋਤ ਵਿੱਚ ਜੋਤ ਸਮਾ ਗਏ ।

ਕਾਜ਼ੀਆਂ ਦੇ ਪੁੱਛਣ ਤੇ ਸਿੱਖਾਂ ਨੇ ਅਕਾਸ਼ ਵੱਲ ਹੱਥ ਕਰਕੇ, ਝਲੂੰਗੀ ਜਲ



Sri Satguru Jagjit Singh Ji eLibrary NamdhariElibrary@gmail.com

ਪ੍ਰਵਾਹ ਕਰ ਦਿੱਤੀ, ਡੈਂਬਰੇ ਹੋਏ ਚੰਦੂ ਤੇ ਕਾਜ਼ੀ, ਜਦੋਂ ਰਾਵੀ ਤੋਂ ਵਾਪਸ ਜਾ ਰਹੇ ਸਨ, ਤਾਂ ਸਹਿਵਨ ਹੀ ਚੰਦੂ, ਆਪਣੀ ਗੁਰੂ ਜੀ ਨਾਲ ਹੋਈ ਗੱਲ ਬਾਤ ਬਿਆਨ ਕਰ ਬੈਠਾ। ਹੱਥ ਆਇਆ ਸ਼ਿਕਾਰ ਗਵਾਣ ਤੇ, ਮੁਲਾਣਿਆਂ ਵਲੋਂ ਚੰਦੂ ਨੂੰ, ਸਖਤ ਲਾਨ੍ਹਤ ਮਲਾਮਤ ਦਾ ਸ਼ਿਕਾਰ ਹੋਣਾ ਪਿਆ। ਏਧਰ ਪੰਜਾਂ ਸਿੱਖਾਂ, ਅੰਮ੍ਰਿਤਸਰ ਪੁੱਜ ਕੇ ਹੱਡੀਂ ਵਰਤੀ ਅੱਖੀਂ ਡਿੱਠੀ ਵਾਰਤਾ ਹਟਕੋਰਿਆਂ ਵਿੱਚ ਹੂ-ਬ-ਹੂ ਬਿਆਨ ਕੀਤੀ, ਤਾਂ ਬਾਲ ਗੁਰੂ ਹਰਿ ਗੋਬਿੰਦ ਸਣੇਂ, ਸਾਰੀ ਸੰਗਤ, ਸ਼ੋਕ ਸਾਗਰ ਵਿੱਚ ਗੋਤੇ ਖਾਣ ਬਾਦ, ਸੂਰਮਤਾਈ ਦੇ ਮੈਦਾਨ ਵਿੱਚ, ਖ਼ਮ ਠੋਕ ਕੇ ਖੜ੍ਹੀ ਹੋ ਗਈ।

---------



Sri Satguru Jagjit Singh Ji eLibrary NamdhariElibrary@gmail.com

# ਸਾਡੇ ਦਾਦੀ ਜੀ

ਅੱਠਾਂ ਪੀੜੀਆਂ ਤੋਂ ਇਕਲਾਪਾ ਹੰਢਾ ਰਹੇ ਪ੍ਰਵਾਰ ਦੇ, ਵਡ ਪ੍ਰਵਾਰੇ ਸਾਡੇ ਦਾਦੀ ਜੀ; ਪੰਜ ਪੋਤੀਆਂ-ਚਾਰ ਪੋਤਿਆਂ-ਅਨੇਕਾਂ ਪੜੋਤੇ ਪੜੋਤੀਆਂ ਦੇ ਵਡੇਰੇ ਦਾਦੀ ਜੀ; ਵੱਡੇ ਪ੍ਰਵਾਰ ਦੋ ਦਰਜਨਾਂ, ਛੋਟੇ ਸ੍ਰੀਰ-ਪੌਣੇ ਪੰਜ ਫੁੱਟ ਵਾਲੇ ਸਾਡੇ ਦਾਦੀ ਜੀ; 18 ਸਾਲ ਕੁਆਰ, 26 ਸਾਲ ਸੁਹਾਗ, 58 ਸਾਲ ਬਿਹਾਗ ਹੰਢਾਣ ਵਾਲੇ ਸਾਡੇ ਦਾਦੀ ਜੀ; ਛੋਟੀ ਉਮਰ 18 ਵਰ੍ਹੇ, ਵਡੀ ਮਾਲਕੀ 175 ਕਿੱਲੇ ਦੇ ਅੱਖੜ-ਮਾਲਕ ਪਿਓ ਮਹਿੱਟਰ ਪੁੱਤਰ ਨੂੰ, ਸੁੱਖੜ ਬਨਾਣ ਵਾਲੇ ਸੁਘੜ ਮਾਤਾ-ਸਾਡੇ ਦਾਦੀ ਜੀ ।......

ਤਿੰਨ ਭੈਣਾਂ ਦੇ ਇਕ ਭਰਾ ਨੂੰ-ਤਿੰਨ ਵਾਰ ਪ੍ਰਨਾਣ ਵਾਲੇ ਸਾਡੇ ਦਾਦੀ ਜੀ; ਹੁਨਾਲ ਸਿਆਲ- ਬੁੱਕਲ ਵਿਚ ਬਿਠਾਲ-ਸਾਖੀਆਂ ਸੁਨਾਣ ਵਾਲੇ ਸਾਡੇ ਦਾਦੀ ਜੀ ; ਕਦੀ ਹੱਡ-ਬੀਤੀਆਂ-ਕਦੀ ਜੱਗ-ਬੀਤੀਆਂ ਦੇ ਬਖਾਣ ਕਰਨ ਵਾਲੇ ਸਾਡੇ ਦਾਦੀ ਜੀ, ਅੱਜ ਹੱਡ ਬੀਤੀ ਦੀ ਵਾਰੀ ਸੀ-ਤਾਂ ਗੱਲ ਏਥੋਂ ਸ਼ੁਰੂ ਕੀਤੀ ਸਾਡੇ ਦਾਦੀ ਜੀ ।

ਇਕ ਵਾਰ ਤੁਹਾਡੇ ਪੜਦਾਦਾ ਜੀ (ਵਹਿਮੀ, ਜੀ ਦੇ ਦਾਦਾ-ਸੰਤ ਦਿਆਲ ਸਿੰਘ ਜੀ) ਨੇ ਕਈ ਪਿੰਡਾਂ ਗੁਰੂ ਚੱਕ, ਉਗ੍ਰ ਚੱਕ ਦੇਸਰਾਜ ਦਾ ਚੱਕ, ਹਿੰਦੂ ਚੱਕ ਦੇ ਨਾਮਧਾਰੀਆਂ ਨੂੰ ਮਿਲ ਕੇ ਆਖਿਆ-ਗੁਰੂ ਹਰੀ ਸਿੰਘ ਜੀ ਘਰ ਏਡੇ ਪ੍ਰਤਾਪ ਵਾਲਾ ਸਾਹਿਬਜ਼ਾਦਾ ਜਨਮਿਆ ਏਂ-ਜਿਦ੍ਹੇ ਕਰ ਕੇ ਗੁਰ ਦਰਸ਼ਨਾਂ ਦੀ ਬੜੀ ਖੁਲ੍ਹ ਹੋ ਗਈ ਏ । ਚਲੋ ! ਦਰਸ਼ਨ ਕਰ ਆਵੀਏ ! ਸਲਾਹੀਂ ਕਰਦਿਆਂ ਦੋ ਮਹੀਨੇ ਬੀਤ ਗਏ । ਵੀਹ ਬਾਈ ਸਿੱਖ-ਦਸ ਬਾਰਾਂ ਇਸਤਰੀਆਂ ਤਿਆਰ ਹੋ ਗਏ । ਦਿਨ ਮਿਥ ਕੇ ਸਾਰੇ ਹਿੰਦੂ ਚੱਕ ਆ ਗਏ । ਏਥੇ ਬੈਠ ਕੇ ਸੋਚਿਆ, ਤਿੰਨ ਟੋਲੀਆਂ ਬਣ ਕੇ ਚੱਲੀਏ । ਸਾਰਿਆਂ ਨੂੰ ਪੁਲਿਸ ਪ੍ਰੇਸ਼ਾਨ ਕਰੇਗੀ । ਇਕ ਟੋਲੀ ਕੁਝਰਾਂਵਾਲਿਓ ਰੇਲ ਤੇ ਚੜ੍ਹੇ, ਇਕ 'ਸ਼ੇਤ੍ਰੀ ਸਾਂਸੀ' ਅਤੇ ਤੀਜੀ 'ਕਾਮੋਕਿਆਂ', ਦੇ ਸਟੇਸ਼ਨ ਤੋਂ ਜਾ ਚੜ੍ਹੇ । ਗੱਡੀ ਇਕ ਵਿਚ ਹੀ ਸਾਰਿਆਂ ਚੜ੍ਹਨਾ ਹੈ ਪਰ ਵੱਖੋ ਵੱਖਰੇ ਡੱਬਿਆਂ ਵਿਚ ਬੈਠਣਾ ਹੈ । ਲਾਹੌਰ ਗੱਡੀ ਬਦਲਣੀ ਪੈਂਦੀ, ਓਥੇ ਸਾਰੇ ਕੱਠੇ ਹੋ ਕੇ ਅੱਗੋਂ ਫਿਰ ਅੱਡੋ ਅੱਡ ਬਹਿਣਾ । ਲਾਹੌਰੋਂ ਟਿਕਟਾਂ ਲੁਧਿਆਣੇ ਦੀਆਂ ਲੈਣੀਆਂ, ਅਗੋਂ ਫਿਰ ਵੇਖਾਂਗੇ-ਤਾਂਗੇ ਮਿਲਦੇ ਨੇ ਕਿ ਗੱਡੀ ਤੇ ਜਾਣਾ ਏਂ । ਨੌਜਵਾਨ ਪੱਗਾਂ ਟੇਢੀਆਂ ਕਰ ਲੈਣ, ਕਈ ਜਣੇ ਚਾਦਰੇ ਵੀ ਬੰਨ੍ਹ ਲੈਣ । ਬੀਬੀਆਂ ਰੰਗਲੇ ਸੂਟ ਪਾ ਕੇ ਚੱਲਣ ਚਿੱਟੇ ਉਥੇ ਜਾ ਕੇ ਪਾ ਲੈਣੇ ।

ਸਾਹਨੇਵਾਲ ਤਕ ਸਭ ਠੀਕ ਚਲਿਆ । ਸਟੇਸ਼ਨ ਤੇ ਪੁਲਿਸ ਫਿਰਦੀ ਵੇਖਕੇ ਸਾਰੇ ਇੱਕੜ ਦੁੱਕੜ ਹੋ ਕੇ ਨਿਕਲੇ । ਕੁਹਾੜੀਏ ਆ ਕੇ ਸਾਰੇ ਇਕੱਠੇ ਹੋ ਗਏ । ਮੇਰੇ ਤੋਂ ... ਵੱਡੀ ਭੈਣ ਜੀਤੋ ਨੇ ਆਖਿਆ, ਬੇਬੇ ਜੀ ! ਕੁਹਾੜੀਏ, ਨਹੀਂ ਪਿੰਡ ਦਾ ਨਾਂ



Sri Satguru Jagjit Singh Ji eLibrary NamdhariElibrary@gmail.com

'ਕੁਹਾੜਾ' ਹੈ । ਦਾਦੀ ਜੀ ਆਖਿਆ-ਚਲ ਚੰਗਾ 'ਕੁਹਾੜਾਈ' ਹੋਇਗਾ ਅੱਧੀ ਸਦੀ ਹੋਂਦੀ ਪਈ ਏ ਇਸ ਗੱਲ ਨੂੰ ਚੇਤਾ ਕਿਹੜਾ ਰਹਿੰਦਾ ਏ । ਉਥੋਂ ਹੀਰ ਕੇ (ਹੀਰਾਂ) ਗਏ । ਪਿੰਡ ਜਿਹਾ ਲੰਘ ਕੇ, ਇਕ ਖੂਹ ਤੇ ਬੈਠ ਕੇ-ਨਾਲ ਆਂਦਾ ਹੋਇਆਂ ਖਾਣ ਪੀਣ ਕੀਤਾ ।

ਸੋਚਿਆ ਰਾਤ ਚਾਨਣੀ ਏ, ਮੌਸਮ ਚੰਗਾ ਏ, ਕਿਸੇ ਪੱਧਰੇ ਜਹੇ ਟਿੱਬੇ ਤੇ ਰਾਤ ਕੱਟ ਲਈਏ । ਸਾਫ ਥਾਂ ਵੇਖ ਕੇ ਚਾਦਰਾਂ ਵਿਛਾ ਈ ਰਹੇ ਸਾਂ, ਇਕ ਉਚਾ ਲੰਮਾ ਨਾਮਧਾਰੀ ਸਿੰਘ ਕਿਤੋਂ ਆ ਗਿਆ । ਕਹਿੰਦਾ ਸੰਤ ਦਿਆਲ ਸਿੰਘ ਜੀ ! ਮੈਨੂੰ ਗੁਰੂ ਹਰੀ ਸਿੰਘ ਜੀ ਭੇਜਿਆ ਏ, ਏਥੇ ਬਿਸਰਾਮ ਨਾ ਕਰੋ । ਏਧਰ ਪੁਲਿਸ ਵਾਲੇ ਗੇੜਾ ਮਾਰਦੇ ਨੇ-ਪ੍ਰੇਸ਼ਾਨ ਕਰਨਗੇ । ਵਲਾ ਪਾ ਕੇ ਕੂੰਮ ਕਾਂਮ (ਕੂੰਮ ਕਲਾਂ) ਵਾਲੇ ਪਾਸੇ ਚਲੇ ਜਾਓ । ਸੂਰਜ ਚੜ੍ਹੇ ਤੋਂ ਪਹਿਲਾਂ ਆ ਕੇ ਨਿਮਸਕਾਰ ਕਰ ਲੈਣੀ । ਸਫਰ ਦੇ ਭੰਨੇ ਹੋਏ ਸਾਂ । ਜੀ ਕਰ੍ਹੇ ਹੁਣੇ ਸੌਂ ਜਾਈਏ, ਪਰ ਮਜਬੂਰਨ ਅਗਲੇ ਪਿੰਡ ਵੱਲ ਜਾਣਾ ਪਿਆ । ਨਾਲੇ ਆਪਸ ਵਿਚ ਗੱਲਾਂ ਕਰਨ ਲਗ ਪਏ, ਗੁਰੂ ਜੀ ਨੂੰ ਸਾਡੇ ਆਉਣ ਬਾਰੇ ਕਿਵੇਂ ਪਤਾ ਲੱਗਾ ਹੋਵੇ । ਰਾਈਆਂ ਪਿੰਡ ਦੇ ਕੋਲੋਂ ਦੀ ਲੰਘ ਕੇ ਕੂੰਮ ਕਾਮ ਦੇ ਟਿੱਬਿਆਂ ਤੇਂ ਜਾ ਸੁੱਤੇ ।

ਇੰਜ ਲੱਗਿਆ ਜਿਵੇਂ ਹੁਣੇਂ ਈ ਸੁੱਤੇ ਸਾਂ, ਵਾਜਾਂ ਪੈਣ ਲੱਗ ਪਈਆਂ । ਜਾਗੋ ਬਈ ਅੰਮ੍ਰਿਤ ਵੇਲਾ ਹੋ ਗਿਐ । ਖੂਹ ਗੇੜ ਕੇ ਵਾਰੀ ਨਾਲ ਇਸ਼ਨਾਨ ਕਰ ਲਓ ! ਚਾਰ ਪੰਜ ਤਗੜੇ ਜਣੇ ਖੂਹ ਗੇੜਨ ਲੱਗ ਪਏ । ਸਾਰਿਆਂ ਇਸ਼ਨਾਨ ਕਰ ਲਿਆ, ਤੱਦ ਨੂੰ ਲੋ ਲੱਗਣੀ ਸ਼ੁਰੂ ਹੋ ਗਈ । ਜਾਂ ਵੇਖਿਆ ਤਾਂ ਭੈਣੀ ਸਾਹਿਬ ਦੇ ਅਸਲੋਂ ਨੇੜੇ ਪੁੱਜੇ ਪਏ ਆਂ । ਅਰਦਾਸ ਕੀਤੀ, ਹੇ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ, ਗੁਰੂਘਰ ਦੇ ਤੇ ਸਾਹਿਬਜ਼ਾਦਾ ਜੀ ਦੇ ਸੁੰਦਰ ਤੇ ਸੁਖੱਲੇ ਦਰਸ਼ਨ ਹੋਣ । ਅਰਜ਼ ਮਨਜ਼ੂਰ ਹੋ ਗਈ ।

ਜਦੋਂ ਦਰਸ਼ਨੀ ਡਿਓੜੀ ਨੇੜੇ ਗਏ ਤਾਂ ਓਹ ਰਾਤ ਵਾਲਾ ਸਿੰਘ ਫਿਰਦਾ ਨਜ਼ਰ ਆਇਆ । ਪੁਲਸੀਏ ਥੋੜਾ ਪਰ੍ਹਾਂ ਜਹੇ ਘੂਕ ਸੁੱਤੇ ਪਏ ਦਿੱਸੇ । ਡਿਓੜੀ ਦੀ ਸਰਦਲ ਤੇ ਮੱਥਾ ਟੇਕਿਆ ਤਾਂ ਓਹ ਸੰਤ ਜੀ ਕਹਿਣ ਲੱਗਾ ਦਬਾ-ਦਬ ਅੰਦਰ ਚਲੇ ਜਾਓ ! ਗੁਰੂ ਹਰੀ ਸਿੰਘ ਜੀ ਤੁਹਾਨੂੰ ਈ ਉਡੀਕਦੇ ਪਏ ਨੇ । ਸਾਰਿਆਂ ਬੜੇ ਚਾਅ ਨਾਲ ਅੰਦਰ ਜਾ ਕੇ ਵੇਖਿਆ, ਗੁਰੂ ਜੀ ਚੌਕੜਾ ਮਾਰ ਕੇ ਬੈਠੇ ਮਾਲਾ ਫੇਰਦੇ ਪਏ ਨੇ । ਸਾਨੂੰ ਵੇਖ ਬੜੇ ਖੁਸ਼ ਹੋ ਕੇ ਬੋਲਾ ਕੀਤਾ-ਧੰਨ ਸਤਿਗੁਰੂ ਰਾਮ ਸਿੰਘ ਜੀ, ਧੰਨ ਸਾਧ ਸੰਗਤ-ਜਿਸ ਅੰਮ੍ਰਿਤ ਵੇਲੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਹੈ । ਦਿਆਲ ਸਿੰਘ ਜੀ ਦੱਸਿਓ ! ਰਸਤੇ ਵਿਚ ਕੋਈ ਮੁਸ਼ਕਿਲ ਤੇ ਨਹੀਂ ਪੇਸ਼ ਆਈ । ਆਗੂਆਂ ਅਰਜ਼ ਕੀਤੀ-ਗਰੀਬ ਨਿਵਾਜ਼ ਜੀ ! ਆਪ ਜੀ ਦੀ ਕਿਰਪਾ ਨਾਲ ਬੜੇ ਸੌਖੇ ਪਹੁੰਚ ਗਏ ਆਂ । ਹੁਕਮ ਹੋਇਆ, ਥੋੜਾ ਚਿਰ ਆਸਾ ਦੀ ਵਾਰ ਦਾ ਕੀਰਤਨ ਸੁਣ ਲਓ ! ਫਿਰ ਜਲ ਪਾਣੀ ਤਿਆਰ ਹੋ ਜਾਇਗਾ ਤਾਂ ਛਕ ਲਿਓ !

ਇਕ ਰਬਾਬੀ ਬੜੀ ਮਸਤੀ ਨਾਲ ਕੀਰਤਨ ਕਰੀ ਜਾ ਰਿਹਾ ਸੀ । ਨਾਲ ਇਕ ਮਾੜੂਆ ਜਿਹਾ ਜੋੜੀ ਵਜਾਂਦਾ ਪਿਆ ਸੀ । ਸਾਡੇ ਦਿਲਾਂ 'ਚ ਲੂਹਰੀਆਂ ਉਠੱਣ, ਕਦੋਂ


Sri Satguru Jagjit Singh Ji eLibrary NamdhariElibrary@gmail.com

ਕੀਰਤਨ ਸਮਾਪਤ ਹੋਵੇ-ਕਦੋਂ ਸਾਹਿਬਜ਼ਾਦੇ ਦੇ ਦਰਸ਼ਨ ਕਰੀਏ । ਤਾਂਹੀਏਂ ਮਾਤਾ ਜੀਵਨ ਕੌਰ ਜੀ-ਦੋ ਢਾਈ ਸਾਲ ਦੇ ਬੱਚੇ ਨੂੰ ਉਂਗਲੀ ਲਾਈ, ਗੁਰੂ ਹਰੀ ਸਿੰਘ ਜੀ ਨੂੰ ਪਰਨਾਮ ਕੀਤੀ । ਨਾਲ ਬੱਚੇ ਨੇ ਵੀ ਓਸੇ ਤਰ੍ਹਾਂ ਥੋੜ੍ਹਾ ਝੁਕ ਕੇ ਨਿਮਸ਼ਕਾਰ ਕੀਤੀ । ਅਜੇ ਥੋੜ੍ਹਾ ਧੁੰਦਲਕਾ ਵੀ ਸੀ-ਪਰ ਉਸ ਬੱਚੇ ਦੇ ਔਣ ਨਾਲ ਇੰਜ ਲੱਗਿਆ ਜਿਵੇਂ ਦਿਨ ਚੜ੍ਹ ਪਿਆ ਹੋਵੇ । ਅਸਾਂ ਮਾਤਾ ਜੀ ਨੂੰ ਮੱਥਾ ਟੇਕਿਆ । ਜਾਂ ਬੱਚੇ ਨੂੰ ਮੱਥਾ ਟੇਕਣ ਲੱਗੀਏ, ਤਾਂ ਉਹ ਤੇ ਜਿਵੇਂ ਟਪੂਸੀਆਂ ਮਾਰਦਾ ਫਿਰੇ । ਕਦੇ ਗੁਰੂ ਜੀ ਦੇ ਚੌਂਕੜੇ 'ਚ ਜਾ ਬਵ੍ਹੇ, ਕਦੇ ਰਾਗੀਆਂ ਨੂੰ ਮੱਥਾ ਟੇਕੀ ਜਾਏ । ਫਿਰ ਮਾਤਾ ਜੀ ਕੋਲ ਆ-ਗਲ ਬਾਂਹੀਂ ਪਾ ਲਵੇ । ਹਰ ਇਕ ਦਾ ਜੀ ਕਰੇ ਮੈਂਈ ਸਾਹਿਬਜ਼ਾਦੇ ਨੂੰ ਚੁੱਕਾਂ । ਪਰ ਓਹਤੇ ਜਿਵੇਂ ਕੋਈ ਛਲੇਡਾ ਹੋਵੇ । ਕਦੀ ਐਹਦੇ ਕੋਲ ਕਦੀ ਓਹਦੇ ਕੋਲ । ਕਦੀ ਮੇਰੀ ਬੁੱਕਲੇ ਕਦੀ ਦੂਸਰੀ ਦੀ ਕੰਡ ਨੂੰ ਜਾ ਵਲੇ-ਸਾਰੀਆਂ ਕੋਲ ਵਾਰੋ-ਵਾਰੀ ਆਇਆ । ਜਿਦ੍ਹੇ ਕੋਲ ਆਵੇ, ਓਹਦਾ ਛੱਡਣ ਨੂੰ ਜੀ ਨਾ ਕਰੇ । ਅਸੀਂ ਤੇ ਸਾਰੀਆਂ ਜਿਵੇਂ ਝੱਲੀਆਂ ਹੋ ਹੋ ਗਈਆਂ । ਸਾਰੀਆਂ ਰੱਜ-ਰੱਜ ਲਾਡ ਕੀਤੇ । ਤਾਂਹੀਓਂ ਮਾਤਾ ਫਤੇਹ ਕੌਰ ਜੀ ਆਏ, ਉਹਨਾਂ ਆਖਿਆ, ਆਓ ਲਾਲ ਜੀ ਮੇਰੇ ਕੋਲ ਬੈਠ ਜਾਓ ! ਤਾਂ ਬੜੇ ਆਰਾਮ ਨਾਲ ਛੋਟੇ ਮਾਤਾ ਜੀ ਦੀ ਗੋਦ ਬਹਿ ਗਏ ।

ਵਡੇ ਭੈਣ ਜੀ ਨੇ ਪੁਛਿਆ, ਓਦੋਂ ਸਤਿਗੁਰ ਕਿਹੋ ਜਹੇ ਲੱਗਦੇ ਸਨ ? ਦਾਦੀ ਜੀ ਨੇ ਮੈਨੂੰ ਬੁੱਕਲ ਵਿਚ ਘੁੱਟ ਕੇ ਆਖਿਆ-ਕਿਹੋ ਜਹੇ ਦੱਸਾਂ ! ਕੋਈ ਓਹੋ ਜਿਹਾ ਹੋਰ ਬੱਚਾ ਵੇਖਿਆ ਹੋਵੇ ਤੇ ਆਖਾਂ, ਔਹਦੇ ਵਰਗੇ ਸਨ । ਹਾਂ ਤੁਹਾਡੇ ਪਿਤਾ ਜੀ ਨਿੱਕੇ ਹੋਂਦਿਆਂ ਕੁੱਝ-ਕੁੱਝ ਓਹੋ ਜਹੇ ਜਾਪਦੇ ਸਨ । ਪਰ ਨਹੀ, ਏਹ ਵੀ ਮੇਰੀਆਂ ਆਂਦਰਾਂ ਨੇਂ ਤਾਂਹੀ ਆਂਹਨੀ ਆਂ । ਉਂਜ ਓਹੋ ਜਿਹਾ ਸੰਸਾਰ ਤੇ ਕੋਈ ਹੋਰ ਆਇਆ ਈ ਨਹੀਂ । ਕਣਕਵੰਨਾਂ ਲਾਲੀ ਮਿਲਿਆ ਸੰਧੂਰੀ ਰੰਗ । ਗੋਲ ਗੋਭਲਾ ਚੇਹਰਾ, ਮੋਟੀਆਂ ਲੰਮੀਆਂ ਅਖੀਆਂ-ਉਚਾ ਮੱਥਾ-ਨੱਕ ਤੇ ਮੈਨੂੰ ਦਸਣਾ ਵੀ ਨਹੀਂ ਔਂਦਾ ਕਿਦੇ ਵਰਗਾ ਆਖਾਂ । ਦਿਲ ਵਿਚ ਇਕ ਉਮੰਗ ਨੇਂ ਅੰਗੜਾਈ ਲਈ-ਹੇ ਪਰਮੇਸ਼ਰ ਜੀ ! ਮੈਨੂੰ ਇਹੋ ਜਿਹਾ ਪੁੱਤਰ ਬਖਸ਼ੇਂ ਤਾਂ ਜੀਵਨ ਸਾਰਥਕ ਹੋ ਜਾਵੇ । (ਤਾਹੀਓਂ ਮੇਰੇ ਬੱਚੇ ਦਾ ਸਤਿਗੁਰਾਂ ਨਾਲ ਏਨਾਂ ਪਿਆਰ ਏ) । ਕੀਰਤਨ ਦਾ ਭੋਗ ਪਿਆ, ਮਾਤਾ ਜੀਵਨ ਕੌਰ ਜੀ ਪਤਾ ਨਹੀਂ ਕੇਹੜੇ ਵੇਲੇ ਜਾ ਕੇ ਸਾਡੇ ਲਈ ਦਹੀਂ-ਲੱਸੀ ਸਰਦਾਈ ਲੈ ਆਏ । ਪਰ ਸਾਨੂੰ ਤੇ ਚਾ ਨਾਲ ਕੁਝ ਸੁੱਝੇ ਈ ਨਾਂ .... ਸਾਰੀਆਂ ਸਾਹਿਬਜ਼ਾਦੇ ਨਾਲ ਖੇਡੀ ਜਾਈਏ ।

ਜਲ ਪਾਣੀ ਛਕਣ ਬਾਦ-ਅਸੀਂ ਮਾਤਾ ਜੀ ਸਣੇਂ ਲੰਗਰ ਤਿਆਰ ਕੀਤਾ । ਸਾਰਿਆਂ ਛਕਿਆ । ਸਿੱਖ ਤਾਂ ਗੁਰੂ ਹਰੀ ਸਿੰਘ ਜੀ ਕੋਲ ਬੈਠੇ ਰਹੇ-ਅਸੀਂ ਮਾਤਾ ਜੀ ਕੋਲ ਬੜਾ ਆਨੰਦ ਮਾਣਿਆ । ਪਿਛਲੇ ਪਹਿਰ ਇਕ ਪੁਲਿਸੀਆ ਆਇਆ, ਕਹਿੰਦਾ ਏਤਨੇ ਕ੍ਹਿਓਂ ਬਿਠਾ ਰਖੇ ਹੈਂ ਅੰਦਰ ? ਗੁਰੂ ਜੀ ਕਿਹਾ ਦੇਖ ਲੈ ! ਚਾਰ ਪੰਜ ਈ ਹੈਨ । ਬਾਕੀਆਂ ਨੂੰ ਗੁਰੂ ਜੀ ਪਹਿਲਾਂ ਈ ਪਿਛਲੇ ਅੰਦਰ ਭੇਜ ਦਿੱਤਾ ਸੀ । ਮਾਤਾ ਜੀਵਨ ਕੌਰ ਜੀ ਨੇ ਇਕ



Sri Satguru Jagjit Singh Ji eLibrary NamdhariElibrary@gmail.com

ਗੜਵਾਂ ਘਿਓ ਦਾ ਇਕ ਥਾਲੀ ਸੱਕਰ ਦੇ ਕੇ ਆਖਿਆ ਜਾਓ ਜਾ ਕੇ ਖਾਓ ਪੀਓ ! ਲੈ ਕੇ ਚੁਪੀਤਾ ਈ ਚਲਾ ਗਿਆ ।

ਰਾਤ ਦਾ ਲੰਗਰ ਛੱਕਣ ਬਾਦ ਜੋਟੀਆਂ ਦੇ ਸਬਦ ਪੜ੍ਹੇ ਪਰ ਹੌਲੀ-ਹੌਲੀ । ਵਡੇ ਮਾਤਾ ਜੀ ਨੇ ਰਾਤ ਈ ਗਿਰੀਆਂ ਸੌਗੀ ਪਾ ਕੇ ਰਾਹ ਵਾਸਤੇ ਪੰਜੀਰੀ ਬਣਾ ਦਿੱਤੀ । ਅਗਲੇ ਦਿਨ ਸਾਝਰੇ ਈ ਲੰਗਰ ਛਕ, ਵਾਰ ਦੇ ਕੀਰਤਨ ਵਿਚ ਹੀ ਗੁਰੂ ਜੀ ਤੋਂ ਆਗਿਆ ਮੰਗੀ । ਤਾਂ ਬੜੇ ਖ਼ੁਸ਼ ਹੋ ਕੇ ਇਸ਼ਾਰਾ ਕੀਤੋ ਨੇਂ-ਓਹਨਾਂ ਦੇ ਸੁੱਤੇ ਪਿਆਂ ਈ, ਜਿਸ ਰਸਤਿਓਂ ਆਏ ਸਾਓ ਓਧਰੇ ਈ ਚਲੇ ਜਾਓ !

ਰਸਤੇ ਵਿਚ ਸਾਹਿਬਜ਼ਾਦੇ ਅਤੇ ਗੁਰੂਘਰ ਦੇ ਬਚਨ ਕਰਦਿਆਂ ਪਤਾ ਈ ਨਾ ਲੱਗਾ, ਕਦੋਂ ਸਾਹਨੇਵਾਲ ਆ ਗਏ ਆਂ ।

ਕਈ ਚਿਰ ਪਿੱਛੋਂ ਸੁਣਿਆਂ, ਸਾਹਿਬਜ਼ਾਦੇ ਨੂੰ ਵੱਡੀ ਮਾਤਾ ਨਿਕਲ ਆਈ ਏ; ਬੜਾ ਭਰਮ ਲੱਗਾ । ਹਾਇ ਐਡਾ ਸੋਹਣਾ ਸੀ-ਕਿਸੇ ਦੀ ਨਜ਼ਰ ਲੱਗੀ ਹੋਇਗੀ ! ਸਾਰਿਆਂ ਸੁੱਖਣਾਂ ਸੁੱਖੀਆਂ, ਮਾਲਾ ਫੇਰੀਆਂ-ਰੱਬਾ ਓਹਨੂੰ ਕੁੱਝ ਨਾ ਹੋਵੇ.... ਉਹ ਦੇ ਥਾਂ ਸਾਨੂੰ ਕੁਝ ਹੋ ਜਾਇ ।

****



Sri Satguru Jagjit Singh Ji eLibrary NamdhariElibrary@gmail.com

# ਸਾਡੇ ਬਾਪੂ ਜੀ

ਜਦੋਂ ਕਿਸੇ ਆਮ ਆਦਮੀ ਦਾ ਸ਼ਬਦ-ਚਿਤ੍ਰ ਤਿਆਰ ਕਰਨਾ ਹੋਵੇ, ਤਾਂ ਮੋਟੇ ਤੌਰ ਤੇ ਉਹਦਾ ਨੈਣ ਨਕਸ਼ਾ ਦੱਸ ਕੇ, ਅਗੋਂ ਸੁਭਾਅ ਤੇ ਕੁਝ ਗੁਣ-ਔਗਣ ਗਿਣਿਆਂ ਕੰਮ ਸਰ ਹੀ ਜਾਂਦੈ । ਪਰ ਜਦੋਂ ਕਿਸੇ ਭਖ਼ਵੀਂ ਜ਼ਿੰਦਗੀ ਜਿਊ ਚੁੱਕੇ ਓੜਕਾਂ ਦੀ ਲਗਨ ਵਾਲੇ ਕਲਾਕਾਰ ਦਾ ਸ਼ਬਦ ਚਿਤਰ ਸਿਰਜਣਾਂ ਹੋਵੇ, ਤਾਂ ਸਿਰਜਿਕ ਜਿਨਾਂ ਚਿਰ ਉਹਦੇ ਰੂਪ ਨੂੰ ਮਨ ਵਿਚ ਮਾਨਣ ਵਰਗਾ ਸਾਕਾਰ ਕਰਕੇ ਤੇ ਉਹਦੀਂ ਜ਼ਿੰਦਗੀ ਵਿਚ ਆਏ ਦੁਖ-ਸੁਖ ਦੇ ਪਲਾਂ ਨੂੰ ਆਪ ਜਿਉਣ ਵਰਗਾ ਅਹਿਸਾਸ ਪੈਦਾ ਨਹੀਂ ਕਰ ਲੈਂਦਾ, ਓਨਾ ਚਿਰ ਓਹਦੇ ਨਾਲ ਪੂਰਾ ਇਨਸਾਫ ਨਹੀਂ ਕਰ ਸਕਦਾ ।

ਜਿਸ ਵਕਤ ਜਗਦੀਸ਼ ਵਰਿਆਮ ਨੇ (ਸ੍ਰੀ ਜਗਦੀਸ਼ ਸਿੰਘ ਜੀ, ਸੰਪਾਦਕ ਵਰਿਆਮ ਨੂੰ 'ਵਰਿਆਮ, ਵਰਗਾ ਮਾਸਕ ਪੱਤਰ ਲਗਾਤਾਰ ਜਾਰੀ ਰੱਖਣ ਕਰਕੇ, ਮੈਂ ਆਮ ਤੌਰ ਤੇ ਇਸੇ ਨਾਂ ਨਾਲ ਬੁਲਾਂਦਾ ਹਾਂ) ਮੇਰੇ ਪਿਤਾ ਸ੍ਰੀ ਵਹਿਮੀ ਜੀ ਦਾ ਸ਼ਬਦ ਚਿੱਤਰ, ਲਿਖਣ ਵਾਸਤੇ ਨਾਦਰਸ਼ਾਹੀ ਹੁਕਮ ਫੁਰਮਾਇਆ ਤਾਂ ਉਸ ਵੇਲੇ ਭਾਵੇਂ ਮੈਂ ਉਹਨਾਂ ਦੀ ਬਣ ਫੱਬ ਤੇ ਕਹਿਣ ਢੰਗ ਦੇ ਰੁਹਬ ਹੇਠ ਆ ਕੇ ਹਾਂ ਕਰ ਦਿੱਤੀ, ਪਰ ਜਦੋਂ ਉਸ ਹਾਂ ਨੂੰ ਅਮਲੀ ਸ਼ਕਲ ਦੇਣ ਦਾ ਸਮਾ ਆਇਆ ਤਾਂ ਮੇਰੇ ਰੌਂਗਟੇ ਖੜੇ ਹੋ ਗਏ । ਮੇਰੀ ਹਾਲਤ ਉਸ ਅਣਤਾਰੂ ਵਰਗੀ ਹੋ ਗਈ, ਜੇਹੜਾ ਗੋਡੇ ਗੋਡੇ ਪਾਣੀ ਵਿਚੋਂ ਵੀ ਨਾ ਲੰਘ ਸਕਦਾ ਹੋਵੇ, ਪਰ ਲੰਘਣੀ ਪੈ ਜਾਏ ਅੱਥਰੀ ਤੇ ਡੂੰਘੀ ਚੌੜੀ ਨਦੀ । ਫੇਰ ਵੀ ਮੈਂ ਜਤਨ ਕੀਤਾ ਹੈ ਕਿ ਖੁਲ੍ਹੇ ਡੁਲ੍ਹੇ ਸ਼ਬਦਾਂ ਵਿਚ, ਉਹਨਾਂ ਦੀ ਯਾਦ ਨੂੰ ਸਾਕਾਰ ਕਰਾਂ ।

ਵਹਿਮੀ ਜੀ, ਦਰਮਿਆਨੇ ਕੱਦ ਤੇ ਚੰਗੀ ਵਧੀਆ ਸੇਹਤ ਦੇ ਮਾਲਕ ਸਨ । ਮੇਰੀ ਸੁਰੂ ਸੰਭਾਲ ਵੇਲੇ, ਜਦੋਂ ਕਿਸੇ ਕਹਿੰਦੇ ਕਹਾਉਂਦੇ ਜਵਾਨ ਦੀ ਵੀਣੀ ਫੜ ਲੈਂਦੇ, ਤਾਂ ਅਗਲਾ ਸਿਰਫ਼ ਸਟਪਟਾ ਹੀ ਸਕਦਾ । ਭਾਰੇ ਤੋਂ ਭਾਰੇ ਸੁਹਾਗੇ ਦਾ ਇਕ ਸਿਰਾ ਮੋਢੇ ਧਰ ਕੇ, ਅਗੋਂ ਇਕੋ ਬਾਂਹ ਨਾਲ ਖੜਾ ਕਰਨ ਵਿਚ ਵੀ ਉਹਨਾਂ ਦਾ ਕੋਈ ਸਾਨੀ ਨਹੀਂ ਸੀ, ਤੇ ਜੇ ਕਦੀ ਜੱਟਪੁਣੇ ਦੀ ਲਾਜ ਰੱਖਣ ਵਾਸਤੇ, ਮਜਬੂਰਨ ਖੂੰਡਾ ਵੀ ਖੜਕਾਣਾ ਪੈ ਗਿਆ, ਤਾਂ ਜਿੱਤ ਨੇ ਹਮੇਸਾਂ ਹੀ ਸਾਥ ਦਿਤਾ ।

ਸਿੱਖ ਰਾਜ ਵੇਲੇ ਤੋਂ ਵੱਡਿਆਂ ਦੀ ਬਣਾਈ ਬਹੁਤੀ ਮਾਲਕੀ, ਤੇ ਅੱਠਵੀ ਪੀੜੀ ਤੋਂ ਇਕਲਾਪਾ ਹੰਡਾਣ ਕਰਕੇ, ਆਲੇ ਦੁਆਲੇ ਤੋਂ ਮੁਸ਼ਕਲਾਂ ਦੇ ਘੇਰੇ ਨੇੜੇ-ਨੇੜੇ ਈ ਰਹਿੰਦੇ। ਥੋੜ ਜ਼ਮੀਨੇ ਸ਼ਰੀਕਾਂ ਨੂੰ, ਜ਼ਮੀਨ ਵਾਹੁਣ ਲਈ ਨਾ ਦੇਣੀ ਤਾਂ ਉਹਨਾਂ ਔਖੇ ਰਹਿਣਾ, ਤੇ ਜੇ ਦੇ ਕੇ, ਹਿਸਾ ਠੇਕਾ ਪੂਰਾ ਨਾ ਮਿਲਣ ਤੋਂ ਕਿਸੇ ਦੂਜੇ ਨੂੰ ਵਹਾਣ ਬਾਰੇ ਤਿਆਰ ਹੋਣਾ, ਤਾਂ ਪਹਿਲਿਆਂ ਜਾਨ ਦੇ ਵੈਰੀ ਬਣ ਜਾਣਾ । ਇਸੇ ਭਖਵੀਂ ਕਸ਼-ਮਕਸ਼ ਚੋਂ, ਉਹਨਾਂ ਦੇ



Sri Satguru Jagjit Singh Ji eLibrary NamdhariElibrary@gmail.com

ਕਲਾਕ੍ਰਾਰ ਮਨ ਨੇ, ਆਪਣੀ ਜੱਟ ਕੌਮ ਬਾਰੇ ਏਡੇ ਅਨੂਠੇ ਤੇ ਨਿਧੜਕ ਸ਼ੇਅਰ ਆਖੇ, ਜਿਹਨਾਂ ਦੀ ਤੁਲਨਾ, ਸ਼ਾਇਦ "ਵਾਰਸ" ਦੀਆਂ ਜੱਟਾਂ ਬਾਰੇ ਕੁਝ ਸਤਰਾਂ ਈ ਕਰ ਸਕਦੀਆਂ ਹੋਣ, ਜਿਵੇਂ ਕਿ :-

ਮਤਲਬ ਵਾਸਤੇ ਜੱਟ ਬਣ ਜਾਏ ਮਿੱਤਰ
ਗੱਲਾਂ ਜਰੇ ਉਹ-ਜੇਹੜੀਆਂ ਜਰੇ ਕੋਈ ਨਾ ।
ਵੇਲਾ ਕਢ.ਲੈਂਦਾ ਆਖ ਪਿਉ ਚਾਚਾ,
ਵਾਰੀ ਆਪਣੀ ਜੀ ਤੇ ਧਰੇ ਕੋਈ ਨਾ ।
ਸੱਟ ਮਾਰਨੋ ਜੱਟ ਨਹੀਂ ਘੱਟ ਕਰਦਾ,
ਕਿਸਮਤ ਆਪਣੀ ਨੂੰ ਭਾਵੇਂ ਮਰੇ ਕੋਈ ਨਾਂ ।
ਤਰਨ ਸਿੰਘ ਤੋਂ ਕੋਈ ਜੇ ਪੁੱਛ ਵੇਖੇ,
ਨੇਕੀ ਜੱਟ ਦੀ ਜਾਤ ਤੇ ਕਰੇ ਕੋਈ ਨਾ ।

ਮੈਨੂੰ ਅਜੇ ਵੀ ਬੜਾ ਸਾਫ਼ ਨੱਜ਼ਰ ਆ ਰਿਹੈ ਕਿ ਜ਼ਜ਼ਬੇ, ਜਨੂੰਨ, ਮਿਹਨਤ, ਇਨਾਇਤ, ਦੀਆਂ ਪਰਤੀਕ, ਚਾਰ ਰੇਖਾਵਾਂ ਵਾਲਾ ਬਾਪੂ ਜੀ ਦਾ ਉਚੱਾ ਤੇ ਵਿਸ਼ਾਲ ਮਸਤਕ, ਉਤੇ ਗੋਲ, ਪੋਲੀ-ਪੋਲੀ ਸੁਤੇ ਸਿੱਧ ਸਜਾਈ ਹੋਈ ਚਿੱਟੀ ਖੱਦਰ ਦੀ ਦਸਤਾਰ, ਰੋਹਬ ਤੇ ਸਨੇਹ ਦੇ ਮਿਲੇ-ਜੁਲੇ ਪ੍ਰਭਾਵ ਵਾਲੀਆਂ, ਮੋਟੀਆਂ ਸੋਹਣੀਆਂ ਪ੍ਰੇਮ ਭਰੀਆਂ ਅੱਖੀਆਂ ਦੇ ਵਿਚਕਾਰ, ਮਰਦਾਵੀਂ ਅਣਖ ਦਾ ਸਾਕਾਰ ਸਰੂਪ ਉਚੱਾ ਫਬਵਾਂ ਨੱਕ, ਜ਼ਿੰਦਗੀ ਨੂੰ ਡੀਕਣ ਦੀ ਲੋਚਾ ਨਾਲ ਫਰਕਦੇ ਭਰੇ ਪੂਰੇ ਹੋਠ, ਸ਼ੁਕੀਨੀ ਦੀ ਪੱਧਰ ਤੋਂ, ਰਤਾ ਘੱਟ ਸੰਭਾਲੇ ਹੋਏ ਮੁਛੈਹਿਰੇ-ਦਰਮਿਆਨਾ ਲੰਬਾਂਈ ਦਾ ਸੰਘਣਾ ਦਾੜ੍ਹਾ, ਉਚੇ ਮੋਢਿਆਂ ਤੇ ਤਾਕਤ ਵਰ ਡੌਲਿਆਂ ਵਿਚਕਾਰ, ਸ਼ਹਿ-ਜ਼ੋਰ ਚੌੜੀ ਛਾਤੀ, ਅਣਗੋਗੜਾ ਕੱਸਵਾਂ ਪੇਟ, ਸਾਦੇ ਸੁਫੈਦ ਖੱਦਰ ਦੇ ਤਰੀਜ਼ਾਂ ਵਾਲੇ ਕੁੜਤੇ ਹੇਠ ਕੂਕਾ ਕਾਟ ਦੇ ਅਰੇਬ ਪਜ਼ਾਮੇ ਵਿਚ ਫਸਵੇਂ ਫੱਬਵੇਂ ਪੱਟ ਪਿਨੀਆਂ । ਜਸਵੰਤ ਚਿਤਰਕਾਰ ਦੀ ਬਣਾਈ ਅੱਧੇ ਪੱਟ ਵਾਲੀ ਗੁਰੂ ਨਾਨਕ ਦੇਵ ਜੀ ਦੀ 'ਮੁਸਾਫਰ ਲੱਤ' ਵੇਖ ਕੇ ਮੈਨੂੰ ਇੰਜ ਲਗਿਆ, ਜਿਵੇਂ ਉਹਨੇ ਕਿਤੇ ਬਾਪੂ ਜੀ ਨੂੰ ਇਸ਼ਨਾਨ ਕਰਦਿਆਂ ਵੇਖ ਲਿਆ ਹੋਵੇ ।

ਸਾਡੇ ਦਾਦੀ ਜੀਵਾਂ ਜੀ (ਜੀਉਣ ਕੌਰ) ਦੱਸਦੇ ਕਿ "ਤਰਨ ਸਿੰਘ ਦਾ ਪਹਿਲਾ ਵਿਆਹ 15 ਸਾਲ ਦੀ ਉਮਰੇ, 16 ਸਾਲ ਦੀ ਉਚੀ ਲੰਮੀ ਬਲਵੰਤ ਕੌਰ ਨਾਲ, ਦੜਪ ਇਲਾਕੇ ਦੇ ਪਿੰਡ ਦਾਤੇਵਾਲ ਭਿੰਡਰ, ਜ਼ਿਲ੍ਹਾਂ ਸਿਆਲਕੋਟ ਹੋਇਆ । ਜਿਨਾਂ ਦੀਆਂ ਚਾਰ ਧੀਆਂ ਚੋਂ ਦੋ ਹੀ ਜ਼ਿੰਦਗੀ ਮਾਣ ਰਹੀਆਂ ਨੇ । ਦੂਸਰਾ ਵਿਆਹ 25-26 ਸਾਲ 'ਚ ਕੁੱਲ ਬਾਜਵਿਆਂ ਦੀ ਸਿਆਣੀ ਸੁਨੱਖੀ ਕਰਤਾਰ ਕੌਰ ਨਾਲ ਕੀਤਾ, ਜਿਹਦਾ ਮਿੱਠਾ ਪਿਆਰਾ ਦੁੱਧ, ਚਾਰ ਭਰਾਵਾਂ ਤੇ ਇਕ ਭੈਣ ਚੋਂ ਸਿਰਫ ਤੁਸੀਂ ਦੋਵੇਂ (ਸਾਧੂ ਸਿੰਘ-ਬਲੀ ਸਿੰਘ) ਈ ਰੱਜਵਾ ਪੀ-ਸੱਕੇ ।"



Sri Satguru Jagjit Singh Ji eLibrary NamdhariElibrary@gmail.com

ਤੇ ਤੀਜੀ ਵਾਰੀ ਏਸੇ ਪਿੰਡੋਂ ਆਪਣੇ ਬਾਪੂ ਜੀ ਨੂੰ, ਮੈਂ ਤੇ ਬ਼ਲੀ ਸਿੰਘ ਨੇ ਨਾਲ ਜੰਞੇ ਜਾ ਕੇ, ਬਰਾਦਰੀ ਜੋਂ ਮਾਸੀ ਲਗਦੀ ਲਖਬੀਰ ਕੌਰ ਨੂੰ, ਬੜੀ ਸਜ ਧਜ ਨਾਲ ਵਿਆਹ ਕੇ ਲਿਆਂਦਾ। ਅੱਜ ਅਸੀਂ ਚਾਰ ਭਰਾ ਤੇ ਪੰਜ ਭੈਣਾਂ ਦੁਨੀਆਂ ਦੇ ਦੁਖਾਂ-ਸੁਖਾਂ ਨਾਲ ਸਫਲ ਸਾਂਝਾਂ ਪਾਈ ਬੈਠੇ ਹਾਂ।

ਭਾਵੇਂ ਵਹਿਮੀ ਜੀ ਨੇ ਕਈ ਪੀੜ੍ਹੀਆਂ ਦਾ ਮਨੁੱਖੀ ਇਕਲਾਪਾ ਕੱਟਣ ਵਾਸਤੇ ਤਿੰਨ ਵਿਆਹ ਕੀਤੇ, ਪਰ ਉਹਨਾਂ ਦੀ ਕਲਮੀ ਉਲਾਦ, ਗਿਣਤੀ ਦੇ ਪੱਖੋਂ ਸਾਡੇ ਨਾਲੋਂ ਫੇਰ ਵੀ ਬਾਜ਼ੀ ਲੈ ਗਈ। ਮਹਿੰਗਾਈ ਤੋਂ ਪਹਿਲਾਂ ਇੱਕ ਲੱਖ ਤੋਂ ਵਧ ਲਾਗਤ ਪੱਲਿਓਂ ਲਾਕੇ, 14-15 ਪੁਸਤਕਾਂ ਨਾਮਧਾਰੀ ਇਤਿਹਾਸ ਪ੍ਰਚਾਰ ਦੀਆਂ ਛਪਵਾਈਆਂ, ਕਰੀਬ ਅੱਧਾ ਹਿੱਸਾ ਜਸ ਜੀਵਨ ਦਾ ਤੇ ਤਿੰਨ ਚਾਰ ਹੋਰ ਪੁਸਤਕਾਂ ਦੇ ਖਰੜੇ, ਅਜੇ ਸਾਡੇ ਤੋਂ ਪੈਸੇ ਤੇ ਵਕਤ ਦੀ ਚੋਖੀ ਮੰਗ ਕਰਦੇ, ਇੰਤਜ਼ਾਰ 'ਚ ਪਏ ਹਨ।

ਬਚਪਨ ਵਿਚ ਵਹਿਮੀ ਨਾਮ ਬਾਰੇ ਜਦੋਂ ਮੈਂ ਦਾਦੀ ਜੀ ਤੋਂ ਪੁੱਛਿਆ, ਤਾਂ ਕਹਿਣ ਲਗੇ, ਤਰਨ ਸਿੰਘ ਨਿੱਕੇ ਹੁੰਦਿਆ ਈ ਹਰ ਗੱਲ ਦੀ ਬੜੀ ਨਿੰਨੋ ਲੈਂਦਾ, ਮੇਰੇ ਮੂੰਹੋ ਸਹਿ ਸੁਭਾ ਨਿਕਲਦਾ, 'ਤੂੰ ਕਿੱਡਾ ਵਹਿੰਮੀ ਏਂ'। ਜਿਹੜਾ ਹੋਲੀ ਹੋਲੀ ਏਡਾ ਮਸ਼ਹੂਰ ਹੋ ਗਿਆ। ਇਸ ਵਹਿਮੀ ਨਾਮ ਬਾਰੇ ਵੇਖੋ ਵਹਿਮੀ ਜੀ ਦੀ ਆਪਣੀ ਦਲੀਲ :

ਅੱਵਲ ਸੀ ਅੱਲਾ, ਕੱਲਾ ਚੰਗਾ ਭਲਾ ਸੁਖੀ,
ਉਸ ਚਾ ਆਏ ਵਹਿਮ ਪਏ ਰਚਨਾ ਰਚਾਈ ਚਾ
ਸਜ਼ਾ ਮਿਲੀ ਜੰਨਤੋਂ, ਗਿਰਾਏ ਗਏ, ਵਹਿਮ ਪਏ
ਅੰਮਾ ਹਵਾ ਆਦਮ ਨੂੰ ਗੰਧਮ ਖਵਾਈ ਚਾ

ਤੇ ਆਪਣੇ ਨਿਜੀ ਵਹਿਮ ਦਾ ਖੁਲਾਸਾ ਇੰਜ ਪੇਸ਼ ਕਰਦੇ ਨੇ :

ਕਿਸੇ ਨੂੰ ਹੈ ਵਹਿਮ ਕਾਰੋਬਾਰ ਨਾਰ ਪੁੱਤਰਾਂ ਦਾ,
ਕਿਸੇ ਨੂੰ ਹੈ ਵਹਿਮ ਚੌੜ, ਇੱਜ਼ਤ, ਕਿਆਸ ਦਾ।
ਕਿਸੇ ਨੂੰ ਹੈ ਵਹਿਮ ਵਾਧੂ ਗੱਲਾਂ ਸੁਣ ਕਰਨਾਂ ਹੀ
ਕਿਸੇ ਨੂੰ ਹੈ ਵਹਿਮ ਮੈਥੋਂ ਵਧ ਜਾਏ ਨਾ ਪਾਸ ਦਾ
ਕਿਸੇ ਨੂੰ ਹੈ ਵਹਿਮ ਮੇਰੀ ਮਾਇਆ, ਪਾਇਆਂ ਹੋਰ ਹੋਵੇ,
ਕਿਸੇ ਨੂੰ ਹੈ ਵਹਿਮ ਖਾਣ ਖੇਡਣ ਲਿਬਾਸ ਦਾ
ਇਕ ਇਕ ਵਹਿਮ ਵਿਚ ਰੁਝੀ ਸਾਰੀ ਦੁਨੀਆਂ ਜਿਉਂ
ਵਹਿਮੀ ਨੂੰ ਹੈ ਵਹਿਮ, ਨਾਮਧਾਰੀ ਇਤਹਾਸ ਦਾ

ਇਸ ਵਹਿਮੀ ਨਾਮ ਤੇ, ਵਹਿਮੀ ਜੀ ਨੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ, ਮੋਹਰ ਕਿੰਜ ਲਗਵਾਈ, ਵਹਿਮੀ ਜੀ ਦੇ ਹੀ ਸ਼ਬਦਾਂ ਵਿਚ :

ਇਕ ਸਮੇਂ ਕਿਹਾ ਕਿਸੇ, ਗੁਰੂ ਨੂੰ ਭੀ ਮਿਲਕੇ ਕਿਉਂ



Sri Satguru Jagjit Singh Ji eLibrary NamdhariElibrary@gmail.com

ਹਟਿਆ ਨਹੀਂ ਵਹਿਮ, ਹੈਂ ਤੂੰ ਕੈਦੀ, ਵਹਿਮ ਫਾਸ ਦਾ
ਗੁਰੂ ਜੀ ਨੂੰ ਦਸਿੱਆ ਮੈਂ, ਕਿਸੇ ਮੈਨੂੰ ਧੱਸਿਆ ਏ
ਰਖੋ ਇਹ ਬਦਲ, ਨਾਮ ਆਪ ਦੀ ਕਿਆਸ ਦਾ,
ਕਿਹਾ ਉਹਨਾਂ, ਮੈ ਤੇ ਕਹਿਨਾਂ, ਵੱਹਿਮ ਐਸਾ ਨਿੱਤ ਵਧੇ
ਕਦੇ ਭੀ ਨਾ ਘਟੇ ਵਹਿਮ ਤੇਰਾ-ਗੁਣ ਗ੍ਰਾਸ ਦਾ
ਫੇਰ ਆਖਾਂ ਤੇਰੇ ਜਿਹੇ ਹੋਣ ਵਹਿਮੀ ਵਿਦਵਾਨ
ਵਹਿਮੀ ਕੰਮ ਕਰਨ ਨਾਮਧਾਰੀ ਇਤਿਹਾਸ ਦਾ ।

ਅਸੀਂ ਪਹਿਲੋਂ, ਵਹਿਮੀ ਜੀ ਦੇ ਸਾਰੇ ਬੱਚੇ-ਬੱਚੀਆਂ, ਭਾਈਆ ਜੀ ਕਹਿ ਕੇ ਬੁਲਾਇਆ ਕਰਦੇ ਸਾਂ । ਇਕ ਵਾਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਨੇ ਬਾਪੂ ਜੀ ਆਖਣ ਲਾ ਦਿਤਾ । ਸੁਣੋ ! ਕਿਵੇਂ ਵਹਿਮੀ ਜੀ ਨੂੰ ਆਪਣੇ ਸਤਿਗੁਰ ਦੇ ਬਚਨਾਂ ਦਾ ਆਦਰ ਪਿਆਰ ਤੇ ਸ਼ਰਧਾ ਸੀ ।

ਸਾਡੀ ਪਹਿਲੀ ਮਾਤਾ ਦੀ ਕੁੱਖੋਂ, ਜਦੋਂ ਕੋਈ ਪੁੱਤਰ ਰੂਪੀ ਫੁੱਲ ਨਾ ਖਿੜਿਆ, ਤਾਂ ਕੁਝ ਸਜੱਣਾਂ ਸਬੰਧੀਆਂ ਨੇ ਬੜੇ ਜ਼ੋਰ ਨਾਲ ਦੂਜੇ ਵਿਆਹ ਦਾ ਢੰਗ ਬਣਾਇਆ । ਜ਼ੋਰ ਨਾਲ ਇਸ ਕਰਕੇ ਕਿ ਸਾਡੇ ਬੇਬੇ ਜੀ, ਪਹਿਲੋਂ ਕਿਸੇ ਹੋਰ ਅਖੱੜਖਾਨ ਨਾਲ ਮੰਗੇ ਹੋਏ ਸਨ। ਉਸਦੇ ਸ਼ਰਾਬੀ ਕਬਾਬੀ ਹੋਣ ਦਾ ਪਤਾ ਲਗੱਣ ਤੇ, ਸਾਡੇ ਨਾਨਾ ਜੀ ਵਿਆਹ ਦੇਣ ਤੋਂ ਘਬਰਾਂ ਰਹੇ ਸਨ, ਤੇ ਉਹ ਜ਼ੋਰੀ ਆਪਣੀ ਮੰਗ ਵਿਆਹੁਣੀ ਚਾਹੁੰਦਾ ਸੀ, ਤੇ ਚੁੱਕ ਲੈਜਾਣ ਦੇ ਡਰਾਵੇ ਵੀ ਦੇ ਰਿਹਾ ਸੀ । ਸਾਡੇ ਨਾਨਾ ਜੀ ਉਸ ਤੋਂ ਵੱਧ ਧੜੱਲੇਦਾਰ ਜਵਾਈ ਦੀ ਭਾਲ ਕਰ ਰਹੇ ਸਨ ਤਾਂ ਕਿ ਪਹਿਲੇ ਅੜਬ ਤੋਂ ਬੇਖ਼ੌਫ ਹੋਇਆ ਜਾ ਸੱਕੇ । ਉਨਾਂ ਦੇ ਤੇ ਬਾਪੂ ਜੀ ਦੇ ਇਕ ਸਾਂਝੇ ਜਾਣੂ ਨੇ ਉਹਨਾਂ ਦੀ ਇਹ ਮੁਸ਼ਕਲ, ਤੇ ਸਾਡੇ ਬੇਬੇ ਜੀ ਦੇ ਰੂਪ ਗੁਣ ਦਾ ਨਕਸ਼ਾ ਵਹਿਮੀ ਜੀ ਸਾਹਵੇਂ ਕੁਝ ਏਸ ਢੰਗ ਨਾਲ ਰਖਿਆ, ਕਿ ਬਾਪੂ ਜੀ ਨੇ ਹਾਂ ਕਹਿ ਦਿਤੀ, ਪਰ ਅਗੋਂ ਸਿਲਸਿਲਾ ਚਲ ਪਿਆ ਰੋਕਣ ਤੇ ਨਾਂ ਰੁਕਣ ਦੇਣ ਦਾ । ਬੜੇ ਜ਼ੋਰ ਲੱਗੇ। ਅਖੀਰ ਫੈਸਲਾ ਕੁੱਲ ਬਾਜਵੇ ਢੁੱਕਣ ਦਾ ਹੋ ਗਿਆ । ਲਾਰੀ ਭਰ ਕੇ ਜੰਞ ਗਈ । ਉਸ ਜ਼ਮਾਨੇ ਵੀ 12-15 ਬੰਦੂਕ ਧਾਰੀ ਨਾਲ ਗਏ, ਜਦੋਂ ਲਸੰਸ ਕਿਸੇ ਵਿਰਲੇ ਕੋਲ ਹੁੰਦਾ ਸੀ। ਤੇ ਇਸ ਸਾਰੇ ਕੰਮ ਵਿਚ ਬਹੁਤ ਜ਼ਿਆਦਾ ਇਮਦਾਦ, ਇਕ ਮੰਨੇ ਪਰਮੰਨੇ ਸਰਕਾਰੀ ਪਹੁੰਚ ਵਾਲੇ ਭਾਈ ਪ੍ਰਤਾਪ ਸਿੰਘ ਨੇ ਕੀਤੀ ।

ਕਈ ਸਾਲਾਂ ਬਾਦ ਇਲੈਕਸ਼ਨ ਆਏ, ਸਾਰੇ ਨਾਮਧਾਰੀਆਂ ਨੂੰ ਅੰਗਰੇਜ਼ਾਂ ਦੇ ਖਿਲਾਫ, ਕਾਂਗਰਸ ਦੇ ਬੰਦਿਆਂ ਨੂੰ ਵੋਟਾਂ ਪਉਣ ਦਾ ਹੁਕਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਹੋਇਆ । ਉਨੀਂ ਦਿਨੀਂ ਹੀ ਬਾਪੂ ਜੀ ਤੇ, ਇਕ ਲੜਾਈ ਚ' ਮੁਖਾਲਫ ਦੀ ਲੱਤ ਵੱਢੀ ਜਾਣ ਕਰਕੇ 326 ਦਾ ਕੇਸ, ਗੁਜਰਾਂ ਵਾਲੇ ਸ਼ੈਸ਼ਨ ਕੋਰਟ ਵਿਚ ਚਲ ਰਿਹਾ ਸੀ । ਤਰੀਕੇ ਗਿਆਂ ਕਚੈਹਰੀ ਵਿਚ ਭਾਈ ਪ੍ਰਤਾਪ ਸਿੰਘ ਮਿਲ ਕੇ ਕਹਿਣ ਲਗਾ, ਤਰਨ ਸਿੰਘ!



Sri Satguru Jagjit Singh Ji eLibrary NamdhariElibrary@gmail.com

ਸੁਣਿਆ ਹੈ, ਤੁਸੀਂ ਕੂਕੇ ਅੰਗਰੇਜ਼ਾ ਦੇ ਖਿਲਾਫ, ਕਾਂਗਰਸੀਆਂ ਨੂੰ ਵੋਟਾਂ ਪਾ ਰਹੇ ਹੋ । ਬਾਪੂ ਜੀ ਨੇ ਕਿਹਾ, ਭਾਈ ਜੀ ! ਇਕ ਤਾਂ ਅੰਗਰੇਜ਼ਾਂ ਧੋਖੇ ਨਾਲ ਸਾਡਾ ਰਾਜ ਖੋਹਿਆ ਹੋਇਐ, ਦੂਸਰੇ ਇਹ ਬਿੱਲੇ ਜਦੋਂ ਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਦੇਸ ਲੈ ਗਏ ਹੋਏ ਨੇ, ਅਸੀਂ ਨਾਮਧਾਰੀ ਏਹਨਾਂ ਦੇ ਜਾਤੀ ਤੇ ਜਮਾਤੀ ਵੀ ਦੁਸ਼ਮਣ ਹਾਂ । ਇਸ ਕਰਕੇ ਅਸਾਂ ਵੋਟ ਇਹਨਾ ਦੇ ਖਿਲਾਫ ਹੀ ਪਾਣੇ ਹੋਏ । ਭਾਈ ਪ੍ਰਤਾਪ ਸਿੰਘ ਨੇ ਕਿਹਾ, ਕਿ ਗੱਲਾਂ ਤੇਰੀਆਂ ਭਾਵੇਂ ਠੀਕ ਨੇ, ਪਰ ਹਕੂਮਤਾਂ ਦੇ ਉਲਟ ਚੱਲ ਕੇ ਕਦੇ ਕਿਸੇ ਸੁਖ ਨਹੀਂ ਪਾਇਆ । ਬਾਪੂ ਜੀ ਤੋਂ "ਸੁਖ ਦੁਖ ਤਾਂ ਭਾਈ ਜੀ ਅਕਾਲ ਪੁਰਖ ਦੇ ਅੱਟਲ ਨਿਯਮਾਂ ਅਨੁਸਾਰ ਹੀ ਚਲਦੇ ਰਹਿੰਦੇ ਨੇ" ਸੁਣਕੇ ਭਾਈ ਗੁੱਸੇ 'ਚ ਆ ਗਿਆ । ਕਈ ਕੌੜੀਆਂ ਫਿੱਕੀਆਂ ਕਰਦਿਆਂ ਆਖਿਓ ਸੂ "ਤਰਨ ਸਿੰਘਾ ! ਇਸ 26 ਦੇ ਕੇਸ ਵਿਚ ਜੇ ਤੈਨੂੰ ਚੱਕੀ ਨਾ ਪਿਹਾਈ, ਤਾਂ ਮੇਰਾ ਨਾਂ ਪ੍ਰਤਾਪ ਸਿੰਘ ਨਹੀਂ । ਤੇਰੇ ਗੁਰੂ ਦਾ ਨਾਂ ਵੀ ਪਰਤਾਪ ਸਿੰਘ ਏ, ਉਹਨੂੰ ਆਖੀਂ ਛਡਾਣ ਵਾਸਤੇ ਜ਼ੋਰ ਲਾ ਲਵੇ, ਮੇਰੇ ਸਾਰੇ ਅਹਿਸਾਨ ਭੁਲਾ ਕੇ ਤੂੰ ਗੁਰੂ ਦੇ ਆਖੇ ਵੋਟ ਅੰਗਰੇਜ਼ਾਂ ਦੇ ਖਿਲਾਫ ਪਾ ਰਿਹਾ ਹੈ, ਮੈਂ ਤੈਨੂੰ ਵੇਖਾਂਗਾ ।" ਕਹਿ ਕੇ, ਭਾਈ ਤੁਰਨ ਲੱਗਾ, ਤਾਂ ਬਾਪੂ ਜੀ ਨੇ ਰੋਕ ਕੇ ਕਿਹਾ, " ਭਾਈ ਜੀ ! ਇਹ ਤੇਰੇ ਅਹਿਸਾਨਾਂ ਦਾ ਬੋਝ ਈ ਏ, ਜਿਹਦੇ ਹੇਠ ਦਬਿਆ ਹੋਣ ਕਰਕੇ, ਮੈਂ ਤੇਰੀਆਂ ਇਹ ਗੱਲਾਂ ਸੁਣ ਕੇ ਜਰ ਗਿਆਂ । ਨਹੀਂ ਤੇ ਇਲਾਕਾ ਜਾਣਦਾ ਏ, ਜਿੰਨਾਂ ਕੁ ਦਰ ਗੁਜ਼ਰੂ ਮੈਂ ਵੀ ਹਾਂ, ਸਾਰੀ ਕਚਹਿਰੀ ਸੁਣਦੀ ਹੈ, ਤੂੰ ਕੋਈ ਕਸਰ ਨਾ ਰੱਖੀਂ, ਪਰ ਹੋਵੇਗੀ ਉਹੋ, ਜੋ ਮੇਰਾ ਗੁਰੂ ਕਹੇਗਾ । ਇਲਾਕੇ ਦੇ ਮਸ਼ਹੂਰ ਆਦਮੀਆਂ ਨੂੰ ਕਚਹਿਰੀ ਵਿਚ ਇੰਜ ਝਗੜਦਿਆਂ ਸੁਣ ਕੇ, ਬੜੇ ਲੋਕ ਇਕੱਠੇ ਹੋ ਗਏ, ਸੋ ਗੱਲ ਪੁਗਾਣ ਵਾਸਤੇ ਭਾਈ ਨੇ ਬੜਾ ਜ਼ੋਰ ਲਾਇਆ । ਥੋੜ੍ਹੇ ਦਿਨਾਂ ਨੂੰ ਫੈਸਲਾ ਹੋਇਆ । ਬਾਪੂ ਜੀ ਨੂੰ 6 ਮਹੀਨੇ ਦੀ ਸਜ਼ਾ ਹੋ ਗਈ । ਜੇਲ੍ਹ ਦਾ ਵਾਤਾਵਰਨ ਵੇਖ ਕੇ ਬਾਪੂ ਜੀ ਨੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ ! ਮੈ ਤੇ ਚੱਕੀ ਔਖੀ ਸੁਖਾਲੀ ਪ਼ੀਸ ਹੀ ਲਵਾਗਾਂ, ਪਰ ਤੇਰੇ ਨਾਂ ਦੀ ਵੀ ਲਾਜ ਏ, ਨਾਲੇ ਜੇ ਇਥੋਂ ਕਢੋ, ਇਹ ਛੇ ਮਹੀਨੇ ਮੈਂ ਤੇਰੇ ਲੰਗਰ ਦੀ ਸੇਵਾ ਸ੍ਰੀ ਭੈਣੀ ਸਾਹਿਬ ਜਾ ਕੇ ਕਰਾਂਗਾ ।" ਉਧਰ ਭਾਈ ਪ੍ਰਤਾਪ ਸਿੰਘ ਜੇਲ ਦਰੋਗੇ ਨਾਲ ਮਿਲ ਕੇ, ਚੱਕੀ ਪਿਹਾਣ ਦੀਆਂ ਸਲਾਹਾਂ ਈ ਕਰ ਰਿਹਾ ਸੀ, ਕਿ ਬਾਪੂ ਜੀ ਦੇ ਸਾਥੀਆਂ ਦੀ ਭੱਜ ਨੱਠ ਨਾਲ, ਲਹੌਰ ਹਾਈਕੋਰਟ ਵਿਚ ਅਪੀਲ ਮਨਜੂਰ ਹੋ ਕੇ ਤੀਜੇ ਦਿਨ ਜ਼ਮਾਨਤ ਹੋ ਗਈ, ਤੇ ਦੋ ਚਾਰ ਮਹੀਨੇ ਬਾਦ ਕੇਸ ਵਿਚੋਂ ਬਰੀ ਵੀ ਹੋ ਗਏ ।

ਮੰਨਤ ਮੰਨੀ ਮੁਜਬ ਬਾਪੂ ਜੀ ਸਾਨੂੰ ਦੋਹਾ ਭਰਾਵਾਂ (ਸਾਧੂ ਸਿੰਘ-ਬਲੀ ਸਿੰਘ) ਤੇ ਸਾਡੀ ਮਾਤਾ ਬੇਬੇ ਕਰਤਾਰ ਕੌਰ ਨੂੰ ਨਾਲ ਲੈ ਕੇ, ਛੇ ਮਹੀਨਿਆ ਵਾਸਤੇ ਸ੍ਰੀ ਭੈਣੀ ਸਾਹਿਬ ਚਲੇ ਗਏ । ਉਥੇ ਬੇਬੇ ਜੀ ਨੇ ਲੰਗਰ ਆਦਿ ਵਿਚ ਦੀਵੇ ਜਗਾਣ ਤੇ ਹੋਰ ਕੁੜੀਆਂ ਇਸਤਰੀਆਂ ਨੂੰ ਕਪੜੇ ਸੀਉਣ ਦੀ ਜਾਚ ਦੱਸਣ ਦੀ ਜਿੰਮੇਵਾਰੀ ਸੰਭਾਲੀ । ਬਾਪੂ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨੇੜੇ ਰਹਿ ਕੇ ਲਿਖਣ ਪੜ੍ਹਣ ਦਾ ਨਿਯਮ ਬਣਾ ਲਿਆ।



Sri Satguru Jagjit Singh Ji eLibrary NamdhariElibrary@gmail.com

ਇਕ ਵਾਰੀ ਬਾਪੂ ਜੀ ਕਿਸੇ ਕੰਮ ਛੁਟੀ ਲੈ ਕੁਝ ਦਿਨਾਂ ਲਈ ਆਪਣੇ ਪਿੰਡ ਹਿੰਦੂ ਚੱਕ ਜ਼ਿਲਾ ਗੁੱਜਰਾਂ ਵਾਲਾ (ਹੁਣ ਪਾਕਿਸਾਤਾਨ ਚ) ਚਲੇ ਗਏ । ਉਹਨਾਂ ਪਿੱਛੋਂ ਇਕ ਦੋ ਵਾਰੀ ਸਤਿਗੁਰੂ ਜੀ ਨੇ ਸਾਨੂੰ ਦੋਹਾਂ ਭਰਾਵਾਂ ਨੂੰ ਪੁਛਿਆ ਕਿ ਤੁਹਾਡੇ ਬਾਪੂ ਜੀ ਕਿਉਂ ਨਹੀਂ ਆਏ ਅਜੇ ? ਅਸਾਂ ਆਇਆ ਨੂੰ ਦਸਿਆ ਕਿ' ਭਾਈਆ ਜੀ ! ਸਤਿਗੁਰਾਂ ਪੁਛਿਆ ਸੀ, ਤੁਹਾਡੇ ਬਾਪੂ ਜੀ ਕਿਉ ਨਹੀਂ ਆਏ ।" ਸੁਣਕੇ ਕਹਿਣ ਲਗੇ, ਬੱਸ ! ਅਜ ਤੋਂ ਭਾਈਆ ਨਹੀਂ ਕਹਿਣਾ ਹੁਣ ਬਾਪੂ ਜੀ ਹੀ ਆਖਿਆ ਕਰੋ ।

****************



Sri Satguru Jagjit Singh Ji eLibrary NamdhariElibrary@gmail.com

# "ਮੇਰੇ ਮਾਸਟਰ ਜੀ"

ਏਹ ਮਾਸਟਰ ਜੀ ਹਨ । ਮੇਰੇ ਜਿਗਰੀ ਦੋਸਤ-ਮਾਸਟਰ ਜੀ । ਸਭ ਤੋਂ ਪਹਿਲਾਂ-ਮੇਰੇ ਮਾਸਟਰ ਜੀ । ਜਦੋਂ ਅਜੇ ਇਹ ਆਪ ਵੀ ਪੜ੍ਹਦੇ ਸਨ ਉਦੋਂ ਦੇ ਮੇਰੇ ਮਾਸਟਰ ਜੀ, ਕੁਝਰਾਂਵਾਲੇ ਦੇ ਖਾਲਸਾ ਗੋਰਮਿੰਟ ਹਾਈ ਸਕੂਲ ਦੇ ਵਿਦਿਆਰਥੀ, ਪਰ ਮੇਰੇ ਮਾਸਟਰ ਜੀ ।

ਬਾਪੂ ਜੀ, ਪਿੰਡ ਦੇ ਇਕਲੌਤੇ ਰੈਲੇ ਸਾਈਕਲ ਪਿਛੇ ਬਿਠਾ ਕੇ, ਮੈਨੂੰ ਇਹਨਾਂ ਕੋਲ, ਬੋਰਡਿੰਗ ਵਿਚ ਲੈ ਗਏ ।.ਇਸ ਤੋਂ ਬਾਅਦ ਇਹ 'ਰੈਲੇ' ਮੇਰਾ ਹੋ ਗਿਆ । ਇਕ ਦਿਨ ਪਹਿਲਾਂ, ਬਾਪੂ ਜੀ, ਏਸੇ ਸ਼ਹਿਰ ਰਾਇ ਮੂਲ ਸਿੰਘ ਦੀ ਧਰਮਸ਼ਾਲਾ, ਮਹੰਤ ਹਰਨਾਮ ਦਾਸ ਜੀ ਕੋਲ, ਸੰਸਕ੍ਰਿਤ ਪੜ੍ਹਨੇ ਪਾਇਆ ਸੀ । 'ਵੈਰਾਗ ਸ਼ਤਕ' ਹਿੰਦੀ ਕਵਿਤਾ ਵਿਚ ਸ੍ਰੀ ਗੁਲਾਬ ਸਿੰਘ ਦਾ ਅਨੁਵਾਦ ਕੀਤਾ ਹੋਇਆ ਹੈ । ਕਮਾਲ ਦੀ ਰਸੀਲੀ ਕਵਿਤਾ ਹੈ । ਜੇ ਏਹਦੇ ਬਾਰੇ ਥੋੜ੍ਹੀ ਗੱਲ ਵੀ ਕਰਾਂ, ਤਾਂ ਏਥੇ ਈ ਅਟਕ ਜਾਵਾਂਗਾ । ਬਾਪੂ ਜੀ ਨੇ ਕਿਹਾ, ਓਧਰੋਂ ਵੇਹਲਾ ਹੋ ਕੇ, ਜਦੋਂ ਅਮਰੀਕ ਸਿੰਘ ਨੂੰ ਛੁੱਟੀ ਹੋ ਜਾਇ, ਏਹਦੇ ਕੋਲੋਂ ਅੰਗ੍ਰੇਜ਼ੀ ਪੜ੍ਹਿਆ ਕਰ । ਏਹ ਓਹਨਾਂ ਦਿਨਾਂ ਦੇ, ਮੇਰੇ ਪੰਜਵੇਂ ਮਾਸਟਰ ਜੀ ਹੋ ਗਏ। ਪੰਜਾਬੀ-ਜਿਸਨੂੰ ਉਦੋਂ ਗੁਰਮੁਖੀ ਹੀ ਆਖਿਆ ਜਾਂਦਾ ਸੀ, ਬਾਪੂ ਜੀ ਕੋਲੋਂ । ਹਿੰਦੀ ਪੰਡਿਤ ਰਲਾ ਰਾਮ ਜੀ, ਉਰਦੂ ਮੌਲਵੀ ਗੁਲਾਮ ਰਸੂਲ ਜੀ; ਸੰਸਕ੍ਰਿਤ ਬਾਰੇ ਪਹਿਲਾਂ ਦੱਸ ਹੀ ਆਇਆ ਹਾਂ ਤੇ ਪੰਜਵੇਂ ਪ੍ਰਮੇਸ਼ਵਰ ਮਾਸਟਰ ਅਮਰੀਕ ਸਿੰਘ ਜੀ ।

ਸਭ ਤੋਂ ਵੱਡੇ ਸਤਿਗੁਰੂ-ਜਿਨ੍ਹਾਂ ਨੂੰ ਮੈਂ 'ਬਾਪੂ ਸਤਿਗੁਰ, ਕਹਿੰਦਾ ਹਾਂ, ਸਤਿਗੁਰੂ ਰਾਮ ਸਿੰਘ ਜੀ ਨੇ, ਕੂਕਿਆਂ ਦੇ ਦਿਲਾਂ ਵਿਚ ਅੰਗ੍ਰੇਜ਼ੀ ਵਿਰੋਧ ਕਿੰਝ ਕੁੱਟ-ਕੁੱਟ ਕੇ ਭਰ ਦਿੱਤਾ ਸੀ, ਕਿ ਹਰ ਗੱਲੇ ਭਾਵੇਂ ਆਪਣਾ ਕਿੰਨਾ ਵੀ ਨੁਕਸਾਨ ਹੋ ਜਾਇ, ਵਿਰੋਧ ਕਰਨਾ ਹੀ ਕਰਨਾ ਹੈ । ਪਹਿਲਾਂ ਮੈਂ, ਮਹੀਨਾ ਪੂਰਾ ਕਰਨੋ ਅਗੇਤਰਾ ਈ-ਪੰਝੀ ਦਿਨ ਪੜ੍ਹ ਕੇ, ਸਰਕਾਰੀ ਸਕੂਲੋਂ, ਵੀਹ ਸਾਲ ਦੀਆਂ ਛੁਟੀਆਂ ਤੇ ਘਰੇ ਆ ਗਿਆ; ਜਿਹਦਾ ਖਮਿਆਜ਼ਾ ਅਜ ਤਕ ਭੁਗਤ ਰਿਹਾਂ । ਹੁਣ ਜੇ ਅੰਗ੍ਰੇਜੀ ਪੜ੍ਹਨੀ ਸ਼ੁਰੂ ਕੀਤੀ- ਥੋੜੇ ਦਿਨਾਂ ਵਿਚ ਹੀ 'ਗੋਰਾ ਬੋਲੀ' ਤੇ ਗੁੱਸਾ ਆ ਗਿਆ । ਮੇਰੇ ਮਾਸਟਰ ਜੀ ਨੇ ਸੀ.ਯੂ.ਪੀ. ਕੱਪ ਦੱਸਿਆ ਤਾਂ ਮੈਂ ਕਿਹਾ ਮਾਸਟਰ ਜੀ ! (ਮੈਂ ਪੜ੍ਹਾਈ ਦੇ ਪਹਿਲੇ ਦਿਨ ਤੋਂ ਹੀ; ਮਾ: ਜੀ ਕਹਿਣਾ ਜਾਰੀ ਕਰ ਦਿੱਤਾ ਸੀ । ਪਹਿਲਾਂ ਆਪਣੀ ਮਾਤਾ ਜੀ ਦੇ ਕਹੇ ਮੁਤਾਬਕ ਮੇਰੇ ਤੋਂ ਵੱਡੇ ਹੋਣ ਕਰ 'ਭਾਵੇਂ ਅੱਠ ਮਹੀਨੇ ਹੀ' ਭਾ ਜੀ ਕਿਹਾ ਕਰਦਾ ਸਾਂ) ਜਾਪਦਾ ਏ, ਆਪ ਨੂੰ ਕਿਤੇ ਭੁਲੇਖਾ ਲਗ ਗਿਆ ਹੈ, ਏਹਨਾਂ ਅੱਖਰਾਂ ਦਾ ਜੋੜ ਸੱਪ ਹੋ ਸਕਦੈ-ਕੱਪ ਨਹੀਂ ।

ਮਾਸਟਰ ਜੀ ਦਾ ਪ੍ਰਕਾਸ਼ ਦਿਵਸ 10 ਜੂਨ 1930, ਤੇ ਮੈਂ ਭਾਵੇਂ ਨਾਨਕੇ



Sri Satguru Jagjit Singh Ji eLibrary NamdhariElibrary@gmail.com

ਆਇਆ 1-1-1931 ਹਿਸਾਬ ਲਾ ਕੇ ਵੇਖੋ, ਝਗੜਾ ਨਾ ਹੋਵੇ ਤੇ ਕੀ ਹੋਵੇ । ਪਰ ਭਲਾ ਹੋਵੇ ਬੋਰਡਿੰਗ ਹਾਊਸ ਦਾ, ਜਿਦ੍ਹੇ ਝਾਕੇ ਤੋਂ, ਅਸੀਂ ਹੇਠ ਉਤੇ ਨਾ ਹੋ ਗਏ । ਨਿੱਕੇ ਹੋਂਦਿਆਂ, ਜਦੋਂ ਇਹਨਾਂ ਨਾਨਕੇ ਪਿੰਡ ਆਉਣਾ, ਬਾਪੂ ਜੀ ਨੇ ਦੁਹਾਂ ਦੀ ਦੌੜ ਲਵਾ ਕੇ ਵੇਖਣੀ । ਮੈਂ ਜ਼ਰਾ ਛੀਟਕਾ ਸਾਂ, ਅਗੇ ਲੰਘ ਜਾਣਾ, ਏਹ ਗੋਭਲੇ ਜਹੇ ਸਨ, ਪਿੱਛੇ ਰਹਿ ਕੇ ਡਿੱਗ ਪੈਣਾ । ਇੱਕ ਬੜਾ ਪਿਆਰਾ ਭਾਣਜਾ, ਇੱਕ ਲਾਡਲਾ ਬੇਟਾ, ਬਾਪੂ ਜੀ ਨੇ ਦੁਹਾਂ ਨੂੰ ਬੱਲੇ ਬੱਲੇ ਕਹਿ ਕੇ ਪੁਚਕਾਰ ਲੈਣਾ । ਪਰ ਕੋਲ ਖੜੋਤਿਆਂ ਚੋਂ ਪੰਡਿਤ ਰਲਾ'ਰਾਮ ਨੇ ਆਪਣੇ ਮਖੌਲੀਏ ਸੁਭਾ ਮੁਤਾਬਕ ਆਖਣੋਂ ਨਾ ਟਲਣਾਂ, ਕਿ ਦੁੱਧ ਘਿਓ ਤੇ ਏਹਦੇ ਦਾਦਿਆਂ ਦੀ ਜੋਗ (ਮਾ: ਜੀ ਦੇ ਦਾਦਾ ਜੀ ਦੋ ਭਾਈ ਸਨ) ਖਾ ਜਾਂਦੀ ਏ-ਲੱਸੀ ਪੀ ਕੇ ਇਹਨੇ ਦੌੜਨਾ ਕੀ ਹੋਇਆ। ਘੁਲਨ ਲੱਗਿਆਂ ਜੇ ਮੈਂ ਫੁਰਤੀ ਕਰਕੇ ਸੁੱਟ ਗਿਆ ਤਾਂ ਠੀਕ, ਨਹੀਂ ਤੇ ਇਹਨਾਂ ਮੇਰੇ ਤੇ ਡਿੱਗ ਕੇ ਮੇਰੀਆਂ ਪਿਚਕਾਂ ਕੱਢ ਦੇਣੀਆਂ । ਥੋੜ੍ਹੇ ਵੱਡੇ ਹੋ ਗਏ ਤਾਂ ਕਹਿਣਾ, ਦੌੜ ਕੇ ਨਹੀਂ, ਕੋਈ ਮੇਰੇ ਨਾਲ ਤੁਰ ਕੇ ਵੇਖ ਲਵੇ ।

ਤੁਰਨ ਦੀ ਏਹ ਗੱਲ ਸੀ - ਪੰਜਵੀਂ ਤੋਂ ਅੱਠਵੀਂ ਤੱਕ, ਏਹ ਆਪਣੇ ਪਿੰਡ ਲਾਲੇਪੁਰੋਂ, ਚਾਰ ਪੰਜ ਮੀਲ ਨੁਸ਼ੈਹਿਰੇ, ਰੋਜ਼ਾਨਾ ਪੈਦਲ ਜਾਇਆ-ਆਇਆ ਕਰਦੇ ਸਨ । ਤਾਂ ਇਹਨਾਂ ਦੀ ਤੁਰਨ ਚਾਲ ਪੱਕ ਗਈ ਹੋਈ ਸੀ ਜੋ ਅੱਜ ਤਕ ਬਦਸਤੂਰ ਕਾਇਮ ਹੈ ।

ਏਥੇ ਵਹਿਮੀ, ਜੀ ਦੀ ਇਕ ਸਤਰ ਚੇਤੇ ਆ ਗਈ ਏ- 'ਸਤਿਗੁਰਾਂ ਕਿਹਾ ਧਰੂ ਭਗਤ ਨੂੰ-ਮੁਖ ਰੱਖੋ ! ਪਹਾੜ ਮੂੰਹ ਭਾਵ, ਗੁਰੂ ਵੱਲ ਮੁੱਖ ਰੱਖਣਾ ਚਾਹੀਦਾ ਹੈ ।

ਅਸੀਂ ਲਾਲੇਪੁਰੋਂ ਤੁਰ ਪਏ ਹਾਂ ਨੁਸ਼ੈਹਰੇ ਨੂੰ । ਦੱਖਣ ਨੂੰ, ਭਾਵ ਗੁਰਮਤ ਦੇ ਉਲਟ ਚੱਲਦੇ ਹਾਂ ।

ਗੱਲ 'ਬਿਲਾ ਬੋਲੀ' ਦੀ ਚਲਦੀ ਸੀ, ਕਿ ਦੋਏ ਵਾਰ, ਬਾਪੂ ਗੁਰੂ ਰਾਮ ਸਿੰਘ ਵੱਲੋਂ, ਦ੍ਰਿੜਾਏ ਗੋਰਾ ਵਿਰੋਧ ਨੇ, ਮੈਨੂੰ ਡਿਗਰੀ ਧਾਰਕ ਪਾਹਤੂ ਨਾ ਬਣਨ ਦਿੱਤਾ । ਗੱਲ ਏਥੇ ਹੀ ਨਹੀਂ ਮੁਕਦੀ, ਮੇਰੇ ਦਾਦਾ ਜੀ ਦੇ ਦਾਦਾ ਬਾਪੂ ਅਤਰ ਸਿੰਘ ਜੀ ਸਿੱਖ ਰਾਜ ਵੇਲੇ ਤੋਂ ਪੇਂਡੂ ਕਚਹਿਰੀ ਲਾਂਦੇ ਸਨ । ਜਿਹੜੀ ਅੰਗ੍ਰੇਜ਼ੀ ਅਮਲ ਵੇਲੇ ਵੀ ਚੱਲਦੀ ਰਹੀ । ਸਾਡੇ ਪਿੰਡੋਂ ਚਾਰ ਕੋਹ ਚੜ੍ਹਦੇ ਚੱਕ ਰਮਦਾਸ ਦਾ ਲੰਮੇ ਸਫਰਾਂ ਦਾ ਪਾਂਧੀ, ਸੂਬਾ ਗੁਰਚਰਨ ਸਿੰਘ ਵਿਰਕ, ਪਿੱਛੇ ਪਈ ਰਹਿੰਦੀ ਪੁਲਿਸ ਤੋਂ ਬਚਾਅ ਪਾਰੋਂ ਪਿੰਡ ਨਾ ਜਾਂਦਾ । ਆਪਣੇ ਹਮਜੋਲੀ ਸ੍ਰ. ਅਤਰ ਸਿੰਘ ਕੋਲ ਕਿਆਮ ਕਰਕੇ, ਕਿਸੇ ਹੋਰ ਸਫਰ ਨੂੰ ਤੁਰ ਪੈਂਦਾ । ਪਿੱਛਾ ਕਰਕੇ ਪੁਲਿਸ ਨੇ ਪੈੜ ਕੱਢ ਲਈ, ਤਾਂ ਬਾਪੂ ਅਤਰ ਸਿੰਘ ਦੀ ਅਦਾਲਤ, ਅਣਖ ਦੀ ਭੇਟ ਚੜ੍ਹ ਗਈ । ਮਜਿਸਟ੍ਰੇਟੀ ਸੁੰਗੜ ਕੇ, ਬਾਪੂ ਸੰਤ ਸਿੰਘ ਵੇਲੇ ਤੱਕ ਨੰਬਰਦਾਰੀ ਹੀ ਰਹਿ ਗਈ ।

ਏਹ ਮਾਸਟਰ ਜੀ, ਮੇਰੇ ਪੰਜਵੇਂ, ਪਰ ਪੱਕੇ ਮਾਸਟਰ ਜੀ ਹੋ ਗਏ । ਜੋ ਅੱਜ ਤੱਕ ਵੀ ਮੇਰੇ ਮਾਸਟਰ ਜੀ ਹਨ । ਮੇਰੇ ਤੋਂ ਬਾਦ, ਭਾਵੇਂ ਇਹਨਾਂ ਦੇ ਚਾਰ ਪੀਹੜੀਏ



Sri Satguru Jagjit Singh Ji eLibrary NamdhariElibrary@gmail.com

ਸ਼ਗਿਰਦ ਹੋ ਗਏ ਹਨ, ਪਰ ਪਲੇਠਾ ਸ਼ਗਿਰਦ ਹੋਣ ਦਾ ਮਾਣ-ਹੱਕ, ਕਿਸੇ ਨੂੰ ਨਹੀਂ ਲੈਣ ਦਿੱਤਾ। ਇਹਨਾਂ ਨੂੰ ਮੇਰੇ ਕਰਕੇ ਭਾਵੇਂ ਅੱਜ ਤੱਕ ਕੋਈ ਮਾਣ ਨਹੀਂ ਮਿਲਿਆ।

ਮਾਸਟਰ ਅਮਰੀਕ ਸਿੰਘ ਜੀ ਤਨ ਮਨ ਦੇ ਏਨੇ ਸੱਚੇ ਸੁੱਚੇ ਹਨ ਕਿ ਬਹੁਤੀ ਵਾਰੀ ਇਹ ਸਚਿਆਈ ਏਹਨਾਂ ਦੀ ਖੁਆਰੀ ਦਾ ਕਾਰਨ ਬਣ ਜਾਂਦੀ ਹੈ। ਏਸੇ ਕਰਕੇ ਅੰਮ੍ਰਿਤਸਰ ਰਹਿੰਦਿਆਂ, ਦੋ ਵਾਰੀ ਘਰੋਂ ਭਗੌੜੇ ਹੋ ਚੁੱਕੇ ਹਨ। (ਭਗੌੜਾ ਸਾਥੀ ਕਦੇ ਫੇਰ ਸਹੀ) ਜਦੋਂ ਮੈਂ ਇੱਕਲਾ ਰਹਿ ਗਿਆ ਤਾਂ ਚਾਰ ਸਤਰਾਂ ਲਿਖ ਧਰੀਆਂ :

ਤੂੰ ਪੜ੍ਹਿਓ ਮੈਂ ਗੁੜ੍ਹਦਾ ਰਹਿ ਗਿਆ ਤੂੰ ਨੱਸਿਓ ਮੈਂ ਫਸਿਆ !
ਨੌਕਰ ਹੋਇ ਗਿਓਂ ਪਰਦੇਸੀ ਮੈਨੂੰ ਵਾਹੀ ਦੇ ਵਿਚ ਧੱਸਿਆ !
ਛੱਡ ਟ੍ਰੈਕਟਰ, ਮਾਸਟਰ ਬਣਿਓਂ ! ਮੈਂ ਚੁੱਕੀ ਨੰਬਰਦਾਰੀ,
ਤੂੰ ਕਵਿਤਾ ਵਿਚ ਦਰਦ ਭਰੇਂ ਮੈਂ ਕਿਰਤ ਨੂੰ ਕਵਿਤਾ ਦੱਸਿਆ।

ਮਾਸਟਰ ਜੀ ਨੇ, ਬੀਕਾਨੇਰ ਵਿਚ ਸਰਵੇ ਦਾ ਕੰਮ ਕੀਤਾ। ਮੋਢਿਆਂ ਤੇ ਝੰਡੀਆਂ ਚੁੱਕਣ ਤੋਂ ਸ਼ੁਰੂ ਹੋ ਕੇ, ਸਰਵੇਅਰ ਪਦ ਤੱਕ ਪਹੁੰਚ ਕੇ ਛੱਡ ਆਏ। ਫਿਰ ਫਰੀਦਕੋਟੀਏ ਰਾਜੇ ਦੇ ਫਾਰਮਾਂ ਵਿੱਚ ਟ੍ਰੈਕਟਰ ਚਲਾਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਓਥੋਂ ਲਿਆ ਕੇ, ਆਪਣੇ ਟ੍ਰੈਕਟਰ ਤੇ ਲਾ ਲਿਆ। ਏਥੇ ਮੁਖਤਿਆਰਾਂ ਵੱਲੋਂ , ਭਜਾਣ ਦੀ ਹੱਦ ਤਕ ਪ੍ਰੇਸ਼ਾਨ ਕਰਦਿਆਂ, ਸਤਿਗੁਰੂ ਜੀ ਦੀ ਨਜ਼ਰੀਂ ਪੈ ਗਏ। ਓਸੇ ਸਮੇਂ, ਸ੍ਰੀ ਗੁਰੂ ਹਰੀ ਸਿੰਘ ਵਿਦਿਆਲਾ ਸ਼ੁਰੂ ਹੋਣ ਲੱਗਾ ਸੀ। ਹਜ਼ੂਰ ਨੇ ਟ੍ਰੈਕਟਰੋਂ ਹਟਾ ਕੇ, ਏਹਨਾਂ ਦੀ ਮਾਨਸਿਕਤਾ ਮੁਤਾਬਕ ਪੇਸ਼ੇ ਤੇ ਲਾ ਦਿੱਤਾ।

ਇਸ ਵਿਦਿਆਲੇ ਦੇ ਪਹਿਲੇ ਵਿਦਿਆ ਦਾਤਿਆਂ ਦੀ, ਇਹ ਚਾਰ ਬ੍ਰਹਮ ਰਿਸ਼ੀਆਂ ਦੀ ਚਰਿੱਤਰ ਚੌਕੜੀ ਸੀ। ਜਿਨ੍ਹਾਂ ਵਿਦਿਆ ਤੋਂ ਬਹੁਤਾ, ਚਰਿਤਰ ਉਸਾਰੀ ਵੱਲ ਧਿਆਨ ਦਿੱਤਾ। ਇਹਨਾਂ ਰਿਸ਼ੀਆਂ ਵਿਚ ਸਭ ਤੋਂ ਉਮਰ ਅਤੇ ਤਜਰਬੇ ਵਿਚ ਵੱਡੇ, ਮਾਸਟਰ ਸੁਹਾਵਾ ਸਿੰਘ ਜੀ, ਮਾ: ਕਪੂਰ ਸਿੰਘ ਜੀ, ਮਾ: ਦਲੀਪ ਸਿੰਘ ਜੀ, ਨੌਜਵਾਨ ਅਤੇ ਉਤਸ਼ਾਹ ਨਾਲ ਭਰਪੂਰ ਮਾ: ਅਮਰੀਕ ਸਿੰਘ ਜੀ। ਏਹਨਾਂ ਹੱਥੀਂ ਕਹੀਆਂ ਚਲਾ, ਟੋਏ ਟਿੱਬੇ ਪੱਧਰੇ ਕੀਤੇ। ਫੁੱਲ ਬੂਟੇ ਲਾਏ, ਹੱਥੀਂ ਛੱਪਰ ਬੰਨ੍ਹ ਕੇ ਵਿੱਚ ਜਮਾਤਾਂ ਲਾਈਆਂ। ਅੱਜ ਦੀਆਂ ਬਿਲਡਿੰਗਾਂ, ਮੈਦਾਨ, ਹਾਕੀ ਟੀਮਾਂ ਦੀਆਂ ਜੜ੍ਹਾਂ ਵਿਚ, ਏਹਨਾਂ ਦਾ ਖ਼ੂਨ ਪਸੀਨਾ ਰਲਿਆ ਹੋਇਆ ਏ। ਪਹਿਲੇ ਤਿੰਨ ਤਾਂ ਉਮਰਾਂ ਪਕਾ ਕੇ ਸੁਰਖਰੂ ਹੋ, ਚਲੇ ਗਏ ਹਨ। ਪਰ ਮਾਸਟਰ ਅਮਰੀਕ ਸਿੰਘ ਜੀ ਅਜੇ ਭਰ ਜੁਆਨੀ ਦੇ ਜਜ਼ਬੇ ਨਾਲ ਓਤ ਪ੍ਰੋਤ, ਚਾਰ ਪੀਂਹੜੀਆਂ ਦੇ ਮਾਸਟਰ ਜੀ, ਸਦਾ ਬਹਾਰ ਫੁੱਲ ਵਾਂਗ ਖਿੜੇ ਰਹਿੰਦੇ ਹਨ। ਅੱਜ ਦੇ ਪ੍ਰਬੰਧਕ ਇਹਨਾਂ ਨੂੰ ਜਾਣ ਬੁੱਝ ਕੇ-ਭਾਵੇਂ ਅਨਗੌਲਿਆ ਕਰਦੇ ਨੇ, ਪਰ ਇੰਜ ਕਹਿੰਦੇ ਹੋਏ ਏਹ ਸਦਾ ਪ੍ਰਸੰਨ ਰਹਿੰਦੇ ਹਨ।

'ਫੁੱਲ ਖਿੜੇ ਨੂੰ ਜੜ੍ਹ ਦੀ ਮਿੱਟੀ ਨੇ ਕਿਹਾ।



Sri Satguru Jagjit Singh Ji eLibrary NamdhariElibrary@gmail.com

-ਸੋਹਜ ਤੇਰੇ ਵਿੱਚ ਮੇਰਾ ਵੀ ਹੱਥ ਹੈ । (ਮਾ: ਅਮਰੀਕ ਸਿੰਘ)

ਮਾਸਟਰ ਜੀ ਨਿਜੀ ਜੀਵਨ ਦੇ ਮੁਢਲੇ ਸਮੇਂ, ਕਈ ਕਿਸਮ ਦੀਆਂ ਮੁਸ਼ਕਲਾਂ ਨਾਲ ਦੋ ਚਾਰ ਹੁੰਦੇ ਰਹੇ । ਜਦੋਂ ਕਿ ਮੈਂ ਪਰਿਵਾਰਕ ਉਲਝਨਾਂ ਨਾਲ ਪੱਗੋ ਹੱਥੀਂ ਹੁੰਦਾ ਰਿਹਾ ।

ਸਾਡੇ ਦੋਹਾਂ ਦੇ ਪਿਤਾ ਸ੍ਰੀ ਨਿੰਜੀ ਰਿਸ਼ਤੇਦਾਰ ਹੋਂਦਿਆਂ ਅੱਤ ਸਮਝਦਾਰ ਪਰ ਖੁਦਦਾਰ ਸਨ । ਇਕ ਦੋ ਵਾਰ ਖ਼ੁਦਦਾਰੀਆਂ ਆਹਮੋ ਸਾਹਮਣੇ ਹੋ ਗਈਆਂ । ਦੋਹਾਂ ਪਰਿਵਾਰਾਂ ਦਾ ਬੋਲ ਚਾਲ ਬੰਦ ਹੋ ਜਾਂਦਾ ਰਿਹਾ । ਚਾਰ ਭਾਈ ਏਹ, ਚਾਰ ਭਾਈ ਅਸੀਂ, ਅਸਾਂ ਦੋਹਾਂ ਚੋਰੀ ਛਿਪੇ ਮਿਲਦੇ ਰਹਿਣਾ । ਦੁਖ ਸੁਖ ਕਰਕੇ ਅਖੀਰ ਸਫਲ ਹੋਂਦੇ ਰਹੇ ।

ਮੈਂ ਮਾਸਟਰ ਜੀ ਨੂੰ ਕਈ ਵਾਰ ਉਪਰੋਂ ਵਿਨੋਦ ਨਾਲ, ਉਂਝ ਧੁਰ ਅੰਦਰੋਂ-ਸੱਚੇ ਦਿਲੋਂ 'ਮੇਰੇ ਸੱਚੇ ਪਾਤਸ਼ਾਹ' ਕਹਿ ਦੇਂਦਾ ਹਾਂ, ਤਾਂ ਇਹ ਡਰ ਜਹੇ ਜਾਂਦੇ ਹਨ । ਮੈਨੂੰ ਸਭ ਨਾਲੋਂ ਬਹੁਤਾ ਪਤਾ ਹੈ, ਕਿ ਏਹ ਹਕੀਕਤਨ ਹੀ ਕਿੰਨੇ ਸੱਚੇ ਸੁੱਚੇ ਹਨ । ਮੇਰੇ ਨਾਲੋਂ ਸੌ ਗੁਣਾ ਜ਼ਿਆਦਾ ਭਾਵੁਕ ਹਨ । ਪੁਸਤਕਾਂ ਤੇ ਕਵਿਤਾਵਾਂ ਦੇ ਢੇਰ, ਇਸੇ ਭਾਵੁਕਤਾ ਦੀ ਉਪਜ ਹੀ ਤਾਂ ਹਨ । ਏਹ ਭਾਵੁਕਤਾ ਏਨੀ ਸੱਚੀ ਹੈ, ਕਿ ਕਈ ਵਾਰ ਮੁਸ਼ਕਲਾਂ ਵਿਚ ਫਸਾ ਚੁੱਕੀ ਹੈ । ਏਥੋਂ ਤੱਕ ਕਿ ਇੱਕ ਵਾਰ 'ਦੇਸ਼ ਬਦਰ' ਵੀ ਕਰ ਚੁੱਕੀ ਹੈ । ਓਹ ਹੁਲਾਰਾ ਲੰਘ ਜਾਣ । ਤੇ ਜਦੋਂ ਵਿਹਾਰਕ ਧਰਾਤਲ ਤੇ ਔਂਦੇ ਹਨ, ਓਨੀ ਸਚਿਆਈ ਨਾਲ ਹੀ ਪਰਵਾਨ ਵੀ ਕਰ ਲੈਂਦੇ ਨੇ ।

ਮੇਰੇ ਨਾਲ ਤੁਰੇ ਫਿਰਦਿਆਂ ਵੀ ਬਾਰਾਂ-ਚੌਦਾਂ ਪੁਸਤਕਾਂ ਛਪਵਾ ਚੁਕੇ ਨੇ । ਕੁਝ ਖਰੜੇ ਅਜੇ ਹੋਰ ਪਏ ਹੋਣਗੇ । ਜਦੋਂ ਕਿ ਮੈਂ ਪੂਣੀ ਵੀ ਨਹੀਂ ਛੋਹੀ । ਇਸੇ ਕਰਕੇ ਪਲੇਠਾ ਚੇਲਾ ਹੋਣ ਦੀ ਸੰਗ ਵੀ ਆਉਂਦੀ ਹੈ ।

ਚੇਤੇ ਕੀਤਿਆਂ ਵੀ ਚੇਤਾ ਨਹੀਂ ਆ ਰਿਹਾ, ਸਾਡੀ ਦੋਸਤੀ ਦਾ ਮੁੱਢ ਕਿਵੇਂ ਬੱਝ ਗਿਆ । ਦੁਹਾਂ ਦੀ ਅਕਲ ਸ਼ਕਲ ਵਿਚ-ਸੂਰਤ ਸੀਰਤ-ਸੁਭਾਵਾਂ 'ਚ ਵੀ ਢੇਰਾਂ ਫਰਕ ਹੈ। ਏਹ ਗੋਰੇ ਚਿੱਟੇ, ਗੋਭਲੇ ਤੇ ਭੋਲੇ ਭਾਲੇ ਅਤਿ ਸੁੰਦਰ । ਸ੍ਰੀ ਪ੍ਰੀਤਮ ਸਿੰਘ ਜੀ ਕਵੀ ਸਟੇਜ ਸਕੱਤਰੀ ਵੇਲੇ, ਯਸੂ-ਮਸੀਹ ਦੀ ਤਸ਼ਬੀਹ ਦਿਆ ਕਰਦੇ ਸਨ । ਮੈਂ ਨਿੱਕਾ ਹੁੰਦਾ ਗੋਰਾ ਨਛੋਹ-ਕਸ਼ਮੀਰੀ ਲਗਦਾ ਸਾਂ । ਪਰ ਚੇਚਕ ਦੇਵੀ ਦੇ ਪ੍ਰਕੋਪ ਨੇ ਮੇਰਾ ਹੁਲੀਆ ਈ ਬਦਲ ਦਿੱਤਾ । ਨਾ ਉਹ ਰੰਗ ਰੂਪ ਰਿਹਾ, ਨਾ ਨਕਸ਼ੋ ਨਿਗਾਰ । ਸੰਤ ਨਗਰ ਹੋਂਦਿਆਂ, ਇਕ ਅਤਿ ਸੋਹਣੀ ਸਨੁੱਖੀ ਮਸ਼ਹੂਰ ਮੁਟਿਆਰ ਨੇ ਮੈਨੂੰ ਆਖਿਆ, ਤੇਰਾ ਮਾਸਟਰ ਤਾਂ ਨਿਰਾਪੁਰਾ ਬਾਘੜ ਬਿੱਲਾ ਏ, ਪਰ ਹੈ ਈ ਉਂਝ ਬੱਸ .... ।

ਗੋਰੇ ਗੋਭਲੇ ਹੋਣ ਕਰ-ਜਦੋਂ ਨਾਨਕੇ ਪਿੰਡੋਂ ਈ ਵਧੀਆ ਰਿਸ਼ਤਾ ਹੋ ਗਿਆ, ਤਾਂ ਉਹਦਾ ਅੱਜ ਤੱਕ ਮਲਾਲ ਨੇ, ਕਿ ਮੇਰਾ ਨਾਨਕਾ ਮੈਥੋਂ ਖੁੱਸ ਗਿਆ । ਜੇ ਅਜ ਕਿਸੇ ਨੂੰ ਨਾਨਕਿਓਂ ਰਿਸ਼ਤਾ ਮਿਲ ਜਾਇ, ਉਹ ਧੰਨ ਭਾਗ ਸਮਝ ਕੇ ਕੌਡੀ ਫੇਰਾ ਕਰ ਲੈਂਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਮਾਸਟਰ ਜੀ ਕਈ ਵਾਰੀ, ਔਖੇ ਸਮਿਆਂ ਤੇ ਮੇਰੇ ਬੜੇ ਸਹਾਇਕ ਸਿੱਧ ਹੁੰਦੇ ਹਨ। ਮੈਂ ਭੈਣਾਂ, ਧੀਆਂ, ਨੂੰਹਾਂ ਤੋਂ ਪੈਰੀਂ ਹੱਥ ਨਹੀਂ ਲੁਆਂਦਾ। ਪਤਨੀ ਤੋਂ ਵੀ ਨਹੀਂ ਸਾਂ ਲੁਆਂਦਾ। ਸ਼ੁਰੂ ਤੋਂ ਆਦਤ ਹੀ ਨਹੀਂ ਸੀ ਪੈਣ ਦਿੱਤੀ। ਇਹਨਾਂ ਨੂੰ ਮਾਸਟਰ ਜੀ ਹੋਣ ਕਰਕੇ, ਬੱਚਿਆਂ ਤੋਂ ਮੱਥਾ ਟਿਕਾਣਾ ਹੀ ਪੈਂਦਾ ਹੈ। ਜਦੋਂ ਕਦੀ ਮੇਰੇ ਨਾਲ ਹੋਣ, ਘਰ ਜਾਂ ਬਾਹਰ, ਤਾਂ ਮੈਂ ਸ਼ਰੇਆਮ ਐਲਾਨ ਕਰ ਦੇਂਦਾ ਹਾਂ, ਕਿ ਬੱਚੀਓ ! ਮੇਰੇ ਹਿੱਸੇ ਦੇ ਵੀ ਏਹਨਾਂ ਦੇ ਹੀ ਚਰਨ ਪਰਸ ਲਓ। ਛਟਪਟਾਂਦੇ ਤਾਂ ਹਨ, ਪਰ ਫਿਰ ਕੌਣ ਸੁਣਦਾ ਹੈ ?

ਮੇਰਾ ਤੇ ਮਾਸਟਰ ਜੀ ਦਾ, ਆਪਸ ਵਿਚ, ਸੁਭਾਵਾਂ ਦਾ ਬਹੁਤ ਫਰਕ ਹੈ। ਏਹ ਸਿੱਧੇ-ਸਾਦੇ, ਭੋਲੇ-ਭਾਲੇ, ਨਿਰਛਲ ਤੇ ਮੈਂ ਇਹਨਾਂ ਦੇ ਮਗਰੇ ਮਗਰ ਤੁਰਿਆ ਫਿਰਦਾ ਵੀ, ਸਿਆਣਾ ਬਿਆਣਾ ਜਾਪਣ ਦਾ ਜਤਨ ਕਰਦਾ ਹਾਂ।

ਮਾਸਟਰ ਜੀ ਮੇਰੇ ਨਾਲੋਂ ਹੀ ਨਹੀਂ, ਬਹੁਤਿਆਂ ਨਾਲੋਂ ਸਿਹਤ ਪੱਖੋਂ ਤੰਦਰੁਸਤ ਹਨ। ਕਿਉਂਕਿ ਇਹ ਬੇਫਿਕਰ ਫਕੀਰ ਅਤੇ ਅਲਬੇਲੇ ਬਾਦਸ਼ਾਹ ਹਨ। ਭਾਵੇਂ ਕਿੰਨੇ ਗੰਭੀਰ ਮਸਲੇ ਤੇ ਗੱਲਬਾਤ ਹੋ ਰਹੀ ਹੋਵੇ, ਜ਼ਰਾ ਕੁ ਵੇਹਲੇ ਹੋਏ ਨਹੀਂ, ਤੇ ਖ਼ੁਰਾਟਾ ਰਾਗ ਸ਼ੁਰੂ। ਗੁਰਬਾਣੀ ਵਿਚ ਲਿਖਿਐ 'ਭੁਲਣ ਅੰਦਰ ਸਭ ਕੋ, ਪਰ ਏਥੇ ਪਹਿਲਾਂ ਨੰਬਰ, ਮੇਰੇ ਮਾਸਟਰ ਜੀ ਦਾ ਹੈ। ਬਾਕੀ ਹੋਰ ਤਾਂ ਐਵੇਂ ਭੁੱਲੇ ਫਿਰਦੇ ਨੇ।

ਅੱਗੇ ਆ ਗਈ ਗੱਲ ਚੁਟਕਲਾ ਬਾਜ਼ੀ ਦੀ। ਗੱਲ ਗੱਲ ਤੇ ਗੱਲ ਵਿਨੋਦ ਭਰਪੂਰ ਕਰਨੀ-ਸੁਤੇ ਸਿੱਧ ਆਦਤ ਹੈ। ਜਦੋਂ ਗੱਲ ਟਿਕਾਣੇ ਤੇ ਆਈ ਹੋਵੇ-ਫੇਰ ਓਹ ਕਰਨੀ ਹੀ ਕਰਨੀ ਹੈ, ਭਾਵੇਂ ਆਪਣੇ ਉਲਟ ਪੈਂਦੀ ਹੋਵੇ। ਲਿਹਾਜ਼ ਆਪਣਾ ਵੀ ਨਹੀਂ ਕਰਨਾ। ਇਕ ਗੱਲ ਭਾਵੁਕਤਾ ਬਾਰੇ ਫੇਰ ਚੇਤੇ ਆ ਗਈ ਹੈ-ਬਚਪਨ ਵਿਚ ਨਾਨਕੇ ਪਿੰਡ, ਹਿੰਦੂ ਚੱਕ ਆਏ ਹੋਏ ਸਨ। ਪਿੰਡ ਨੇੜੇ ਬਾਗ ਵਾਲੇ, ਖੂਹ ਤੇ ਬੈਠੇ ਹੋਏ ਸਾਂ। ਬਾਪੂ ਜੀ ਕੋਲ ਕਈ ਹੋਰ ਆਦਮੀ ਵੀ ਬੈਠੇ ਸਨ। ਮੇਰੇ ਉਰਦੂ ਦੇ ਉਸਤਾਦ ਮੀਆਂ ਗੁਲਾਮ ਰਸੂਲ ਮੈਨੂੰ ਪੜ੍ਹਾ ਕੇ ਜਾਣ ਲੱਗੇ, ਤਾਂ ਕੁਦਰਤੋਂ ਕੋਲ ਆਏ ਇਕ ਨਿਹੰਗ ਸਿੰਘ ਨੂੰ ਕਹਿ ਬੈਠੇ-ਏਹ ਜੇਹੜੇ ਤੁਸਾਂ ਸਿਰ ਤੇ, ਦੋਹਰੇ ਤੇਹਰੇ ਚੱਕਰ ਸਜਾਏ ਹੋਏ ਨੇ, ਏਹ ਭਾਰ ਕਾਹਦੇ ਲਈ ਚੁੱਕੀ ਫਿਰਦੇ ਓ? ਮੀਆਂ ਜੀ, ਕਹਿ ਕੇ, ਵੀਹ ਤੀਹ ਕਦਮ ਦੂਰ ਗਏ ਹੋਣਗੇ, ਕਿ ਨਿਹੰਗ ਨੇ ਸਿਰ ਤੋਂ ਇੱਕ ਚੱਕਰ ਉਤਾਰ ਕੇ ਉਂਗਲ ਤੇ ਚਾੜ੍ਹ ਕੇ ਘੁਮਾਇਆ ਤੇ ਮੀਆਂ ਜੀ ਵੱਲ ਛੱਡ ਦਿੱਤਾ। ਕੁਦਰਤੋਂ ਮੀਆਂ ਜੀ ਪਿਛਾਂ ਭੌਂ ਕੇ ਵੇਖਿਆ, ਚੱਕਰ, ਸ਼ੂੰ ਕਰਦਾ ਓਹਨਾਂ ਦੇ ਕੰਨ ਕੋਲੋਂ ਦੀ ਲੰਘ ਗਿਆ। ਮੀਆਂ ਜੀ ਤ੍ਰਭਕ ਕੇ ਟਾਹਲੀ ਨਾਲ ਜਾ ਲੱਗੇ। ਸਾਰੇ ਜਣੇ ਸਹਿਮ ਗਏ। ਮੇਰੇ ਕੋਲ ਬੈਠੇ ਮਾਸਟਰ ਜੀ ਦਾ ਰੰਗ ਤਾਂ ਗੋਰੇ ਤੋਂ ਪੀਲਾ ਹੋ ਗਿਆ। ਬਾਪੂ ਜੀ ਨੇ ਨਿਹੰਗ ਨੂੰ ਤਾੜਿਆ, ਤੂੰ ਇਹ ਕੀ ਕੀਤਾ। ਤੂੰ ਤੇ ਹੁਣੇ ਕਤਲ ਕਰ ਦੇਣ ਲੱਗਾ ਸੈਂ ? ਓਹ ਅਸਲੀ ਨਿਹੰਗਾਂ ਵਾਲੀ ਬੋਲੀ 'ਚ ਕਹਿੰਦਾ, ਇਸ ਮੁਸਲੇ ਨੇ, ਮੇਰੇ ਸ਼ਸਤਰਾਂ ਨੂੰ ਵੰਗਾਰਿਆ ਸੀ। ਬਾਪੂ ਜੀ ਨੇ ਭਾਣਜੇ ਦਾ ਜੀਅ ਮਸਾਂ ਟਿਕਾਣੇ ਲਿਆਂਦਾ।



Sri Satguru Jagjit Singh Ji eLibrary NamdhariElibrary@gmail.com

ਮਾਸਟਰ ਜੀ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਮੁਢਲੇ ਰੁਕਨਾਂ ਚੋਂ ਹਨ । ਵਹਿਮੀ ਜੀ ਉਤਸ਼ਾਹ ਤਾਂ ਸਾਰਿਆਂ ਨੂੰ ਦੇਂਦੇ ਸਨ, ਪਰ ਗ੍ਰਹਿਣ ਤਾਂ ਹਰ ਇੱਕ ਨੇ, ਆਪਣੀ ਸਮਰੱਥਾ ਯੋਗਤਾ ਅਨੁਸਾਰ ਹੀ ਕਰਨਾ ਹੁੰਦਾ ਹੈ । ਜਦੋਂ ਪ੍ਰੇਰਨਾ ਅਧੀਨ ਇਕ ਮਹਾਂ ਕਾਵਿ ਸ਼ੁਰੂ ਕੀਤਾ, ਕਿਸੇ ਕਾਰਨ ਅਧ ਵਿਚਾਲੇ ਰਹਿ ਗਿਆ । ਬਾਰਾਂ ਪੰਦਰਾਂ ਸਾਲ ਬਾਦ ਫਿਰ, ਵਹਿਮੀ ਜੀ ਨੇ ਦੁਬਾਰਾ ਸ਼ੁਰੂ ਕਰਾਇਆ ਤਾਂ, ਕਵਿਤਾ ਦੀ ਚਾਲ, ਜਜ਼ਬੇ ਵਿਚ ਕੋਈ ਫਰਕ ਨਹੀਂ ਪਿਆ ।

ਅੱਜ 79 ਵੇਂ ਤੱਕ ਪਹੁੰਚਿਆਂ ਵੀ ਜਜ਼ਬਾ ਓਹੋ ਈ ਹੈ । ਸਭਾ ਦੇ ਵਾਜਬ ਸਰਪ੍ਰਸਤ ਹਨ । ਵਹਿਮੀ ਜੀ ਦੇ ਕਲਮੀ ਵਾਰਸ ਵਜੋਂ 'ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ, ਠੋਕ ਪਰਖ ਕੇ ਹੀ, 51000 ਦਾ ਵਾਜਬ ਸਨਮਾਨ ਦੇ ਕੇ ਨਿਵਾਜਿਆ ਹੈ ।

ਮਾਸਟਰ ਜੀ ਦੇ ਗੁਣ ਬਹੁਤੇ, ਮੈਂ ਕੁਛ ਕੁ ਵਰਨਣ ਕਰ ਸਕਿਆ ਹਾਂ । ਮੇਰੇ ਦਿਲਦਾਰ, ਮੇਰੇ ਭੋਲੇ ਭਾਲੇ, ਨਿਰਛਲ ਸੱਜਣ, ਮਾਸਟਰ ਜੀ ਬਾਰੇ ਗੁਣਬਾਣੀ ਆਸਰੇ, ਆਪਣੀ ਕਲਮ ਨੂੰ ਵਿਰਾਮ ਦੇਂਦਾ ਹਾਂ । ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ' ਅਤੇ ਕਾਦਰ ਅਗੇ ਅਰਜੋਈ ਕਰਦਾ ਹਾਂ ਸ਼ਾਲਾ ! ਸਾਡੀ ਇੰਜੇ ਈ ਨਿਭ ਜੈ ।

ਬਹੁਤ ਗਈ, ਥੋੜੀ ਰਹੀ, ਏਹ ਵੀ ਇਓਂ ਨਿਭ ਜਾਇ ।
ਕਹਿ ਕਿਸਾਨ ਹੇ ਕਾਦਰਾ-ਪਿਆਰ 'ਚ ਭੰਗ ਨਾ ਪਾਇ ॥

****



Sri Satguru Jagjit Singh Ji eLibrary NamdhariElibrary@gmail.com

# ਗਿਆਨ ਸੂਰਜ

## ਪੰਡਿਤ ਗੋਪਾਲ ਸਿੰਘ ਜੀ

ਓਹ ਜ਼ਾਲਿਮ ਸੋਹਣਾਂ ਈ ਏਡਾ ਏ ਕਿ ਓਹਦੇ ਕੋਲ ਬਹਿ ਕੇ, ਜੇ ਧਿਆਨ ਨਾਲ ਵੇਖਣ ਲਗ ਜਾਓ ਤਾਂ 'ਖ਼ੂਬਸੂਰਤ' ਸ਼ਬਦ ਵੀ ਸ਼ਰਮਾਣ ਲਗ ਪੈਂਦਾ ਏ ।

ਓਹਦੇ ਹੋਠਾਂ ਨੂੰ ਪਿੱਪਲ ਪੱਤੀਆਂ ਨਾਲ ਤਸ਼ਬੀਹ ਦੇਣੀ ਬੇ ਅਦਬੀ ਏ । ਲੋੜੀਦੀ ਸਾਂਭ ਸਿੱਕਰ ਕੇ ਰੱਖੀ ਹੋਈ-ਕੱਕੀ ਭੂਰੀ ਬੜੀ ਫੱਬਵੀਂ, ਸਫੈਦੀ ਮਾਇਲ ਸੁਬਕ ਦਾੜ੍ਹੀ, ਨੀਮ ਸੁਰਖ਼ ਗੋਰਾ ਰੰਗ ਕਿ ਗੁਲਾਬੀ ਗੁਲਾਬ ਨੂੰ ਵੀ ਮੁੜ੍ਹਕਾ ਆ ਜਾਇ । ਸਿਖਾਂ ਦੇ ਹੋ ਚੁੱਕੇ ਸੱਭ ਤੋਂ ਵਡ ਉਮਰੇ ਗੁਰੂ-ਸ੍ਰੀ ਗੁਰੂ ਅਮਰ ਦਾਸ ਜੀ ਦੇ ਰਚੇ ਤੀਰਥ ਗੋਇੰਦਵਾਲ ਦੀ ਬਉਲੀ ਦੀਆਂ ਪਉੜੀਆਂ, ਗੁਰਬਾਣੀ ਅਨੁਸਾਰ ਏਨੇ ਹੀ ਲੱਖ ਜੂਨਾਂ, ਸਿਖਾਂ ਤੇ ਭਾਰੂ ਚੁਰਾਸੀਵੇਂ ਵਰ੍ਹੇ ਵਿਚ ਵੀ ਰਵੇਲ ਦੀਆਂ ਕਲੀਆਂ ਵਰਗੇ ਸੁਘੜ ਕਾਰੀਗਰ ਦੇ ਧਿਆਨ ਨਾਲ ਜੜੇ ਹੋਏ ਪੂਰੇ ਦੇ ਪੂਰੇ ਬੱਤੀ ਮੋਤੀ ਦੰਦ, 6 ਫੁੱਟ ਦੇ ਨੇੜੇ ਤੇੜੇ ਸੁਰਖ਼ ਸਫੈਦੇ ਵਰਗਾ ਸਿੱਧਾ ਸਤੋਰ ਅਣਝੁਕਿਆ ਸਰੀਰ, ਮਸਤਕ ਦਾ ਜਲਾਲ ! ਵੇਦਾਂ ਚ ਲਿਖੇ ਅਵਤਾਰਾਂ ਵਰਗਾ, ਅੱਖਾਂ ਦੀ ਤੱਕਣੀ, ਓ ਮੇਰਿਆ ਰੱਬਾ !

ਦੋਹਰਾ ਦਰਵਾਜ਼ਾ ਖੋਹਲ, ਝੱਮ ਝੱਮ ਕਰਦੇ ਕਮਰੇ 'ਚ ਵੜਦਿਆਂ, ਖੱਬੇ ਹੱਥ ਉਚੇ ਸੁਖ ਆਸਣ ਤੇ ਚੌਕੜਾ ਮਾਰ ਕੇ ਬੈਠਿਆਂ ਵੇਖ, ਪਰਨਾਮ ਕਰਨ ਤੇ ਜੀ ਕਰ ਆਉਂਦੈ। ਏਨੇ ਮਿੱਠੇ ਮੋਹਣੇ ਤਰੀਕੇ ਨਾਲ ਜੀ ਆਇਆਂ ਕਹਿਕੇ ਬਹਿਣ ਦਾ ਇਸ਼ਾਰਾ ਕਰਨਗੇ, ਜੀ ਕਰੇਗਾ ਏਥੇ ਈ ਬੈਠੇ ਰਹੀਏ । ਤੁਰਤ ਫੁਰਤ ਮੁੰਡਿਆਂ ਵਾਂਗ ਉਠ, ਸਾਫ ਸੁਥਰੀ ਰਸੋਈ ਚੋਂ ਲੋੜੀਂਦਾ ਜਲ ਪਾਣੀ ਛਕਾ ਕੇ ਫਿਰ ਹੋਰ ਸੇਵਾ ਪੁੱਛਣਗੇ । ਕਈ ਹੋਰ ਵੀ ਮੇਰੇ ਵਰਗਿਆਂ ਵਾਸਤੇ, ਉਚੇਚਾ ਰੱਖਿਆ ਦਹੀਂ-ਦੇ ਕੇ ਕੋਲ ਰਹਿੰਦੇ ਸਿਖਿਆਰਥੀਆਂ ਵਿਚੋਂ ਕਿਸੇ ਨੂੰ ਕਹਿਣਗੇ "ਕੌਲਾ ਫੜ ਲੈਣਾ" । ਜੇ ਕੋਈ ਨਾ ਹੋਵੇ ਤਾਂ ਮੇਰੇ ਆਲਸ ਨੂੰ ਚੁਨੌਤੀ ਦੇਣ ਵਾਂਗ ਨਹੀਂ, ਆਪਣੀ ਸਾਧਾਰਣ ਨਿਰਮਾਣਤਾ ਵਿਚ ਹੀ-ਉੱਦਮ ਨਾਲ ਬਰਤਨ **ਫੜ**, ਓਸੇ ਵੇਲੇ ਸਾਫ ਕਰ, ਲਿਸ਼ਕਾ, ਥਾਂ ਸਿਰ ਟਿਕਾ ਕੇ ਹੀ ਦਮ ਲੈਣਗੇ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਡੁਲ੍ਹ ਡੁਲ੍ਹ ਪੈਂਦੀ, ਰੋਗੀਆਂ-ਬਿਰਧਾਂ-ਗੁਣ ਵਾਨਾਂ ਬਾਰੇ ਉਦਾਰਤਾ ਦਾ ਨਮੂਨਾ, ਉਚੇਚੇ ਤਿਆਰ ਕਰਕੇ ਦਿੱਤੇ ਹੋਏ ਬੈਠਣ ਕਮਰੇ, ਰਸੋਈ-ਇਸ਼ਨਾਨ ਘਰ ਵਗੈਰਾ 'ਚ ਕੋਈ ਚੀਜ਼ ਵੀ ਕੁਥਾਂ ਨਹੀਂ ਹੋਵੇਗੀ । ਚੁੱਕ ਲਿਜਾਣਿਆ ਤੋਂ ਡਰਦਿਆਂ ਸ਼ਾਇਦ, ਅਖ਼ਬਾਰ ਉਰਦੂ ਦੀ ਹੀ ਪੜਕੇ ਪੜਛੱਤੀ ਤੇ ਰੱਖ ਲੈਣਗੇ ।

ਆਪਣੀ ਮਿਸਾਲ ਆਪ-ਭਾਈ ਕਾਹਨ ਸਿੰਘ ਜੀ ਨਾਭਾ, ਦਾ ਮਹਾਨ ਕੋਸ਼ ਆਦਿ ਜ਼ਰੂਰੀ ਪੁਸਤਕਾਂ, ਅਨੇਕ ਆਣ ਜਾਣ ਵਾਲੇ ਅਣਗਹਿਲਿਆਂ ਤੋਂ ਬੱਚਾਣ ਪਾਰੋਂ-



Sri Satguru Jagjit Singh Ji eLibrary NamdhariElibrary@gmail.com

ਤਾਲੇ ਬੰਦ ਕਰਕੇ ਚਾਬੀ ਜੇਬ 'ਚ ਹੀ ਰੱਖਣਗੇ ।

ਕਪੜਾ ਮਹਿੰਗੇ ਤੋਂ ਮਹਿੰਗਾ ਤੇ ਮੋਟਾ ਠੁੱਲ੍ਹਾ ਖੱਦਰ ਵੀ ਪਾਇਆ ਹੋਇਆ ਫੱਬ ਫੱਬ ਪੈਂਦਾ ਏ । ਹਮੇਸ਼ਾ ਨਾਮਧਾਰੀ ਕਾਟ ਦਾ ਚੂੜੀਦਾਰ ਪਜਾਮਾ, ਮੱਲੇ ਤਰੀਜ਼ਾ ਤੇ ਸੰਜਾਫ ਵਾਲਾ ਕੁੜਤਾ, ਸੀਸ ਤੇ ਦਸਤਾਰ-ਭਾਵੇ ਚਾਰ ਪੇਚ ਪਰਨਾ ਜਾਂ ਅੱਠ ਪੇਚ ਲੰਮਾ ਖਦੱਰ-ਸਿਲਕ ਦਾ-ਬਿਨਾਂ ਸ਼ੀਸ਼ੇ ਤੋਂ ਬੰਨ੍ਹਿਆ ਨਹੀਂ, ਸਜਾਇਆ ਹੋਇਆ ਦਸਤਾਰਾ ਖਿੜ ਖਿੜ ਪਿਆ ਪਏਗਾ । ਨਿਰਮਾਣਤਾ ਨਾਲ ਜਦੋਂ ਕਹਿਣਗੇ, ਮੈਨੂੰ ਗਰੀਬ ਨੂੰ ਦਰਸ਼ਨ ਦੇਣ ਦੀ ਬੜੀ ਕਿਰਪਾ ਕੀਤੀ ਜੇ, ਤਾਂ ਗਰੀਬੀ ਵਾਲੀ ਗੱਲ ਨਕਲੀ ਜਹੀ ਜਾਪਣ ਲਗ ਪੈਂਦੀ ਏ-ਸ਼ਾਹਾਨਾਂ ਠਾਠ ਵੇਖ ਕੇ ।

ਸ੍ਰੀ ਭੈਣੀ ਸਾਹਿਬ ਰਹਿਣ ਸਮੇਂ ਸ੍ਰੀ ਸਤਿਗੁਰੂ ਜੀ, ਵਰਨੀਆਂ 'ਚ ਨਮਸਕਾਰ ਸਮੇਂ ਪੰਡਿਤ ਜੀ ਨੂੰ ਨਿਵਾਜਣਾ ਨਹੀਂ ਭੁੱਲਦੇ, ਡੇਰਾ ਨੇੜੇ ਹੋਣ ਕਰਕੇ ।

ਮੈਂ ਇਕ ਦਿਨ ਸਹਿਵਨ ਪੁੱਛ ਲਿਆ, ਪੰਡਿਤ ਜੀ ! ਭਜਨ ਕਿਦ੍ਹੇ ਕੋਲੋਂ ਤੇ ਕਦੋਂ ਲਿਆ ਸਾ ਜੇ ? ਝੱਟ 1935 'ਚ ਚਲੇ ਗਏ । "ਖਲੋ ਕੇ ਦੀਵਾਨ ਲਾਣ ਦੇ ਮੋਢੀ, ਕੂਕਿਆਂ ਦੇ ਅਤਿ ਪ੍ਰਸਿੱਧ ਪ੍ਰਚਾਰਕ, ਸੂਬੇ ਸੰਤ ਭਗਤ ਸਿੰਘ ਜੀ ਦਾਤੇ ਵਾਲਿਆਂ ਨੇ-ਮੂੰਹ ਚਿਤ ਲੱਗਦਾ ਤੇਜ਼-ਤਰਾਰ ਮੱਸ ਫੁੱਟ ਮੁੰਡਾ ਵੇਖ ਕੇ, ਦੋਹਾਂ ਕੰਨਾਂ ਵਿਚ ਪੰਜ ਵਾਰੀ ਨਾਮ-ਅੰਮ੍ਰਿਤ ਪ੍ਰਵਾਹਤ ਕਰ ਦਿੱਤਾ ।

"ਭਜਨ ਮਿਲਦਿਆਂ, 'ਸੁੱਧ ਕੀ ਨਾ ਸੁੱਧ ਰਹੀ, ਦੀਆਂ ਸਾਖੀਆਂ ਚੇਤੇ ਕਰਕੇ ਮੈਂ ਅਰਜ਼ ਕੀਤੀ ਸੰਤ ਜੀ, ਮੈਨੂੰ ਤੇ ਕੁਝ ਵੀ ਨਹੀਂ ਹੋਇਆ, ਹਾਜ਼ਰ ਜੁਆਬੀ ਦੀ ਸਿਖ਼ਰ ਸੂਬਾ ਜੀ ਨੇ ਫੁਰਮਾਇਆ, ਤੈਨੂੰ ਮਸਤਾਨਾ ਨਹੀਂ ਕਰਨਾ । ਤੈਨੂੰ ਤਾਂ ਨਾਮਧਾਰੀ ਪੰਥ ਦਾ ਸਭ ਤੋਂ ਲੰਮ ਚਿਰਾ ਪ੍ਰਚਾਰਕ ਬਨਾਣਾ ਏਂ ।"

ਏਹੋ ਈ ਸਮਾਂ ਸੀ, ਜਦੋਂ ਮਹਾਨ ਦੂਰਦ੍ਰਿਸ਼ਟਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ, ਇਸ ਮਾਣਕ ਨੂੰ ਪਛਾਣ ਕੇ, ਸਵਾਰ ਲਿਸ਼ਕਾਰ ਕੇ ਨਿਰਾ ਪੰਜਾਬ ਜਾਂ ਭਾਰਤ ਈ ਨਹੀਂ, ਹੋਰ ਵੀ ਕਈ ਦੇਸਾਂ ਦੇ ਲੋਕਾਂ ਨੂੰ ਇਸਦੀ ਚਿਲਕੋਰ ਨਾਲ ਚਕਾਚੌਂਧ ਕੀਤਾ ।

ਹੁਣ ਤਾਂ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਨੂੰ ਤਲੀ ਦੇ ਫੋੜੇ ਵਾਂਗ-ਹਰ ਪੱਖੋਂ ਸੰਭਾਲ ਕੇ ਰੱਖਣ ਪਾਰੋਂ, ਦੀਵਾਨ ਲਾਣ ਦੀ ਖੇਚਲ ਤੋਂ ਵੀ, ਹੁਕਮਨ ਪ੍ਰਹੇਜ਼ ਕਰਾਇਆ ਹੋਇਐ । ਪਰ ਮੈਂ ਅੱਖੀਂ ਡਿੱਠਾ ਹੋਇਆ ਏ ਕਿ ਇਹਨਾਂ ਦੇ ਦੀਵਾਨ ਵਿਚ, ਮਾਸ ਸ਼ਰਾਬ ਛੱਡਣ ਤੇ ਭਜਨ ਲੈਣ ਵਾਲੇ ਮਰਦਾਂ ਦੀਆਂ ਅੱਡ ਤੇ ਬੀਬੀਆਂ ਦੀਆਂ ਅੱਡ ਲੰਮੀਆਂ ਲਾਇਨਾਂ ਲੱਗ ਜਾਂਦੀਆਂ ਸਨ । ਮਸਤਾਨੇ ਭੰਬਟਾਂ ਵਾਂਗ ਡਿਗ ਡਿਗ ਪੈਂਦੇ । ਦੀਵਾਨ ਬਾਦ ਜਿੱਧਰ ਨੂੰ ਜਾਂਦੇ, ਦਰਸ਼ਨਾਂ ਪਰਸ਼ਨਾਂ ਦੇ ਜਾਚਿਕ-ਜਿਵੇ ਗੁੜ ਤੇ ਮੱਖੀਆਂ ..... ।

ਸੁਖਆਸਣ ਤੇ ਬੈਠਿਆਂ ਅਗੇ ਜਗਿਆਸੂ, ਵੱਖੋ ਵਖੱਰੀ ਕਿਸਮ ਦੀਆਂ ਜਗਿਆਸਾ ਪ੍ਰਗਟ ਕਰਦੇ ਜਾਣਗੇ, ਤੇ ਇਹ ਅਡੋਲ ਬੈਠੇ-ਮਦਾਰੀ ਦੇ ਪਟਾਰੇ ਵਾਂਗ-ਹਰ ਸਵਾਲ ਦਾ



Sri Satguru Jagjit Singh Ji eLibrary NamdhariElibrary@gmail.com

ਜੁਆਬ, ਸਮੇਤ ਨਿੱਕੀਆਂ ਵਡੀਆਂ ਸਾਖੀਆਂ ਸਹਿਜ ਸੁਭਾ ਕੱਢ ਕੱਢ ਧਰੀ ਜਾਣਗੇ । ਕਾਰੇ ਕਜ਼ਾ ਜੇ ਕੋਈ ਨਿੱਕੀ ਜਹੀ ਗੱਲ ਵੀ ਭੁਲ ਜਾਇ ਤਾਂ ਆਖਣਗੇ, "ਬੱਸ ! ਚੇਤਾ ਤੇ ਹੁਣ ਰਿਹਾ ਈ ਕੋਈ ਨਹੀਂ । ਪਹਿਲਾਂ ਤੇ ਕਦੀ ਏਦਾਂ ਹੋਇਆ ਈ ਨਹੀਂ ਸੀ । ਜੀਕੂੰ ਹੁਣ ਹੋਣ ਲਗ ਪਿਐ ।" ਪਾਕਿਸਤਾਨੀ ਪੇਂਡੂ ਪੰਜਾਬੀ ਦੇ ਐਹੋ ਜਹੇ ਪੁਰਾਣੇ ਸ਼ਬਦ ਬੋਲਣਗੇ, ਨਵੇਂ ਪੜ੍ਹਾਕੂ ਮੂੰਹ ਈਂ ਵੇਂਹਦੇ ਰਹਿਣਗੇ । ਇਤਿਹਾਸਕ, ਪੌਰਾਣਕ, ਨਵੇਂ ਪੁਰਾਣੇ ਗ੍ਰੰਥਾਂ ਪੰਥਾਂ ਦੀਆਂ- ਚੁਰਾਸੀ ਲੱਖ ਤਾਂ ਅਤਿਓਕਤੀ ਹੋਇਗੀ, ਚੁਰਾਸੀ ਹਜ਼ਾਰ ਸਾਖੀਆਂ ਤਾਂ ਜ਼ਰੂਰ ਹੀ ਕੰਠਸਥ ਹੋਣਗੀਆਂ । ਜਿੰਨਾ ਦੀ ਵੰਨ ਸੁਵੰਨਤਾ ਵੇਖ ਕੇ ਈ ਪਿਛਲੇਰੇ ਸਾਲ, ਸ੍ਰੀ ਸਤਿਗੁਰੂ ਜੀ ਨੇ ਪੰਡਿਤ ਗੁਪਾਲ ਸਿੰਘ ਜੀ ਨੂੰ 'ਗਿਆਨ ਮਾਰਤੰਡ', ਦੀ ਪਦਵੀ ਪ੍ਰਦਾਨ ਕਰਕੇ ਸਨਮਾਨਤ ਕੀਤਾ ਸੀ ।

ਪੰਡਿਤ ਜੀ ਨੇ ਸ੍ਰੀ ਭੈਣੀ ਸਾਹਿਬ ਰਹਿ ਕੇ, ਜਿਹੜੀ ਜਥੇਦਾਰਾਂ ਦੀ ਨਵੀਂ ਪਨੀਰੀ ਤਿਆਰ ਕੀਤੀ ਏ, ਜੇ ਓਹ ਪੰਡਿਤ ਜੀ ਤੋਂ ਇਸ ਉਮਰ ਵਿਚ ਵੀ, ਨਿੱਤ ਨਵਾਂ ਪੜ੍ਹਦੇ ਰਹਿਣ ਦੀ ਜਾਚ-ਹੋਰ ਅਗੇਰੇ ਵਧਣ ਵਾਸਤੇ ਸਿੱਖ ਲੈਣ ਤਾਂ ਇਹ ਸੋਨੇ ਚੋਂ ਸੁਗੰਧੀ ਔਣ ਵਾਲੀ ਗੱਲ ਬਣ ਸਕਦੀ ਏ ।

ਸ੍ਰੀ ਪੰਡਿਤ ਜੀ ਵਲੋਂ ਸੁਤੇ ਸਹਿਜ ਪ੍ਰਕਾਸ਼ਿਆ ਜਾ ਰਿਹਾ ਅਨੇਕ ਪੱਖੀ ਗਿਆਨ ਦਾ ਪ੍ਰਕਾਸ਼, ਜਿਵੇਂ ਕਿ ਸੋਹਜ, ਸੇਵਾ, ਸਤਕਾਰ, ਦੂਸਰੇ ਦੀ ਗੱਲ ਧਿਆਨ ਨਾਲ ਸੁਣਨਾਂ, ਆਪਣੀ ਗੱਲ ਅਧਿਕਾਰ ਨਾਲ ਕਹਿਣੀ ਤੇ ਜੇ ਕੋਈ ਇਹਨਾਂ ਦੇ ਵਿਸ਼ਵਾਸ ਨੂੰ ਠੋਕਰ ਲਾਣ ਦੀ ਕੋਸ਼ਿਸ਼ ਕਰੇ ਤਾਂ ਉਸਨੂੰ ਆਪਣੀ ਪ੍ਰਚੰਡ ਸ਼ਬਦਾਵਲੀ ਦਾ ਮਜ਼ਾ ਵੀ ਚਖੌਣਾ ।

ਸ੍ਰੀ ਭੈਣੀ ਸਾਹਿਬ ਨਿਵਾਸ ਕਰ ਰਹੇ ਮਾਸਟਰ ਦਰਸ਼ਨ ਸਿੰਘ ਜੀ ਅਤੇ ਮਾ. ਅਜੀਤ ਸਿੰਘ ਜੀ ਚੀਮਾਂ ਵਰਗੇ, ਇਸ ਦਿਮਾਗੀ ਭੰਡਾਰੇ ਨੂੰ ਕਲਮ ਬੱਧ ਕਰ ਲੈਣ ਤਾਂ ਇਹ ਪੰਥ ਸਿਰ ਬੜਾ ਵੱਡਾ ਉਪਕਾਰ ਹੋਇਗਾ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਬਖਸ਼ੇ-ਤਨ-ਮਨ-ਸੁਖ ਸੋਭਾ ਦਾ ਬਖਾਨ, ਸ੍ਰੀ ਪੰਡਿਤ ਜੀ ਵੱਲੋਂ-ਉਨਮੁਕਤ ਕੰਠ-ਹਰ ਸਮੇਂ ਹੀ ਚੱਲਦਾ ਰਹਿੰਦਾ ਏ । ਮੇਰੀ ਕਾਮਨਾ ਏ ਸਾਡੇ ਸਮੇਂ ਦੇ ਵੇਦ ਵਿਆਸ ਜੀ, ਗੁਰੂ ਕਿਰਪਾ ਨਾਲ ਤੰਦਰੁਸਤੀ ਦਾ ਸੁਖ ਭੋਗਦੇ ਹੋਏ ਚਿਰੰਜੀਵੀ ਰਹਿਣ ।

**************



Sri Satguru Jagjit Singh Ji eLibrary NamdhariElibrary@gmail.com

# ਪਿਤਾ ਦਾ ਰਹਿਬਰ ਪੁੱਤਰ

ਪਿਡੋਂ ਚੜ੍ਹਦੇ ਨੇੜਲੇ ਖੂਹ ਤੇ, ਸੇਰੂ ਜੋੜਵੇ ਦੋ ਮੰਜਿਆਂ ਤੋਂ ਚੌੜੀ, ਦਸ ਮੰਜਿਆਂ ਤੋਂ ਲੰਮੀ ਪੱਕੀ ਬੈਠਕ ਬਣੀ ਹੋਈ ਏ । ਜਿਦੇ ਪਹਾੜ ਪਾਸੇ ਵੱਲ ਦੇ ਦਰਵਾਜ਼ਿਆਂ ਸਾਹਵੇ ਦੋ ਪਿੱਪਲ, ਇਕ ਸੰਘਣੀ ਫਲਾਹੀ ਥੱਲੇ ਅਰਧ ਚੰਦ੍ਰਾਕਾਰ ਕੱਚਾ ਥੜ੍ਹਾ ਬਣਿਆਂ ਹੋਇਆ ਹੈ। ਜਿਸ ਦੇ ਬਾਹਰਵਾਰ ਓਸੇ ਤਰ੍ਹਾਂ ਗੁਲਾਈਦਾਰ ਖ਼ੁਰਲੀ ਬਣੀ ਹੋਈ ਏ, ਜਿਦ੍ਹੇ ਤੇ 12-14 ਮਝਾਂ-ਗਊਆਂ ਪੱਠੇ ਖਾ ਕੇ ਜੁਗਾਲੀ ਕਰਦੀਆਂ ਪਈਆਂ ਨੇ । ਥੜ੍ਹੇ ਦੀ ਗੁਲਾਈ ਦੇ ਅੰਦਰਵਾਰ ਦੋ ਵਡੇ ਤਖ਼ਤ ਪੋਸ਼, ਇਕ ਏਧਰ ਇਕ ਓਧਰ ਟਿਕਾਏ ਹੋਏ ਨੇ । ਜਿਨ੍ਹਾਂ ਚੋਂ ਇੱਕ ਤੇ ਚਾਰ ਹੱਥ ਤੋਂ ਲੰਮਾਂ, ਢਾਈ ਮਣ ਤੋ ਵਧ ਵਜ਼ਨੀ, ਲਾਲੀ ਮਿਲੇ ਗੋਰੇ ਰੰਗ, ਖੁਲ੍ਹੇ ਮਸਤਕ, ਮਸਤ ਨੁਕੀਲੇ ਨੇਤਰਾਂ, ਉਚੇ ਤਿੱਖੇ ਮਰਦਾਵੇ ਨੱਕ, ਗਿੱਠ ਕੁ ਲੰਮੇ ਸਿੱਧੇ ਕਰੜ ਬਰੜੇ ਦਾਹੜੇ, ਬਿਨਾਂ ਕੁੰਢਾਂ ਤੋਂ ਸੰਭਾਲੇ ਹੋਏ ਮੁਛੈਹਰਿਆਂ ਵਾਲਾ ਸਰਦਾਰ ਬੈਠਾ ਏ । ਜਿਸ ਨੇ ਸੀਸ ਤੇ ਪੇਂਡੂ ਤਰੀਕੇ ਨਾਲ, ਪਿੱਛੇ ਚੱਪਾ ਕੁ ਲੜ ਛੱਡ ਕੇ ਚਿ[illegible] ਸਜਾਇਆ ਹੋਇਆ ਏ । ਖੁੱਲੀਆ ਬਾਹੀਂ ਵਾਲਾ ਸਫ਼ੈਦ ਕੁੜਤਾ, ਲੱਕ ਧੜ ਧੜ ਕਰਦੇ ਲੱਠੇ ਦਾ ਚਾਦਰਾ ਬੰਨ੍ਹੀ, ਹਿੰਦੂ ਚੱਕ ਦੀ ਚੁਹਾਈ ਦਾ ਮਾਲਕ ਸ੍ਰ: ਅਤਰ ਸਿੰਘ ਹੈ । ਥੜ੍ਹੇ ਅਤੇ ਦੂਸਰੇ ਤਖ਼ਤ ਪੋਸ਼ ਤੇ ਪਿੰਡ ਦੇ ਹੋਰ ਜ਼ਿਮੀਦਾਰ, ਜਾਂ ਸ੍ਰ: ਦੇ ਮੁਜ਼ਾਰੇ ਬੈਠੇ ਗੱਲੀ ਜੁੱਟੇ ਹੋਏ ਨੇ ।

ਤਦੋਂ ਚੜ੍ਹਦੇ ਪਾਸੇ-ਕਿਲ੍ਹਾ ਮੱਲਾ ਸਿੰਘ ਵਲੋਂ ਲੰਬਾ ਤੜੰਗਾ 30-35 ਸਾਲ ਦਾ ਜੁਆਨ, ਧੂੜ ਭਰੀਆਂ ਲੱਤਾ, ਸਿਰ ਤੇ ਚਿੱਟਾ ਜਿਹਾ ਗੋਲ ਪਰਨਾਂ ਬੰਨ੍ਹੀ ਕਾਹਲੀ ਨਾਲ ਆਇਆ, ਅਤੇ ਜਾਣੂਆਂ ਵਾਂਗ ਸ੍ਰ: ਨੂੰ ਸਤਿ ਸ੍ਰੀ ਅਕਾਲ ਬੁਲਾਕੇ ਪੁੱਛਣ ਲੱਗਾ, ਸੰਤ ਦਿਆਲ ਸਿੰਘ ਜੀ ਕਿੱਥੇ ਮਿਲਣਗੇ ? ਸ੍ਰ: ਨੇ ਪਹਾੜ ਵੱਲ ਬਾਂਹ ਲੰਮਿਆਰ ਕੇ ਔਹ ! ਜਿੱਥੇ ਫਲ੍ਹੇ ਵਗਦੇ ਨੇਂ ------

ਔਣ ਵਾਲੇ ਨੇ ਸਾਰੀ ਗੱਲ ਵੀ ਨਾਂ ਸੁਣੀਂ ਤੇ ਓਧਰ ਨੂੰ ਵਾਹੋ ਦਾਹੀ ਤੁਰ ਪਿਆ। ਓਹਨੂੰ ਦੂਰੋਂ ਔਂਦਾ ਵੇਖ ਕੇ, ਦਿਆਲ ਸਿੰਘ ਨੇ ਤ੍ਰੰਗਲੀ ਛੱਡ ਕੇ ਪਾਣੀਂ ਪੀ ਲਿਆ, ਅਤੇ ਅਗੇ ਵਧ ਕੇ ਇਕ ਦੂਜੇ ਦੇ ਚਰਨੀ ਹੱਥ ਲਾਕੇ ਸਤਿ ਸ੍ਰੀ ਅਕਾਲ ਦਾ ਵਟਾਂਦਰਾ ਕੀਤਾ । ਔਣ ਵਾਲੇ ਨੂੰ ਜਲ ਛਕਣ ਦੀ ਬੇਨਤੀ ਕੀਤੀ ਗਈ, ਤਾਂ ਓਹਨੇਂ ਤਹਿ ਕੀਤਾ ਹੋਇਆ ਕਾਗਜ ਦਿਆਲ ਸਿੰਘ ਦੇ ਹੱਥ ਫੜਾਂਦਿਆਂ ਆਖਿਆ, ਜਲ ਮੈਂ ਆਪੇ ਈ ਛੱਕ ਲਵਾਂਗਾ, ਦੋਹਾਂ ਦੀ ਹੋਰ ਕੋਈ ਗੱਲ ਆਪਸ ਵਿਚ ਨਹੀ ਹੋਈ। । ਦਿਆਲ ਸਿੰਘ ਨੇ ਕਾਗਜ਼ ਚੁੰਮ ਕੇ ਛਾਤੀ ਨਾਲ ਘੁੱਟਿਆ, ਫਿਰ ਸੀਸ ਤੇ ਦਸਤਾਰੇ ਚ ਟੁੰਗ ਲਿਆ ਅਤੇ ਲਹਿੰਦੇ ਪਹਾੜ ਦੀ ਗੁੱਠ ਨੂੰ ਕਾਹਲ਼ੇ ਪੈਰੀਂ ਵੱਗ ਤੁਰਿਆਂ । ਆਪਣੇ ਬੰਦਿਆਂ ਦੀ ਨਜ਼ਰੋਂ ਓਹਲੇ ਹੋ ਕੇ ਦੁੜਕੀ


Sri Satguru Jagjit Singh Ji eLibrary NamdhariElibrary@gmail.com

ਪੈ ਗਿਆ । ਚਿੱਠੀ ਦੇਣ ਵਾਲੇ ਨੇਂ, ਦਿਆਲ ਸਿੰਘ ਦੇ ਗੜਵੇ ਚੋਂ ਜਲ ਛਕਿਆ, ਫਿਰ ਓਸੇ ਤਰ੍ਹਾਂ ਗੜਵਾ ਲਪੇਟ ਕੇ ਪਿੱਛਲ ਪੈਰੀ ਹੋ ਗਿਆ ।

ਰਾਤ ਨੂੰ ਕੁਵੇਲੇ ਆਏ ਦਿਆਲ ਸਿੰਘ ਨੂੰ, ਪਿਤਾ ਸ੍ਰ: ਅਤਰ ਸਿੰਘ ਨੇ ਕੋਲ ਬਿਠਾ ਕੇ, ਸਹਿਜ ਨਾਲ ਆਖਿਆ, ਅੱਜ ਓਸ ਕੂਕੇ ਦੇ ਔਣ ਅਤੇ ਤੇਰੇ ਇਕ ਦਮ ਕੰਮ ਵਿੱਚੇ ਛੱਡ ਕੇ ਚਲੇ ਜਾਂਣ ਬਾਂਦ, ਲਹਿੰਦੀ ਪੱਤੀ ਵਾਲੇ ਕੱਚੇ ਨੰਬਰਦਾਰ ਸਹਾਈ ਸਿੰਘ ਨੇਂ ਗੱਲ ਛੇੜ ਦਿੱਤੀ, ਕਿ 'ਏਹ ਕੂਕੇ ਪਤਾ ਨਹੀਂ ਬੁਕੱਲ ਵਿਚ ਕੀ ਰੋੜੀਆਂ ਭੰਨਦੇ ਫਿਰਦੇ ਨੇਂ? ਤਦੋ ਈ ਸਹਿੰਸਰੇ ਦੇ ਮਿਰਾਸੀ ਨੇ ਆਕੇ ਕਲਾਂਣ ਕਰਨੀ ਸ਼ੁਰੂ ਕਰ ਦਿੱਤੀ – ਤਾਂ ਓਹਦੀ ਗੱਲ ਵਿੱਚੇ ਰਹਿ ਗਈ । ਮੈਂ ਜਾਂਣ ਬੁਝ ਕੇ ਮਰਾਸੀ ਨਾਲ ਗੱਲੀ ਜੁੱਟ ਪਿਆ ਤਾਂ ਉਸਨੂੰ ਦੁਬਾਰਾ ਗੱਲ ਛੇੜਨ ਦਾ ਹੌਂਸਲਾ ਨਾਂ ਪਿਆ । ਸਹਾਈ ਸਿੰਘ ਨੂੰ ਚੁਗਲੀ ਕਰਨ ਦੀ ਬੜੀ ਆਦਤ ਏ, ਭਾਵੇਂ ਸਾਡੇ ਖ਼ਿਲਾਫ਼ ਏਹਦੀ ਗੱਲ ਕਿਸੇ ਨਹੀ ਸੁਣਨੀ, ਪਰ ਮੈਂ ਸੋਚਿਆ ਏ ਮੈਨੂੰ ਵੀ ਸਾਰੀ ਗੱਲ ਦੀ ਜਾਣਕਾਰੀ ਤਾਂ ਹੋਣੀ ਹੀ ਚਾਹੀਦੀ ਏ । ਪਿਤਾ ਜੀ ਦੀ ਸਿਆਣੀ ਗੱਲ ਸੁਣਕੇ, ਦਿਆਲ ਸਿੰਘ ਨੇਂ, ਧੰਨ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਆਖਕੇ, ਬੜੇ ਠਰ੍ਹੰਮੇ ਨਾਲ ਕਹਿਣਾਂ ਸ਼ੁਰੂ ਕੀਤਾ – ਬਾਪੂ ਜੀ ! ਮੇਰਾ ਵੀ ਜੀ ਤੇ ਬੜੇ ਚਿਰ ਦਾ ਕਰਦਾ ਸੀ, ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾਂ ਤੋਂ ਆਪ ਨੂੰ ਜਾਣੂ ਕਰਾਵਾਂ, ਪਰ ਆਪ ਦੇ ਲੰਮੇਂ ਚੋੜੇ ਕੰਮਾਂ ਵਿਹਾਰਾਂ ਤੋਂ ਵੇਹਲ ਨਾ ਮਿਲਣ ਕਰਕੇ ਸਮਾਂ ਹੀ ਨਹੀਂ ਮਿਲਿਆ । ਆਪ ਜੀ ਵਲੋਂ ਸਮਾਂ ਦੇਣ ਦੀ ਕਿਰਪਾ ਕਰਨ ਦਾ ਬਹੁਤ ਧੰਨਵਾਦ, ਪਰ ਵਿਸਤਾਰ ਨਾਲ ਸਾਰਾ ਬਿਰਤਾਂਤ ਕਹਿਣ ਤੇ ਵੱਕਤ ਬੜਾ ਲੱਗ ਜਾਇਗਾ -----

ਬਾਪੂ ਜੀ :- ਕੋਈ ਗੱਲ ਨਹੀਂ ਪੁਤਰ । ਸਾਰੀ ਰਾਤ ਪਈ ਏ, ਠਰ੍ਹੰਮੇ ਨਾਲ ਦੱਸੋ !

ਦਿਆਲ ਸਿੰਘ : ਤਾਂ ਸਹਿਜ ਨਾਲ ਸੁਣੋਂ ਬਾਪੂ ਜੀ । ਆਪ ਨੇ ਆਪਣੇਂ ਸਿੱਖ ਰਾਜ ਦੀ ਚੜ੍ਹਦੀ ਕਲਾਂ ਵੇਖੀ, ਫਿਰ ਧਾਰਮਕ ਸਦਾਚਾਰਕ ਪਤਨ ਦੇ ਫਲ-ਸਰੂਪ ਰਾਜਨੀਤਕ ਪਤਨ ਵੀ ਤੱਕਿਆ । ਜਿਸ ਤਰਾਂ ਸਿੱਖ ਰਾਜ ਦੇ ਵਾਰਸਾਂ ਤੇ ਸਰਦਾਰਾਂ ਨੇ, ਗੱਦਾਰਾਂ ਦੇ ਟੇਟੇ ਚੜ੍ਹਕੇ ਆਪਣੀ ਹੱਥੀ ਆਪਣਿਆਂ ਦੇ ਆਹੂ ਲਾਹੇ, ਤੇ ਫਿਰ ਜਿਵੇਂ ਅੰਗ੍ਰੇਜ਼ਾ ਕੋਲੋ ਆਪਣੀਆਂ ਫੌਜਾਂ ਦੇ ਘਾਣ ਕਰਾਏ, ਓਹ ਸਾਰੇ ਹਾਲਾਤ ਆਪ ਦੀਆਂ ਨਜ਼ਰਾਂ ਸਾਂਹਵੇ ਹੋ ਗੁਜ਼ਰੇ ਨੇ ।

ਬਾਪੂ ਜੀ :- ਬਿਲਕੁਲ ਠੀਕ ਏ ਪੁੱਤਰਾ, ਓਹ ਸਮਾਂ ਨਾਂ ਹੀ ਚੇਤੇ ਕਰਾਓ ਤੇ ਚੰਗਾ ਏ, ਓਹਦੀ ਯਾਦ ਨਾਲ ਦਿਲ ਖੂਨ ਦੇ ਅੱਥਰੂ ਕੇਰਨ ਲਗ ਪੈਂਦਾ ਏ, ਹੁਣ ਦੇ ਸਮੇਂ ਦੀ ਬਾਤ ਪਾਓ ਤਾਂ ਠੀਕ ਹੈ ।

ਦਿਆਲ ਸਿੰਘ :- ਹਾਂ ਜੀ ਬਾਪੂ ਜੀ ! ਪਿਛਲੀ ਗੱਲ ਏਨੀ ਕੁ ਤਾਂ ਕਰਨੀ ਪਈ ਏ, ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਹਿਲਾਂ ਚੜ੍ਹਦੀ ਜਵਾਨੀ ਵੇਲੇ, ਮਹਾਰਾਜੇ ਰਣਜੀਤ ਸਿੰਘ ਦੀ ਫੌਜ਼ (ਕੰਵਰ ਨੌ ਨਿਹਾਲ ਸਿੰਘ ਦੀ ਰਜ਼ਮੰਟ) ਵਿਚ ਭਰਤੀ ਹੋਏ ਰਹੇ ਸਨ ।



Sri Satguru Jagjit Singh Ji eLibrary NamdhariElibrary@gmail.com

ਸਰਦਾਰਾਂ ਦੀ ਬਦਹਾਲੀ ਵੇਖ, ਨੌਕਰੀ ਛੱਡ ਕੇ ਘਰੇ ਚਲੇ ਗਏ ਸਨ । ਜਦੋਂ ਅੰਗ੍ਰੇਜ਼ਾਂ ਦਾ ਸਾਰੇ ਪੰਜਾਬ ਤੇ ਪੂਰਾ ਕਬਜ਼ਾ ਹੋ ਗਿਆ, ਤਾਂ ਏਹਨਾਂ ਨੇਂ, ਲੋਕਾਂ ਦੇ ਧਾਰਮਕ ਮਸਲਿਆਂ ਵਿਚ ਦਖ਼ਲ ਦੇਣਾਂ ਸ਼ੁਰੂ ਕਰ ਦਿੱਤਾ, ਜ਼ਿਦੇ ਤੋਂ ਸ੍ਰੀ ਸਤਿਗੁਰੂ ਜੀ ਦਾ ਫੌਜੀ ਮਨ ਝੰਜੋੜਿਆ ਗਿਆ । ਜਿੰਨ੍ਹਾਂ ਬੜੀ ਗੰਭੀਰਤਾ ਨਾਲ ਸੋਚ ਕੇ ਏਹ ਨਤੀਜਾ ਕਢਿਆ, ਕਿ ਪੰਜਾਬੀਆਂ ਦਾ ਬੁਰਾ ਹਾਲ ਇਸ ਕਰਕੇ ਹੋਇਆ ਹੈ ਕਿ ਏਹਨਾਂ ਸ੍ਰੀ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਜਾਚ ਤੋਂ ਮੂੰਹ ਮੋੜ ਲਿਆ ਹੈ, ਆਪਣੀ ਏਹ ਸੋਚ ਸ੍ਰੀ ਸਤਿਗੁਰੂ ਜੀ ਨੇ ਕੁਝ ਸਿਆਣੇਂ ਖ਼ਾਸ ਕਰ ਆਪਣੇ ਪੁਰਾਣੇ ਫੌਜੀ ਸਾਥੀਆਂ ਨਾਲ ਵਿਚਾਰ ਕੇ, ਇਸ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ।

ਸਭ ਤੋਂ ਪਹਿਲਾਂ ਇਕ ਗੁਰਬਾਣੀ ਦੇ ਵਿਦਵਾਂਨ ਤੇ ਅੱਤ ਦੇ ਸਿਰੜ੍ਹੀ ਨੌਜਵਾਂਨ ਭਾਈ ਰਾਇ ਸਿੰਘ ਨੂੰ ਅਬਿਚਲ ਨਗਰ ਸ੍ਰੀ ਹਜ਼ੂਰ ਸਾਹਿਬ ਭੇਜਿਆ, ਕਿ ਓਥੋਂ ਦਸਵੇਂ ਪਾਤਸ਼ਾਹ ਦੀ ਰਹਿਤ ਮਰਿਆਦਾ ਦਾ ਵੇਰਵਾ ਲਿਆਵੇ । ਉਸਤੋਂ ਬਾਦ ਵਿਚਾਰ ਵਟਾਂਦਰੇ ਕਰਕੇ, ਗੁਰਬਾਣੀ ਅਨੁਸਾਰ ਇਕ ਐਹੋ ਜਹੀ ਧਾਰਮਕ, ਸਦਾਚਾਰਕ ਤੇ ਰਾਜਨੀਤਕ ਨਿਯਮਾਵਲੀ ਤਿਆਰ ਕੀਤੀ, ਜਿਦ੍ਹੇ ਤੇ ਕਰੜਾਈ ਨਾਲ ਚੱਲਿਆਂ ਸਿੱਖੀ ਬਚ ਜਾਇਗੀ-ਅਤੇ ਅੰਗ੍ਰੇਜ਼ਾਂ ਨੂੰ ਵੀ ਦੇਸੋਂ ਬਾਹਰ ਕਢਿਆ ਜਾ ਸਕੇਗਾ , ਭਾਵ ਆਪਣਾ ਸੁਦੇਸ਼ੀ ਰਾਜ ਹੋ ਜਾਏਗਾ

ਬਾਪੂ ਜੀ :- ਸ਼ਾਬਾਸ ਮੇਰੇ ਸਿਆਣੇ ਪੁੱਤਰ ! ਹੁਣ ਤੂੰ ਮੈਨੂੰ ਓਹ ਨਿਯਮ ਖੋਹਲ ਕੇ ਦੱਸ, ਜਿਨ੍ਹਾਂ ਤੇ ਪਹਿਰਾ ਦਿੱਤਿਆਂ ਫੇਰ ਸਿੱਖ ਰਾਜ ਹੋ ਸੱਕੇਗਾ ।

ਦਿਆਲ ਸਿੰਘ :- ਪਿਆਰੇ ਬਾਪੂ ਜੀ ! ਰਾਤ ਅੱਧੀਓਂ ਢਲ ਗਈ ਏ, ਮੇਰੀ ਸਲਾਹ ਤਾਂ ਹੁਣ ਸੌਂ ਜਾਂਣ ਦੀ ਏ, ਬਾਕੀ ਦੀ ਗੱਲ, ਕਲ੍ਹ ਸ਼ਾਮ ਨੂੰ ਜ਼ਰਾਂ ਸੁਵਖ਼ਤੇ ਸ਼ੁਰੂ ਕਰ ਲਵਾਂਗੇ, ਤਾਂ ਕੇ ਸਾਰੀ ਮਰਿਆਦਾ ਵਿਸਥਾਰ ਨਾਲ ਬਿਆਨ ਕੀਤੀ ਜਾ ਸੱਕੇ ।

ਬਾਪੂ ਜੀ :- ਠੀਕ ਏ ਪੁੱਤਰ ! ਮੇਰਾ ਜੀ ਤੇ ਨਹੀਂ ਸੀ ਕਰਦਾ ਕਿ ਸਾਖੀ ਵਿੱਚੇ ਛੱਡੀ ਜਾਵੇ-ਪਰ ਮੈਨੂੰ ਤੇ ਖਿਆਲ ਈ ਨਹੀਂ ਰਿਹਾ ਕਿ ਤੈਨੂੰ ਦਿਨ ਦੇ ਸਫ਼ਰ ਦਾ ਥਕੇਂਵਾ ਹੋਇਗਾ ।

ਦੂਸਰੇ ਦਿਨ ਦੋਵੇ ਪਿਓ ਪੁੱਤਰ ਸ਼ਾਮ ਦਾ ਲੰਗਰ, ਜ਼ਰਾ ਸੁਵਖ਼ਤੇ ਛਕ ਲੈਣ ਬਾਦ, ਖ਼ੁਸ਼ੀ-ਖ਼ੁਸ਼ੀ ਇੱਕਠੇ ਬੈਹ ਗਏ । ਪਿਤਾ ਇਸ ਖ਼ੁਸ਼ੀ ਨਾਲ ਕਾਹਲਾ, ਕਿ ਓਹ ਕੇਹੜੀ ਸਕੀਮ ਹੈ ਜਿਦ੍ਹੇ ਨਾਲ ਦੁਬਾਰਾ ਸਿੱਖ ਰਾਜ ਹੋ ਸਕੇਗਾ, ਅਤੇ ਪੁਤਰ ਇਸ ਖ਼ੁਸ਼ੀ ਵਿਚ ਖੀਵਾ, ਕਿ ਬਾਪੂ ਜੀ ਨਾਮਧਾਰੀ ਸਜਣ ਦੇ ਰਾਹੇ ਪੈ ਗਏ ਨੇਂ । ਬਾਪੂ ਅਤਰ ਸਿੰਘ ਜੀ ਨੇ ਮੰਜਿਆਂ ਤੇ ਬੈਠ ਦਿਆਂ ਹੀ ਕਾਹਲੇ ਮਨ ਆਖਿਆ, ਹੁਣ ਅਗੋਂ ਦੱਸੋ ਪੁੱਤਰ ਜੀ ! ਤੁਹਾਡੇ ਗੁਰੂ ਬਾਬੇ ਨੇ ਕੇਹੜੀ ਗਿੱਦੜ ਸਿੰਗੀ ਤਿਆਰ ਕੀਤੀ ਏ, ਜਿਦ੍ਹੇ ਨਾਲ ਦੁਬਾਰਾ ਆਪਣੇ ਰਾਜ ਦਾ ਸੁਪਨਾਂ ਸਾਕਾਰ ਹੋ ਸੱਕੇ ।



Sri Satguru Jagjit Singh Ji eLibrary NamdhariElibrary@gmail.com

ਦਿਆਲ ਸਿੰਘ :- ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ, ਸੁਣੋ ਬਾਪੂ ਜੀ ! ਸ੍ਰੀ ਸਤਿਗੁਰੂ ਜੀ ਨਿਰੇ ਮੇਰੇ ਗੁਰੂ ਬਾਬੇ ਨਹੀਂ, ਓਹ ਤੇ ਸਾਰੀ ਸ੍ਰਿਸ਼ਟੀ ਦੇ ਮਾਲਕ, ਅਤੇ ਸਤਿਗੁਰੂ ਨੇ, ਜੇ ਆਪ ਇਕ ਵਾਰ ਪਾਤਸ਼ਾਹਾਂ ਦੇ ਪਾਤਸ਼ਾਹ ਦੇ ਦਰਸ਼ਨ ਕਰ ਲਓ, ਤਾਂ ਫੇਰ ਓਹਨਾਂ ਦੇ ਈ ਹੋ ਕੇ ਰਹਿ ਜਾਓ ! ਨਾਲੇ ਸਤਿਗੁਰੂ ਜੀ ਤਾਂ ਆਪ ਜਹੇ ਦਰਸ਼ਨੀ ਜੁਆਨਾਂ ਨੂੰ ਪਿਆਰ ਈ ਬੜਾ ਕਰਦੇ ਨੇ । ਸਤਿਗੁਰ ਓਹ ਵੇਲਾ ਛੇਤੀ ਲਿਆਵੇ, ਜਦੋ ਆਪ ਜੀ ਨੂੰ ਗੁਰ ਚਰਨ ਪਰਸਨ ਦਾ ਸੁਭਾਗ ਪ੍ਰਾਪਤ ਹੋ ਸੱਕੇ ।

ਬਾਪੂ ਜੀ :- ਠੀਕ ਏ ਪੁੱਤਰ ਜੀ, ਜਦੋਂ ਮਹਾਰਾਜ ਮੇਹਰ ਕਰੇਗਾ, ਆਪ ਹੀ ਢੋਅ ਢੁਕਾ ਦੇਵੇਗਾ -ਹੁਣ ਤੁਸੀ ਜਿੱਥੇ ਕੱਲ੍ਹ ਸਾਖੀ ਨੂੰ ਰੋਕਿਆ ਸੀ, ਓਥੋਂ ਸ਼ੁਰੂ ਕਰੋ !

ਦਿਆਲ ਸਿੰਘ :- ਤਾਂ ਫਿਰ ਸੁਣੋ ! ਜਿਵੇ ਸ੍ਰੀ ਸਤਿਗੁਰੂ ਜੀ ਨੇ ਹੁਕਮ ਫੁਰਮਾਏ ਨੇ, ਦਸਵੇ ਪਾਤਸ਼ਾਹ ਦੀ ਮਰਿਆਦਾ ਅਨੁਸਾਰ, ਸਭ ਤੋ ਪਹਿਲਾਂ ਅੰਮ੍ਰਿਤ ਵੇਲੇ ਇਸ਼ਨਾਂਨ ਕਰਕੇ ਨਾਮ ਸਿਮਰਨ ਕਰਨਾਂ, ਫਿਰ ਗੁਰਬਾਣੀ ਦਾ ਪਾਠ ਕਰਨਾਂ, ਸਾਰਾ ਦਿਨ ਦਸਾਂ ਨੌਹਾਂ ਦੀ ਸੁੱਧ ਕਿਰਤ ਕਰਨੀ, ਵੰਡ ਕੇ ਖਾਣਾਂ, ਕਿਸੇ ਦਾ ਹੱਕ ਨਹੀਂ ਮਾਰਨਾਂ ਅਤੇ ਆਪਣਾਂ ਕਿਸੇ ਨੂੰ ਮਾਰਨ ਨਹੀ ਦੇਣਾਂ, ਕਿਸੇ ਦੀ ਧੀ ਭੈਣ ਵੱਲ ਬੁਰੀ ਨਜ਼ਰੇ ਨਹੀਂ ਵੇਖਣਾਂ, ਬੱਚੀ ਦੀ ਅਠਾਰਾਂ ਤੇ ਬੱਚੇ ਦੀ ਵੀਹ ਸਾਲ ਤੋਂ ਘੱਟ ਸ਼ਾਦੀ ਨਹੀ ਕਰਨੀ, ਬੱਚਿਆਂ ਦੇ ਅਨੰਦ-ਬਿਨਾਂ ਕਿਸੇ ਖਰਚੋਂ ਸੰਗਤ ਸੌਂਹੇ ਗੁਰਮਤ ਅਨੁਸਾਰ ਕ ਰਨੇਂ ।

ਬਾਪੂ ਜੀ :- ਪੁੱਤਰ ਜੀ ! ਹੋਰ ਗੱਲਾਂ ਤੇ ਸਮਝ ਆ ਗਈਆਂ ਨੇ, ਪਰ ਐਹ ਅਨੰਦਾਂ ਵਾਲੀ ਗੱਲ ਜ਼ਰਾ ਖੋਹਲ ਕੇ ਦੱਸੋ !

ਦਿਆਲ ਸਿੰਘ :- ਧੰਨਵਾਦ ਬਾਪੂ ਜੀ ! ਪਿਛਲੇਰੇ ਸਾਲ ਈ ਸ੍ਰੀ ਸਤਿਗੁਰੂ ਜੀ ਨੇ ਜ਼ਿਲਾ ਫਿਰੋਜ਼ ਪੁਰ ਦੇ ਪਿੰਡ 'ਖੋਟੇ, ਵਿਚ ਬ੍ਰਹਿਮਣਾਂ ਤੋਂ ਬਿਨਾਂ, ਛੇ ਜੋੜਿਆ ਦੇ ਅਨੰਦ, ਚੌਥੀ ਪਾਤਸ਼ਾਹੀ ਵੱਲੋਂ ਸੂਹੀ ਰਾਗ ਵਿਚ ਰਚੀਆਂ ਲਾਵਾਂ ਪੜ੍ਹਕੇ, ਭਰੇ ਮੇਲੇ ਵਿਚ ਸੰਪੰਨ ਕਰਕੇ ਨਵੀ ਪਿਰਤ ਪਾਈ । ਜਿਦ੍ਹੋ ਤੋਂ ਖਾਰ ਖਾਕੇ ਪੰਡਤਾਂ ਨੇ ਗੋਰਿਆਂ ਦੇ ਦਰਖ਼ਾਸਤ ਦੇ ਦਿੱਤੀ ਕਿ, ਕੂਕਿਆਂ ਦੇ ਗੁਰੂ ਨੇ, ਸਾਡੀ ਰੋਜ਼ੀ ਰੋਟੀ ਤੇ ਲੱਤ ਮਾਰੀ ਏ । ਤੇ ਸਮਾਜ ਵਿੱਚ ਰੋਲਾ ਪੈਣ ਦਾ ਬੜਾ ਖ਼ਤਰਾ ਏ । ਗੋਰਿਆ ਨੂੰ ਤਾਂ ਹਿੰਦੀਆਂ ਦੀ ਖਹਿਬਾਜ਼ੀ ਤੋਂ ਲਾਭ ਹਾਸਲ ਹੋਂਦਾਂ ਏ, ਓਹਨਾਂ ਸ੍ਰੀ ਸਤਿਗੁਰੂ ਜੀ ਨੂੰ, ਪੁਲਿਸ ਨਾਲ ਦੇ ਕੇ, ਥਾਣਿਓਂ-ਥਾਣੀ ਸ੍ਰੀ ਭੈਣੀ ਸਾਹਿਬ ਪੁਚਾ ਕੇ ਨਜ਼ਰ ਬੰਦ ਕਰ ਦਿੱਤਾ ।

ਦੂਸਰਾ ਹੁਕਮ-ਗੁਰਦੁਆਰਿਆਂ ਵਿਚ ਡੇਰੇ ਦਾਰ, ਪੰਜਾਬੀ ਪੜ੍ਹੇ ਹੋਏ ਟਿਕਾ ਕੇ, ਬੱਚੀਆਂ-ਬੱਚਿਆਂ ਤੇ ਵਡਿਆਂ ਨੂੰ ਵੀ ਪੰਜਾਬੀ ਜ਼ਰੂਰ ਪੜਾਈ ਜਾਇ, ਤਾਂ ਕੇ ਸਾਰੇ ਗੁਰਬਾਣੀ ਦਾ ਪਾਠ ਨਿਤਨੇਮ ਕਰ ਸੱਕਣ । ਜੇਹੜਾ ਪੰਜਾਬੀ ਪੜ੍ਹ ਜਾਇਗਾ, ਓਹ ਗੁਰਬਾਣੀ ਦੇ ਨਾਲ ਨਾਲ ਆਪਣੇ ਪੁਰਾਤਨ ਵਿਰਸੇ-ਇਤਿਹਾਸ ਆਦਿ ਤੋਂ ਵੀ ਜਾਣੂੰ ਹੋ ਜਾਇਗਾ । ਹੋਰ ਸਰਕਾਰੀ ਸਕੂਲਾਂ ਵਿਚ ਬੱਚੇ ਪੜ੍ਹਨੇਂ ਨਹੀਂ ਪਾਣੇ, ਕਿਓਂ ਕੇ ਜੇਹੜੇ ਓਥੇ



Sri Satguru Jagjit Singh Ji eLibrary NamdhariElibrary@gmail.com

ਪੜ੍ਹਨਗੇ, ਓਹ ਤਾਂ ਸਰਕਾਰੀ ਨੌਕਰ ਹੀ ਬਣਨਗੇ, ਅਤੇ ਸਰਕਾਰੀ ਨੌਕਰੀ ਕਿਸੇ ਤਰ੍ਹਾਂ ਵੀ ਨਹੀਂ ਕਰਨੀ ।

ਇਸ ਤੋਂ ਅਗਲਾ ਹੁਕਮ ਹੈ, ਕਿ ਗੋਰਿਆਂ ਦੀ ਕਚੈਹਰੀ ਵਿਚ ਨਹੀ ਜਾਂਣਾ । ਆਪਸੀ ਝਗੜੇ ਆਪਣੀਆਂ ਪੰਚਾਇਤਾਂ ਵਿਚ ਨਬੇੜੇ ਜਾਂਣ । ਜਿਨ੍ਹਾਂ ਦਾ ਗਠਨ ਵੀ ਕਰ ਦਿੱਤਾ ਗਿਆ ਹੈ, ਜੇ ਕੋਈ ਝਗੜਾ ਪੰਚਾਂ ਤੋਂ ਵਧ ਜਾਇ ਤਾਂ ਓਹ ਸ੍ਰੀ ਸਤਿਗੁਰੂ ਜੀ ਦੇ ਥਾਪੇ ਹੋਏ ਸੂਬਿਆਂ ਕੋਲ ਪੁਚਾਇਆ ਜਾਇ ।

ਇਕ ਹੋਰ ਗੱਲ, ਜੇਹੜੀ ਹੈ ਤੇ ਕਾਫ਼ੀ ਔਖੀ, ਪਰ ਬਚਨ ਮੰਨਣ ਵਾਲਿਆਂ ਦੀਆਂ ਕਿਆ ਬਾਤਾਂ ਨੇ, ਸਤਿਗੁਰੂ ਜੀ ਦਾ ਹੁਕਮ ਹੈ, ਗੋਰੇ ਦੀ ਰੇਲ ਤੇ ਨਹੀ ਚੜ੍ਹਨਾਂ, ਗੁਰ ਸਿੱਖ ਦੋ ਘੰਟੇ ਰੇਲ ਤੇ ਨਹੀਂ ਚੜ੍ਹਦੇ, ਸਾਰਾ ਦਿਨ ਪੈਦਲ ਸਫ਼ਰ ਕਰਨਾਂ ਮਨਜ਼ੂਰ ਕਰ ਲੈਣਗੇ । ਏਹਦਾ ਭਾਵ ਏ, ਅੰਗ੍ਰੇਜ਼ ਦੀ ਕੋਈ ਸਹੂਲਤ ਨਹੀ ਵਰਤਣੀਂ, ਜਿਦ੍ਹੇ ਨਾਲ ਓਹਦੇ ਬਾਰੇ ਮਨ ਵਿਚ ਆਦਰ ਪੈਦਾ ਹੋਂਦਾ ਹੋਵੇ । ਹੋਰ ਗੋਰਿਆਂ ਦੇ ਲਿਆਂਦੇ ਕਪੜੇ ਨਹੀ ਵਰਤਣੇਂ । ਗੋਰੇ ਏਧਰੋਂ ਸਸਤੀ ਕਪਾਹ ਲਿਜਾ ਕੇ, ਵਲੈਤ ਆਪਣੇ ਕਾਰਖਾਨਿਆਂ ਵਿਚ ਕਪੜੇ ਬਣਾ ਕੇ, ਏਧਰ ਲਿਆਕੇ ਫਿਰ ਮਹਿੰਗੇ ਮੁੱਲ ਵੇਚਦੇ ਹਨ । ਦੋਹੀ ਪਾਸੀਂ ਲੋਟੀ ਕਰਦੇ ਹਨ । ਏਹ ਬਪਾਰੀ ਨੇਂ, ਜੇ ਅਸੀ ਏਹਨਾਂ ਦੇ ਬਣਾਏ ਕਪੜੇ ਨਹੀ ਖਰੀਦਾਂਗੇ । ਇਹਨਾਂ ਨੂੰ ਬਪਾਰ ਵਿਚ ਘਾਟਾ ਪੈ ਜਾਇਗਾ ਤਾਂ ਏਹ ਆਪੇ ਏਥੋਂ ਚਲੇ ਜਾਣਗੇ ।

ਬਾਪੂ ਜੀ :- ਠੀਕ ਏ ਪੁੱਤਰ, ਸਤਿਗੁਰੂ ਜੀ ਦੀਆਂ ਸਕੀਮਾਂ ਬਹੁਤ ਗਹਿਰੀਆਂ ਨੇ, ਲੋੜ ਏ ਤਾਂ ਨੇਕ ਨੀਅਤ ਨਾਲ ਅਮਲ ਕਰਨ ਦੀ, ਅਤੇ ਹਾਂ ਸੱਚ ! ਯਾਦ ਆ ਗਿਆ ਏ, ਪਰਸੋਂ ਵਾਲੀ ਗੱਲ ਦਾ ਨਿਰਨਾ ਹੋਣਾਂ ਤੇ ਅਜੇ ਬਾਕੀ ਏ, ਗੱਲ ਤੇ ਓਹਦੇ ਤੋਂ ਈ ਸ਼ੁਰੂ ਹੋਈ ਸੀ ?

ਹਾਂ ਜੀ ਬਾਪੂ ਜੀ ! ਮੈਂ ਆਪਣੇ ਆਪ ਓਸੇਂ ਗੱਲ ਵੱਲ ਆ ਰਿਹਾਂ ਸਾਂ, ਸ੍ਰੀ ਸਤਿਗੁਰੂ ਜੀ ਨੇਂ, ਹੋਰ ਸਰਕਾਰੀ ਮਹਿਕਮਿਆਂ ਵਾਂਗ, ਡਾਕ ਦਾ ਇਕ ਵੱਖਰਾ ਮਹਿਕਮਾਂ ਚਾਲੂ ਕੀਤਾ ਹੈ । ਜਿਸ ਦਾ ਮੁਖੀਆਂ ਸਭ ਤੋਂ ਹੁਸ਼ਿਆਰ, ਤੇਜ਼ ਦਿਮਾਗ ਸੂਬੇ ਨੂੰ ਬਣਾਇਆ ਗਿਆ ਹੈ । ਸਾਡੀਆਂ ਗੁਪਤ ਕਾਰਵਾਈਆਂ ਦਾ ਅੰਗ੍ਰੇਜ਼ ਨੂੰ ਪਤਾ ਨਾਂ ਲੱਗ ਸੱਕੇ, ਇਸ ਕਰਕੇ ਇਸ ਮਹਿਕਮੇ ਵਿਚ ਅੱਤ ਦੇ ਇਤਬਾਰੀ ਸਿੰਘਾਂ ਦੇ ਜਥੇ ਦਾ ਗਠਣ ਕੀਤਾ ਗਿਆ ਹੈ । ਜਦੋਂ ਕੋਈ ਜ਼ਰੂਰੀ ਹੁਕਮ ਕਿਤੇ ਜਲਦੀ ਭੇਜਣਾ ਹੋਵੇ ਤਾਂ ਰਾਤ ਬਰਾਤੇ ਰਸਤਿਆਂ ਦੇ ਜਾਣੂੰ ਸਿੰਘਾਂ, ਤੇਜ ਦੌੜਨ ਵਾਲੇ ਜਾਂ ਘੋੜੀਆਂ ਵਾਲਿਆਂ ਨੂੰ ਚੁਣਿਆਂ ਜਾਂਦਾ ਹੈ । ਉਸ ਦਿਨ ਜਾਣਾਂ ਤੇ ਮੈਂ ਘੋੜੀ ਲੈ ਕੇ ਸੀ, ਪਰ ਡੇਰੇ ਤੇ ਬਹੁਤੇ ਆਦਮੀ ਵੇਖ ਕੇ, ਪੈਦਲ ਜਾਣਾਂ ਠੀਕ ਸਮਝਿਆ । ਰਸਤੇ ਵਿਚੋਂ ਕਿਸੇ ਦੀ ਘੋੜੀ ਮੰਗ ਕੇ ਲੈ ਗਿਆ ਸਾਂ ।

ਸ੍ਰੀ ਸਤਿਗੁਰੂ ਜੀ ਡਾਕ ਮੁਖੀ ਸੂਬੇ ਨੂੰ ਹੁਕਮ ਕਰਦੇ ਹਨ । ਓਹ ਗੁਪਤ ਇਸ਼ਾਰੇ ਲਿਖ ਕੇ, ਪਰਚੀ ਤਹਿ ਕਰਕੇ, ਨੇੜਲੇ ਸਿੰਘ ਨੂੰ ਸੌਂਪ ਦੇਂਦਾ ਏ, ਓਹ ਅਗੋਂ ਤੋਂ



Sri Satguru Jagjit Singh Ji eLibrary NamdhariElibrary@gmail.com

ਅਗੋਂ ਇਕ ਦੂਜੇ ਨੂੰ ਦੇਈ ਜਾਂਦੇ ਹਨ। ਰਸਤੇ ਵਿਚ ਪਰਚੀ ਕੋਈ ਨਹੀ ਖੋਲ੍ਹਦਾ, ਨਾਂ ਕਿਸੇ ਨੂੰ ਕੁਝ ਪਤਾ ਹੋਂਦਾ ਏ। ਪਰਚੀ ਦੇ ਨਿਸ਼ਾਨੇ ਤੋਂ ਪਤਾ ਲਗਦਾ ਹੈ ਕਿ, ਕਿਸਨੂੰ ਕੀ ਹੁਕਮ ਹੈ। ਚਿੱਠੀ ਦੇਣ ਲੈਣ ਲਗਿਆਂ ਕਿਸੇ ਕੋਈ ਸਵਾਲ ਨਹੀਂ ਕਰਨਾਂ ਹੋਂਦਾਂ, ਚਿਠੀ ਲੈ ਕੇ ਮਿਥੀ ਦਿਸ਼ਾ ਵੱਲ ਤੁਰ ਪੈਣਾਂ, ਜੇ ਕੋਈ ਵੇਹਦਾ ਨਾਂ ਹੋਵੇ ਤਾਂ ਦੌੜ ਪੈਣਾਂ ਹੋਂਦਾ ਏ, ਰਸਤੇ ਛੱਡ ਕੇ, ਥੋੜਾ ਜਿਹਾ ਭੇਸ ਬਦਲ ਕੇ ਹੀ ਜਾਂਣਾਂ ਹੋਂਦਾ ਏ, ਅਤੇ ਏਹ ਡਾਕ ਇਸ ਤਰਾਂ ਨਿਰੰਤਰ ਚਲਦੀ ਰਹਿੰਦੀ ਏ।

ਬਾਪੂ ਜੀ :- ਬੱਲੇ-ਬੱਲੇ ਮੇਰੇ ਬਹਾਦਰ ਬਚਿੱਆ ! ਤੂੰ ਤੇ ਮੇਰੇ ਮਨ ਵਿਚ ਨਵੀਂ ਤਰੰਗ ਛੇੜ ਦਿੱਤੀ ਏ। ਮੈਨੂੰ ਆਪਣੇ ਸਿਖ ਰਾਜ ਦੇ ਵੇਲੇ ਚੇਤੇ ਔਣ ਲੱਗ ਪਏ ਨੇ। ਅੰਗ੍ਰੇਜ਼ਾਂ ਨੇ ਭਾਵੇਂ ਮੈਨੂੰ ਪੇਂਡੂ ਮਜਿਸਟੇਟ ਬਾਣਾਈ ਰੱਖਿਆ ਏ, ਪਰ ਜਿਸ ਆਜ਼ਾਦੀ ਤੇ ਹੰਮੇ ਹੌਂਸਲੇ ਨਾਲ ਓਦੋਂ ਫੈਸਲੇ ਕਰ ਲਈ ਦੇ ਸਨ, ਓਹ ਗੱਲਾਂ ਹੁਣ ਕਿੱਥੇ। ਖ਼ੈਰ ਏਹ ਝੋਰੇ ਤਾਂ ਹੁਣ ਸਤਿਗੁਰਾਂ ਦੀ ਹਿੰਮਤ ਨਾਲ ਸ਼ਾਇਦ ਖ਼ਤਮ ਹੋ ਜਾਂਣ।

ਹੁਣ ਕੋਈ ਹੋਰ ਨਵੀ ਚੰਗੀ ਗੱਲ ਦੱਸ ਕਿ ਸਤਿਗੁਰਾਂ ਵਲੋਂ ਕੀ ਫਰਮਾਂਨ ਹੋਏ ਨੇ।

ਦਿਆਲ ਸਿੰਘ :- ਵਾਹਵਾ ਬਾਪੂ ਜੀ ! ਆਪ ਜੀ ਨੇ ਮੇਰਾ ਬੜਾ ਹੌਂਸਲਾ ਵਧਾਇਆ ਏ। ਸ੍ਰੀ ਸਤਿਗੁਰੂ ਜੀ ਨੇ ਸਿੰਘਾਂ ਨਾਲ ਬੀਬੀਆਂ ਨੂੰ ਵੀ ਕਛੈਹਰੇ ਪਵਾ ਦਿੱਤੇ ਨੇਂ, ਨਾਲੇ ਅੰਮ੍ਰਿਤ ਦੀ ਬਖ਼ਸ਼ਿਸ਼ ਕੀਤੀ ਏ। ਰਿਸ਼ਤੇ ਕਰਨ ਲੱਗੇ ਵੱਟਾ ਨਾਂ ਕਰੋ। ਧੀ, ਭੈਣ ਪੈਸੇ ਲੈ ਕੇ ਨਹੀ ਵਿਆਹੁਣੀ। ਜੰਮਦੀਆਂ ਕੁੜੀਆਂ ਮਾਰਨੀਆਂ ਨਹੀਂ, ਕੁੜੀ ਮਾਰ ਤੇ ਨੜੀ ਮਾਰ (ਤਮਾਕੂ ਪੀਣ ਵਾਲੇ) ਨਾਲ ਵਰਤਣਾਂ ਨਹੀਂ, ਮੜ੍ਹੀਆਂ ਕਬਰਾਂ ਨੂੰ ਮੱਥਾ ਨਹੀਂ ਟੇਕਣਾਂ, ਏਹ ਰਿਵਾਜ ਮੁਸਲਮਾਨਾਂ ਦੇ ਵੇਲੇ ਦੇ ਪਏ ਹੋਏ ਨੇਂ, ਜਿਨਾਂ ਤੋਂ ਗੁਰੂ ਜੀ ਨੇ ਸਾਨੂੰ ਪਹਿਲਾਂ ਹੀ ਸੁਚੇਤ ਕੀਤਾ ਹੋਇਆ ਏ।

"ਬੁਤ ਪੂਜ ਪੂਜ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ"

ਬਾਪੂ ਜੀ :- ਥੋੜਾ ਰੁਕੋ ਪੁੱਤਰ ਜੀ ! ਸ੍ਰੀ ਸਤਿਗੁਰੂ ਜੀ ਦੇ ਪ੍ਰੋਗ੍ਰਾਮ ਬਾਰੇ ਤੁਸਾਂ ਕਾਫ਼ੀ ਕੁਝ ਦੱਸਿਆ ਏ, ਹੁਣ ਏਹ ਦੱਸੋ ਪਈ ਸਤਿਗੁਰੂ ਜੀ ਦੇ ਦਰਸ਼ਨ ਕਦੋਂ ਤੇ ਕਿੱਥੇ ਹੋਣਗੇ। ਜਿਨ੍ਹਾਂ ਦੇ ਉਪਦੇਸ਼ ਏਡੇ ਗੂੜ ਤੇ ਆਜ਼ਾਦੀ ਨੇੜੇ ਲਿਔਣ ਵਾਲੇ ਨੇ, ਓਹ ਆਪ ਵੀ ਜਾਪਦਾ ਏ ਕੋਈ ਅਲੋਕਾਰ ਪੁਰਖ ਹੋਣਗੇ।

ਦਿਆਲ ਸਿੰਘ:- ਮੇਰੇ ਧੰਨਭਾਗ ਬਾਪੂ ਜੀ ! ਆਪ ਜੀ ਦੇ ਮਨ ਵਿੱਚ ਜੇ ਗੁਰ ਦਰਸ਼ਨਾਂ ਦੀ ਖਿਚ ਜਾਗੀ ਏ, ਤਾਂ ਓਹਦੇ ਬਾਰੇ ਥੋਹੜਾ ਹੋਰ ਤਨ-ਮਨ ਨੂੰ ਤਿਆਰ ਕਰਨਾ ਹੋਇਗਾ।

ਬਾਪੂ ਜੀ :- ਹਾਂ ਹਾਂ ਦੱਸੋ ਪੁਤਰ ਜੀ ਕੀ ਕਰਨਾਂ ਪਏਗਾ ਝਿਜਕ ਨਾਂ ਰੱਖੋ।

ਦਿਆਲ ਸਿੰਘ :- ਅਸਲੀ ਗੱਲ ਏਹ ਹੈ ਬਾਪੂ ਜੀ ! ਸਤਿਗੁਰੂ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਮਰਿਆਦਾ ਬਹੁਤ ਕਰੜੀ ਏ, ਤੇ ਆਪ ਜੀ ਹੋਏ ਹੁਕਮ ਹਾਸਲ ਤੇ ਆਜ਼ਾਦ ਤਬੀਅਤ । ਅੰਮ੍ਰਿਤ ਵੇਲੇ ਇਸ਼ਨਾਂਨ ਕਰਕੇ- ਦੂਸਰੇ ਕਛੈਹਰੇ ਦਾ ਪੌਹਚਾ ਪਾਇ ਕੇ ਫਿਰ ਪਹਿਲੇ ਦਾ ਲਾਹੁਣਾਂ, ਭਾਵ ਹਰ ਵਕਤ ਕਛੈਹਰਾ ਧਾਰਨ ਕਰੀ ਰੱਖਣਾਂ । ਗੋਲ ਦਸਤਾਰਾ ਸਜਾਣਾਂ-ਅਤੇ ਚਾਦਰੇ ਦਾ ਤਿਆਗ ਕਰਨਾਂ ਪਏਗਾ, ਸ੍ਰੀ ਸਤਿਗੁਰੂ ਜੀ ਦੇ ਮੁਖ ਮੰਡਲ ਦਾ ਏਨਾਂ ਤੇਜ ਪ੍ਰਤਾਪ-ਏ ਕਿ ਸਾਂਹਵੇਂ ਕੋਈ ਨਜ਼ਰ ਉਚੀ ਨਹੀਂ ਕਰ ਸਕਦਾ । ਮਰਿਆਦਾ ਪਖੋਂ ਪਾਤਸ਼ਾਹ ਕਿਸੇ ਨੂੰ ਰੂ ਰਿਆਇਤ ਨਹੀ ਕਰਦੇ, ਇਸ ਕਰਕੇ ਆਪ ਚੰਗੀ ਤਰ੍ਹਾਂ ਮਨ ਬਣਾ ਲਓ !

ਬਾਪੂ ਜੀ :- ਮਨ ਬਣਿਆਂ ਈ ਪਿਆ ਏ ਪੁਤਰ ਜੀ !

ਇਕ ਵਾਰ ਤੁਸੀ ਮੈਨੂੰ ਸਤਿਗੁਰੂ ਜੀ ਦੇ ਹਜ਼ੂਰ ਲੈ ਚੱਲੋ ! ਬਾਕੀ ਦੀਆਂ ਬੇਨਤੀਆਂ ਮੈਂ ਆਪੇ ਕਰ ਲਵਾਂਗਾ । ਇੰਜ ਸ੍ਰੀ ਵਹਿਮੀ ਜੀ ਦੇ ਦਾਦਾ ਜੀ ਨੇ, ਕਿਸਾਨ ਦੇ ਦਾਦਾ ਜੀ ਦੇ ਦਾਦਾ ਜੀ ਨੂੰ ਨਾਮਧਾਰੀ ਸਜਣ ਵਾਸਤੇ ਤਿਆਰ ਕਰ ਲਿਆ ।

***************



Sri Satguru Jagjit Singh Ji eLibrary NamdhariElibrary@gmail.com

# ਅੱਖੀਂ ਡਿੱਠੀ ਤੋਂ ਕੰਨੀਂ ਸੁਣੀ

ਸਮਾਂ : 1945

ਸਥਾਨ : ਹਿੰਦੂ ਚੱਕ (ਵਰਤਮਾਨ ਪਾਕਿਸਤਾਨ)

ਨੰਬਰਦਾਰ ਤਰਨ ਸਿੰਘ ਜੀ, ਆਪਣੇ ਖੂਹ ਨੇੜੇ, ਬੋਹੜ ਦੀ ਛਾਵੇਂ ਤਖਤਪੋਸ਼ ਤੇ ਬੈਠੇ ਹੋਏ, ਆਪਣੇ ਪੰਦਰਾਂ ਸਾਲ ਦੇ ਪੁੱਤਰ ਸਾਧੂ ਸਿੰਘ ਤੋਂ ਗੁਰਬਾਣੀ ਦਾ ਪਾਠ ਸੁਣ ਰਹੇ ਸਨ। ਇਹਨਾਂ ਦੇ ਪੱਕੇ ਜੋਟੀਦਾਰ ਜਥੇਦਾਰ ਗੁਰਬਚਨ ਸਿੰਘ ਅਤੇ ਸ. ਵਧਾਵਾ ਸਿੰਘ ਜੀ ਕੋਲ ਹੀ ਬੈਠੇ ਹਨ। ਪਿੰਡ ਵਲੋਂ ਇਕ ਬਹੁਤ ਬਿਰਧ-ਪੰਡਿਤ ਮੁਕੰਦ ਲਾਲ ਜੀ, ਸਹਿਜੇ-ਸਹਿਜੇ ਤੁਰੇ ਆ ਰਹੇ ਨੇ। ਇਹ ਤਿੰਨੇ ਪੰਡਿਤ ਜੀ ਬਾਰੇ, ਆਪੋ ਵਿਚ ਗੱਲਾਂ ਕਰਨ ਲੱਗਦੇ ਹਨ।

ਵਧਾਵਾ ਸਿੰਘ ਜੀ ਕਹਿੰਦੇ ਨੇ, "ਵੇਖੋ ! ਇਹ ਪੰਡਿਤ ਸੌ ਨੇੜੇ ਪੁਜ ਕੇ ਵੀ ਕਿਵੇਂ ਸਿੱਧਾ ਸਤੌਰ ਤੁਰਿਆ ਆ ਰਿਹਾ ਹੈ। ਇਕ ਸੱਠ ਸਾਲੇ ਪੁੱਤਰ ਬਿਨਾਂ, ਪਰਿਵਾਰ ਵਿਚ ਕੋਈ ਜੀਅ ਨਹੀਂ ਬਚਿਆ।" ਜਥੇਦਾਰ ਜੀ ਹੌਲੇ ਜਿਹੇ ਕਹਿੰਦੇ ਨੇ, "ਤੇ ਉਹ ਪੁੱਤਰ ਕਿਹੜਾ ਵਿਆਹਿਆ ਵਰਿਆ ਹੈ। ਵਧਾਵਾ ਸਿੰਘ ਜੀ ਥੋਹੜਾ ਹੱਸ ਕੇ, "ਵਿਆਹ ਕੀ ਹੋਵੇ ? ਗੋਬਿੰਦ ਰਾਮ ਤੁਰਨ ਲਗਿਆਂ ਸੱਜੇ ਹੱਥ ਦੀ ਪਹਿਲੀ ਉਂਗਲੀ ਵਖਰੀ ਕਰ ਕੇ ਤੁਰਦਾ ਹੈ। ਜਿਹੜਾ ਆਪਣੀ ਉਂਗਲ ਦੂਜਿਆਂ ਨਾਲ ਨਹੀਂ ਰਲਣ ਦੇਂਦਾ, ਉਹ ਦੂਸਰਾ ਜੀਅ ਕਦੋਂ ਰਲਾ ਸਕਦਾ ਹੈ। ਦੋਵੇਂ ਪਿਓ ਪੁੱਤ ਛੜੇ ਮਲੰਗ ਹਨ। ਪੁੱਤ ਪਕਾਂਦਾ ਹੈ ਤੇ ਦੋਵੇ ਰਲ ਕੇ ਖਾ ਲੈਂਦੇ ਹਨ। ਪਰ ਹੈਣ ਦੋਵੇਂ ਭਲੇ ਪੁਰਸ਼। ਸੱਚੇ-ਸੁੱਚੇ ਅਤੇ ਰੱਬ ਦੇ ਭੈ ਵਾਲੇ।"

ਤਦੋਂ ਨੂੰ ਪੰਡਿਤ ਜੀ ਇਹਨਾਂ ਦੇ ਕੋਲ ਪੁਜਦੇ ਹਨ। ਚਾਰੇ ਉਠ ਕੇ ਬੜੇ ਸਤਿਕਾਰ ਨਾਲ ਜੀ ਆਇਆਂ ਕਹਿ ਕੇ, ਉਹਨਾਂ ਲਈ ਥਾਂ ਵਿਹਲੀ ਕਰਦੇ ਹਨ। ਪੰਡਿਤ ਜੀ ਸੁੱਖੀ ਵੱਸਣ ਤੇ ਜਿਊਂਦੇ ਰਹਿਣ ਦੀ ਅਸੀਸ ਦੇ ਕੇ ਬੈਠਣ ਲੱਗਦੇ ਹਨ ਤਾਂ ਨੰਬਰਦਾਰ ਜੀ ਨੇ ਦੌੜ ਕੇ ਬੈਠਕ ਵਿਚੋਂ, ਤਹਿ ਕੀਤਾ ਹੋਇਆ ਖੇਸ ਲਿਆ ਕੇ ਵਿਛਾ ਦਿੱਤਾ। ਨਾਲ ਬੇਨਤੀ ਕੀਤੀ, "ਇਸ ਉਤੇ ਬੈਠਣ ਦੀ ਕਿਰਪਾ ਕਰੋ। ਤਖਤ ਪੋਸ਼ ਬਹੁਤ ਸਖਤ ਹੈ।"

ਪੰਡਿਤ ਜੀ ਬੈਠਦਿਆਂ ਹੋਇਆਂ ਆਪਣੇ ਆਪ ਨਾਲ, ਉੱਝ ਬੋਲ ਕੇ, "ਤਰਨ ਸਿੰਘ ਹੋਰਾਂ ਦੀਆਂ ਆਦਤਾਂ-ਵੱਡੇ ਸਿੰਘ ਹੋਰਾਂ ਨਾਲ ਮਿਲਦੀਆਂ ਨੇ। ਸਿਰਫ ਜਵਾਨ ਉਹਨਾਂ ਜਿੱਡੇ ਨਹੀਂ ਹੋਏ। ਇਹ ਈ ਕੀਹ, ਉਹਨਾਂ ਜੇਡਾ ਜਵਾਨ ਤੇ ਅੱਜ ਕੱਲ ਨੇੜੇ-ਤੇੜੇ ਕੋਈ ਨਜ਼ਰ ਨਹੀਂ ਆਉਂਦਾ। ਜਿੱਥੇ ਬਹਿੰਦੇ, ਚੁਫੇਰਾ ਭਰਿਆਂ ਭਰਿਆਂ ਲੱਗਦਾ। ਮੇਰਾ ਕੱਦ ਕਾਠ ਵੇਖ ਕੇ, ਮੇਰੇ ਨਾਲ ਬੜਾ ਮੋਹ ਕਰਦੇ। ਕਹਿੰਦੇ, ਪੰਡਤਾ ! ਦੋਵੇ ਵੇਲੇ ਆ ਕੇ ਦੁੱਧ



Sri Satguru Jagjit Singh Ji eLibrary NamdhariElibrary@gmail.com

ਨਾਲ ਰੱਜ ਲਿਆ ਕਰ ।"

ਜਥੇਦਾਰ ਜੀ ਬੇਨਤੀ ਕਰਦੇ ਨੇ, "ਪੰਡਿਤ ਜੀ, ਵੱਡੇ ਬਾਪੂ ਜੀ ਨੂੰ ਸਿੰਘ ਜੀ ਕਿਓਂ ਆਖਿਆ ਜਾਂਦਾ ਸੀ ?"

ਪੰਡਿਤ ਜੀ ਜ਼ਰਾ ਅੱਖਾਂ ਖੋਹਲ ਕੇ ਵੇਖਦੇ ਹੋਏ, "ਕਾਕਾ ਜੀ ਭਲੀ ਪੁੱਛੀ ਜੇ । ਸਿੰਘ ਜੀ ਦਾ ਸੁਭਾ, ਚੰਗਾ ਖੜਕੇ-ਦੜਕੇ ਵਾਲਾ ਸੀ । ਖਰੀ ਗੱਲ ਕਹਿਣੋਂ ਜ਼ਰਾ ਨਹੀਂ ਸਨ ਝਿਜਕਦੇ । ਮੋਟੀਆਂ ਲਾਲ ਅੱਖਾਂ ਤੇ ਮੁਛੈਹਰੇ ਕੁੰਡਲਾਂ ਵਾਲੇ । ਸ਼ੇਰ ਵਰਗੀ ਦਹਾੜ, ਵੇਖਿਆਂ ਡਰ ਆਂਵੇ । ਲੋਕਾਂ 'ਸਿੰਘ ਜੀ' ਨਾਂ ਪਾ ਦਿੱਤਾ । ਉਤੋਂ ਖਾਲਸਾ ਸਰਕਾਰ ਵਲੋਂ ਕਚਿਹਰੀ ਲਾਣ ਦਾ ਹੁਕਮ ਆ ਗਿਆ ।

ਜਥੇਦਾਰ ਜੀ ਨੇ ਫਿਰ ਬੇਨਤੀ ਕੀਤੀ, "ਪੰਡਿਤ ਜੀ ! ਤਾਂ ਫਿਰ ਅੱਜ ਸਾਨੂੰ ਵੱਡੇ ਬਾਪੂ ਜੀ ਦੇ ਨਾਮਧਾਰੀ ਸਜਣ ਦੀ ਸਾਖੀ ਸੁਣਾਓ ! ਸੁਣਿਐ ਆਪ ਜੀ ਵੀ ਓਦੋਂ ਨਾਲ ਹੀ ਗਏ ਹੋਏ ਸਾਉ ! ਪਰ ਪਹਿਲਾਂ ਆਪਣੀ ਆਰਜਾ ਬਾਰੇ ਚਾਨਣਾ ਪਾਓ ਕਿ ਸੈਂਕੜਾ ਪੂਰਾ ਹੋ ਗਿਐ ਜਾਂ ਅਜੇ ਕੁਝ ਕਸਰ ਹੈ ?

ਪੰਡਿਤ ਜੀ ਥੋਹੜਾ ਮੁਸਕਰਾਂਦੇ ਹੋਏ, "ਮੈਨੂੰ ਮੇਰੇ ਵਰ੍ਹਿਆਂ ਸਾਲਾਂ ਦਾ ਤੇ ਪੂਰਾ ਪਤਾ ਨਹੀਂ । ਮੈਂ ਕੁਝ ਗੱਲਾਂ ਦੱਸਦਾਂ ਹਾਂ । ਉਹਨਾਂ ਤੋਂ ਅੰਦਾਜ਼ਾ ਲਾ ਲਓ ਕਿ ਸੈਂਕੜਾ ਹੋ ਗਿਐ ਜਾਂ ਨਹੀਂ । ਕਈ ਵਡੇਰੇ ਮੈਨੂੰ ਆਂਹਦੇ ਹੁੰਦੇ ਸਨ, ਕਿ ਜਿੰਨੇ ਵਰ੍ਹੇ ਅੰਗਰੇਜ਼ਾਂ ਨੂੰ-ਸਿੱਖਾਂ ਦਾ ਰਾਜ ਖੋਹਿਆਂ ਹੋ ਗਏ ਨੇ, ਏਨੇ ਕੁ ਵਰ੍ਹਿਆਂ ਦਾ ਤੂੰ ਹੋ ਗਿਐਂ ।"

ਨੰਬਰਦਾਰ ਜੀ ਨੇ ਝੱਟ ਹਿਸਾਬ ਕਰ ਕੇ ਆਖਿਆ, "ਇਹਦਾ ਮਤਲਬ ਹੋਇਆ, ਆਪ ਦਾ ਜਨਮ ਸੰਨ 1850 ਤੋਂ ਸਾਲ ਵਧ ਘੱਟ ਦਾ ਹੈ । ਤੇ ਹੁਣ ਹੋਇਆ 1945, ਪੰਜ ਕੁ ਵਰ੍ਹੇ ਬਾਕੀ ਨੇ ਸੈਂਕੜਾ ਪੂਰਾ ਕਰਨ ਵਿਚ ।"

ਵਧਾਵਾ ਸਿੰਘ ਜੀ ਹੱਥ ਤੇ ਹੱਥ ਮਾਰਦੇ ਹੋਏ, "ਪੰਜ ਵਰ੍ਹੇ ਕੀ ਹੋਏ ਪੰਡਿਤ ਜੀ ਅੱਗੇ । ਅਜੇ ਤਾਂ ਸਿਹਤ ਵਧੀਆ ਪਈ ਹੈ । ਪਰ ਪੰਡਿਤ ਜੀ ! ਵੱਡੇ ਬਾਪੂ ਜੀ ਦੀ ਕਚਿਹਰੀ ਲੱਗਦੀ ਤਾਂ ਆਪ ਨੇ ਵੇਖੀ ਹੋਵੇਗੀ ? ਉਹਨਾਂ ਦੀ ਕੋਈ ਗੱਲ ਵੀ ਸੁਣਾਓ !"

ਜਥੇਦਾਰ ਜੀ ਵਿਚੋਂ ਟੋਕਦੇ ਹੋਏ, "ਕਚਿਹਰੀ ਵਾਲੀ ਗੱਲ ਤਾਂ ਫੇਰ ਕਿਸੇ ਦਿਨ, ਅੱਜ ਤਾਂ ਕੂਕ ਪੁਣੇ ਵਾਲੀ ਸਾਖੀ ਹੀ ਸੁਣਾਂਗੇ ।"

ਪੰਡਿਤ ਜੀ ਹੌਕਾ ਜਿਹਾ ਭਰਦੇ ਹੋਏ, "ਵੱਡੇ ਸਿੰਘ ਜੀ ਦੀ ਕਚਿਹਰੀ-ਸਿੱਖ ਰਾਜ ਵੇਲੇ ਲੱਗਦੀ ਵੀ ਸੁਣਦੇ ਸਾਂ, ਫੇਰ ਅੰਗਰੇਜ਼ ਵੇਲੇ ਅੱਖੀਂ ਵੇਖੀ ਹੈ । ਜਦੋਂ ਉਹ ਕੂਕੇ ਬਣ ਗਏ, ਤਾਂ ਅੰਗਰੇਜ਼ਾਂ ਪਤਾ ਨਹੀਂ, ਕਿਓਂ ਉਹ ਕਚਿਹਰੀ ਬੰਦ ਕਰ ਦਿੱਤੀ । ਸ਼ਾਇਦ ਸਿੰਘ ਜੀ ਦਾ ਕੂਕਾ ਬਣ ਜਾਣਾ ਚੰਗਾ ਨਾ ਲੱਗਿਆ ਹੋਵੇ ?"

ਨੰਬਰਦਾਰ ਜੀ ਅਰਜ਼ ਕਰਨ ਵਾਂਗ, "ਪੰਡਿਤ ਜੀ ! ਆਪ ਜੀ ਮੇਰੇ ਦਾਦਾ ਜੀ ਤੋਂ ਵੱਡੇ ਸੀ ਜਾਂ ਛੋਟੇ ?"



Sri Satguru Jagjit Singh Ji eLibrary NamdhariElibrary@gmail.com

ਪੰਡਿਤ ਜੀ ਥੋਹੜਾ ਗੰਭੀਰ ਹੁੰਦੇ ਹੋਏ, "ਆਹ ਕਿਹੜੀਆਂ ਪੁਰਾਣੀਆਂ ਤੁਖਣੀਆਂ ਛੇੜ ਦਿੱਤੀਆਂ ਜੇ ! ਸ. ਦਿਆਲ ਸਿੰਘ ਜੀ ਮੇਰੇ ਤੋਂ ਪੰਜ ਸੱਤ ਸਾਲ ਵੱਡੇ ਹੋਣਗੇ, ਪਰ ਚਲੇ ਤਾਂ ਮੇਰੇ ਤੋਂ ਬਹੁਤ ਪਹਿਲਾਂ ਗਏ ਨੇ । ਪੱਤਾ ਨਹੀਂ ਮੈਂ ਅਜੇ ਹੋਰ ਕੀਹ ਦੁੱਖ ਵੇਖਣ ਵਾਸਤੇ ਤੁਰਿਆ ਫਿਰਦਾ ਹਾਂ । ਸਾਡਾ ਆਪਸ ਵਿਚ ਹਾਣੀਆਂ ਵਾਲਾ ਜੋੜ ਸੀ ।"

ਨੰਬਰਦਾਰ ਜੀ ਫੇਰ ਬੇਨਤੀ ਕਰਦੇ ਹਨ, "ਪੰਡਿਤ ਜੀ, ਆਪ ਦੀ ਤੰਦਰੁਸਤੀ ਅਤੇ ਲੰਮੀ ਉਮਰ ਦਾ ਕੀ ਭੇਦ ਹੈ ?"

ਪੰਡਿਤ ਜੀ, ਅੰਗੜਾਈ ਲੈਂਦੇ ਹੋਏ, "ਮੈਂ ਸ਼ੁਰੂ ਤੋਂ ਦੋ ਗਊਆਂ ਰੱਖਦਾ ਰਿਹਾਂ, ਜਿੰਨਾ ਵਾਸਤੇ ਪੱਠੇ ਹਮੇਸ਼ਾ ਸਿੰਘ ਜੀ ਦੇ ਟੱਕੋਂ ਵੱਢ ਕੇ ਲੈ ਔਣੇ, ਅਤੇ ਹੱਥ ਦੇ ਟੋਕੇ ਨਾਲ ਕੁੱਤਰ ਕੇ ਪਾ ਦੇਣੇ । ਰੋਟੀ ਥੋਹੜੀ ਖਾਣੀ ਤੇ ਦੁੱਧ ਬਹੁਤਾ ਪੀਣਾ । ਦੁਕਾਨਦਾਰੀ ਨਾਲ ਮਿਹਨਤ ਮਜ਼ਦੂਰੀ ਵੀ ਕਰ ਲੈਣੀ ।"

ਵਧਾਵਾ ਸਿੰਘ ਜੀ ਵਿਚੋਂ ਟੋਕਦੇ ਹੋਏ, "ਮਜ਼ਦੂਰੀ ਕਿਵੇਂ ਦੀ ?"

ਪੰਡਿਤ ਜੀ ਅਤੀਤ ਵਿਚੋਂ ਕੁਝ ਲੱਭਦੇ ਹੋਏ, "ਬੱਚਿਓ, ਤੁਹਾਨੂੰ ਕੀ ਪਤਾ ਹੈ, ਰੋਟੀ ਕਮਾਉਣੀ ਕਿੰਨੀ ਔਖੀ ਹੁੰਦੀ ਸੀ । ਵਾਢੀਆਂ ਕਰ ਕੇ, ਸਾਲ ਜੋਗੀ ਕਣਕ ਬਣਾ ਲੈਣੀ । ਫੇਰ ਵੱਡੀ ਨਹਿਰ ਦੀ ਪੁਟਾਈ ਸ਼ੁਰੂ ਹੋ ਗਈ । ਉਥੇ ਵੀ ਚਲੇ ਜਾਣਾ, ਜਿਹੜੇ ਚਾਰ ਆਨੇ ਦਿਹਾੜੀ ਬਣਨੀ ਉਹ ਸ਼ਾਮ ਨੂੰ ਲੈ ਆਉਣੇ । ਇਹ ਨਹਿਰ ਤੇ ਸੂਆ ਮੇਰੇ ਹੱਥੀਂ ਪੁੱਟੇ ਹੋਏ ਨੇ ।"

ਜਥੇਦਾਰ ਜੀ ਕਾਹਲੇ ਪੈਂਦੇ ਹੋਏ, "ਗੱਲਾਂ ਤਾਂ ਪੰਡਿਤ ਜੀ ! ਇਹ ਵੀ ਬੜੀਆਂ ਸੁਣਨ ਵਾਲੀਆਂ ਨੇ, ਜੋ ਫਿਰ ਕਦੀ ਸਹੀ, ਪਰ ਅੱਜ ਤਾਂ ਵੱਡੇ ਬਾਪੂ ਜੀ ਦੀ ਸਾਖੀ ਜਰਾ ਖੋਲ੍ਹ ਕੇ ਸੁਣਾ ਦਿਓ ।"

ਪੰਡਿਤ ਜੀ 'ਹੇ ਰਾਮ' ਕਹਿ ਕੇ, ਤਖ਼ਤ ਪੋਸ਼ ਤੇ ਪਾਸਾ ਬਦਲਦੇ ਹੋਏ, "ਰਾਮ ਜੀ ਤੁਹਾਨੂੰ ਸੁਖ ਦੇਵੇ ! ਬੜੀ ਪੁਰਾਣੀ ਗੱਲ ਹੈ .... ਸੱਤਰ-ਅੱਸੀ ਵਰ੍ਹੇ ਹੋ ਗਏ ਹੋਣਗੇ । ਮੈਂ ਉਦੋਂ ਅੱਲੜ੍ਹ ਜਿਹਾ ਸਾਂ, ਮੱਸ ਫੁੱਟਦੀ ਪਈ ਸੀ । ਏਸੇ ਬੋਹੜ ਹੇਠ ਬੈਠਿਆਂ ਸ. ਦਿਆਲ ਸਿੰਘ ਜੀ ਨੇ, ਵੱਡੇ ਸਿੰਘ ਜੀ ਨੂੰ ਦੱਸਿਆ ਕਿ ਬਾਪੂ ਜੀ ! ਇਸ ਵਰ੍ਹੇ ਹੋਲਾ ਮਾਨਾਂ ਵਾਲੇ ਸ੍ਰ. ਹੀਰਾ ਸਿੰਘ ਨੇ ਕਰਾਣਾ ਹੈ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇਣ ਦੀ ਕਿਰਪਾ ਕਰਣਗੇ । ਮੈਨੂੰ ਉਥੇ ਪਹੁੰਚਣ ਦਾ ਹੁਕਮਨਾਮਾ ਆ ਗਿਆ ਹੈ । ਆਪ ਵੀ ਦਰਸ਼ਨ ਮੇਲਾ ਕਰਨ ਦੀ ਤਿਆਰੀ ਕਰ ਲਓ ! ਵੱਡੇ ਸਿੰਘ ਜੀ ਨੂੰ ਸੁਣ ਕੇ ਚਾਅ ਚੜ੍ਹ ਗਿਆ । ਬੜਾ ਹੁੱਬ ਕੇ ਕਹਿਣ ਲੱਗੇ- "ਹੱਛਾ ! ਬੜੀ ਚੰਗੀ ਗੱਲ ਹੈ ਪੁੱਤਰ ਜੀ ! ਪਰ ਜਾਣ ਤੋਂ ਪਹਿਲਾਂ ਦੱਸ ਦਿਆ ਜੇ ! ਕਿਉਂਕਿ ਇਕ ਰਾਤ ਰਾਹ ਵਿਚ ਵੀ ਲੱਗੇਗੀ ।"

ਵਧਾਵਾ ਸਿੰਘ ਜੀ ਫਿਰ ਬੇਨਤੀ ਕਰਦੇ ਹਨ, "ਵਿਚੋਂ ਟੋਕਣ ਦਾ ਗੁੱਸਾ ਨਾ ਕਰੋ-ਤਾਂ ਏਹ ਵੀ ਦੱਸੋ, ਪਈ ਨਾਲ ਹੋਰ ਕੌਣ ਕੌਣ ਗਿਆ ਸੀ ?"


Sri Satguru Jagjit Singh Ji eLibrary NamdhariElibrary@gmail.com

ਪੰਡਿਤ ਜੀ ਚੌਹਾਂ ਵੱਲ ਵੇਖ ਕੇ, "ਬੱਚਿਓ ਏਹ ਟੋਕਣਾ ਨਹੀਂ-ਸਗੋਂ ਏਹ ਤਾਂ ਹੁੰਗਾਰਾ ਭਰਨ ਵਾਲੀ ਗੱਲ ਹੈ । ਨਾਲੇ ਮੈਂ ਕੇਹੜਾ ਮੰਦਿਰ ਵਿਚ ਕਥਾ ਕਰਦਾ ਹਾਂ ....ਏਹ ਤੇ ਬੈਠੇ ਬੈਠੇ ਪੁਰਾਣੀਆਂ ਯਾਦਾਂ ਈ ਤਾਜ਼ੀਆਂ ਪਏ ਕਰਨੇ ਆਂ । ਜਾਣ ਵਾਲੇ, ਵੱਡੇ ਸਿੰਘ ਜੀ ਘੋੜੀ ਤੇ ਸਵਾਰ ਹੋ ਗਏ । ਪੈਦਲ ਸ੍ਰ. ਦਿਆਲ ਸਿੰਘ ਜੀ, ਮਿਸਤਰੀ ਦਿਆਲ ਸਿੰਘ, ਡੇਰੇਦਾਰ ਭਾਈ ਜੀਊਣ ਸਿੰਘ, ਸ੍ਰ. ਵਧਾਵਾ ਸਿੰਘ ਕੀ ਪੱਤੀ ਵਾਲਾ ਆਲਾ ਸਿੰਘ ਵੀ ਤਿਆਰ ਹੋ ਗਏ । ਸਿੰਘ ਜੀ ਨੇ ਮੈਨੂੰ ਹੁਕਮ ਕੀਤਾ-ਚੱਲ ਪੰਡਤਾ ! ਮਹਾਂਪੁਰਖਾਂ ਦੇ ਦੀਦਾਰ ਕਰਕੇ, ਜਨਮ ਸਵਾਰ ਲੈ । ਘੋੜੀ ਸਾਂਭਣ ਵਾਸਤੇ ਨਾਲ 'ਰਹਿਮਤ' ਨੂੰ ਲੈ ਲਿਆ। ਇਸ ਤਰ੍ਹਾਂ ਇਹ ਜਥਾ ਮਾਨਾਂ ਵਾਲੇ ਦਾ ਹੋਲਾ ਵੇਖਣ ਚੱਲ ਪਿਆ ।

ਨੰਬਰਦਾਰ ਜੀ ਦਾ ਬੱਚਾ, ਪਾਠ ਛੱਡ ਕੇ-ਸਾਖੀ ਸੁਣਦਾ ਹੋਇਆ, ਹੌਲੇ ਜਹੇ ਜਥੇਦਾਰ ਜੀ ਨੂੰ ਕਹਿਣ ਲੱਗਾ - "ਉਦੋਂ ਪਿੰਡ ਵਿਚ ਹੋਰ ਕੋਈ ਘੋੜੀ ਨਹੀਂ ਸੀ ? ਪੰਡਤ ਜੀ ਸੁਣਕੇ ਫਰਮਾਇਆ- ਬੇਟਾ ਜੀ, ਏਹ ਤੇ ਨਹਿਰ ਦਾ ਪਾਣੀ ਪੈਣ ਕਰਕੇ ਲਹਿਰਾਂ-ਬਹਿਰਾਂ ਹੋ ਗਈਆਂ ਨੇ, ਤਾਂ ਪਿੰਡ ਵਿਚ ਕਈ ਘੋੜੀਆਂ ਤੁਸੀਂ ਵੇਖ ਰਹੇ ਓ ! ਉਦੋਂ, ਇੱਕੋ ਸਿੰਘ ਜੀ ਕੋਲ ਘੋੜੀ ਹੁੰਦੀ ਸੀ, ਜਿਦ੍ਹੇ ਵਾਸਤੇ ਮਾਲ ਡੰਗਰ ਤੋਂ ਵੱਖਰਾ, ਇਕ ਨੌਕਰ ਕੱਲੀ ਘੋੜੀ ਲਈ ਰੱਖਿਆ ਹੋਇਆ ਸੀ । ਸਿੰਘ ਜੀ ਦੀ ਘੋੜੀ 'ਜਿਗਰੀ ਰਵਾਲ' ਬੜੀ ਵਧੀਆ ਤੁਰਦੀ ਸੀ । (ਜਿਗਰੀ ਰਵਾਲ, ਜੇਹੜੀ ਆਪਣੇ ਆਪ ਸਹਿਸੁਭਾ ਛੋਟੇ ਕਦਮੀਂ ਲਗਾਤਾਰ ਤੁਰਦੀ ਹੋਵੇ ) । ਜੇ ਕਦੇ ਘੋੜੀ 'ਪੋਈਏ' ਪੈ ਜਾਣੀਂ (ਪੋਈਏ ਪੈਣਾ, ਦੌੜਨ ਤੋਂ ਪਹਿਲਾਂ ਚਾਰੇ ਪੈਰ ਵੱਖਰੇ-ਵੱਖਰੇ, ਬੜੇ ਖੁੱਲ੍ਹੇ ਚੁਕਣੇ) ਅਸੀਂ ਭੱਜ ਕੇ ਵੀ ਪਿੱਛੇ ਰਹਿ ਜਾਣਾ । ਸਿੰਘ ਜੀ ਨੇ ਪਿਛਾਂਹ ਵੇਖ ਕੇ ਘੋੜੀ ਫਿਰ 'ਗਾਮ ਚਾਲ ਤੋਰਨ ਲੱਗ ਪੈਣਾਂ । (ਗਾਮਚਾਲ-ਸਹਿਜੇ ਸਹਿਜੇ) ਦੁਪਹਿਰੇ ਪਿੰਡੋਂ ਤੁਰੇ ਸਾਂ, ਸ਼ਾਮ ਨੂੰ 'ਉਗੂ ਚੱਕ' ਪੁੱਜ ਕੇ ਬਾਜਵਿਆਂ ਦੇ ਘਰੇ ਨਿਵਾਸ ਕੀਤਾ । ਰਾਤ ਉਨ੍ਹਾਂ ਸਾਡੀ ਬੜੀ ਸੇਵਾ ਕੀਤੀ । ਦੂਜੇ ਦਿਨ ਤੁਰਨ ਲੱਗਿਆਂ, ਕਈ ਸਰੀਰ ਸਾਡੇ ਨਾਲ ਤੁਰ ਪਏ । ਰਸਤੇ ਵਿਚ ਹਰ ਪਿੰਡੋਂ ਸਿੰਘ ਜੀ ਦੇ ਜਾਣੂਆਂ, ਸਾਨੂੰ ਲੱਸੀ ਪਾਣੀ ਪਿਆ ਕੇ, ਫਿਰ ਸਾਡੇ ਨਾਲ ਹੋ ਜਾਣਾ । ਇਸ ਤਰ੍ਹਾਂ ਮਾਨਾਂ ਵਾਲੇ ਪੁੱਜਦਿਆਂ ਤੱਕ, ਸਾਡਾ ਜਥਾ ਚਾਲੀ-ਪੰਜਾਹ ਦਾ ਹੋ ਗਿਆ ।"

ਨੰਬਰਦਾਰ ਜੀ ਨੇ ਸਵਾਲ ਕੀਤਾ, "ਐਡੇ ਮੇਲੇ ਵਿਚ ਡੇਰੇ ਦਾ ਕੀ ਪ੍ਰਬੰਧ ਹੋਇਆ ?"

ਪੰਡਿਤ ਜੀ ਨੇ ਮੁਸਕਰਾਂਦੇ ਆਖਿਆ, "ਮੇਲੇ ਵਿਚ ਪੁੱਜਦਿਆਂ, ਕੁਦਰਤੋਂ ਮੇਲੇ ਵਾਲਾ ਸ੍ਰ. ਹੀਰਾ ਸਿੰਘ ਅੱਗੋਂ ਮਿਲ ਪਿਆ । ਸਿੰਘ ਜੀ ਨੂੰ ਜੱਫੀ ਪਾ ਕੇ ਮਿਲਿਆ । ਜਲ ਪਾਣੀ ਛਕਿਆ ਸੁਣਕੇ, ਨੌਕਰ ਤੇ ਘੋੜੀ ਘਰ ਭੇਜ ਕੇ, ਆਪ ਸਾਡੇ ਨਾਲ ਦੀਵਾਨ ਵਲ ਤੁਰ ਪਿਆ । ਮੇਲੇ ਵਿਚ ਜਣਾ-ਖਣਾ ਛੋਟੇ ਸ੍ਰ. ਦਿਆਲ ਸਿੰਘ ਜੀ ਦੀ ਪੈਰੀਂ ਹੱਥ ਲਾਵੇ । ਅਸੀਂ ਬੜੇ ਹੈਰਾਨ, ਕਿ ਏਹਨਾਂ ਦੀ ਕਿੰਨੀ ਵਾਕਫੀ ਏ !"



Sri Satguru Jagjit Singh Ji eLibrary NamdhariElibrary@gmail.com

ਛੋਟੇ ਬੱਚੇ ਨੇ ਫਿਰ ਸਵਾਲ ਕੀਤਾ, "ਮੇਲੇ ਵਿਚ ਸੰਗਤ ਕਿੰਨੀ ਕੁ ਸੀ ?"

ਪੰਡਿਤ ਜੀ ਨੇ ਦੋਵੇਂ ਬਾਹੀਂ ਖਿਲਾਰ ਕੇ ਅਸਮਾਨ ਵਲ ਵੇਖਦੇ ਹੋਏ, "ਜਿਵੇਂ ਹਨੇਰੀ ਰਾਤੇ, ਤਾਰਿਆਂ ਨੂੰ ਕੋਈ ਗਿਣਤੀ ਵਿਚ ਨਹੀਂ ਲਿਆ ਜਾ ਸਕਦਾ, ਉਵੇਂ ਚਿੱਟ-ਚਿਟੈਣ ਹੋਈ ਪਈ ਸੀ। ਇੰਜ ਲੱਗੇ ਜਿਵੇਂ ਸਾਰਾ ਪੰਜਾਬ ਕੂਕਾ ਬਣ ਗਿਆ ਹੋਵੇ। ਜਿਥੋਂ ਤੱਕ ਨਜ਼ਰ ਜਾਂਦੀ, ਜਿਵੇਂ ਸਮੁੰਦਰ ਵਿਚ ਉਬਾਲ ਆ ਗਿਆ ਹੋਵੇ। ਜਦੋਂ ਅਸੀਂ ਗੁਰੂ ਮਹਾਰਾਜ ਨੂੰ ਪਰਨਾਮ ਕਰਨ ਚੱਲੇ ਤਾਂ ਬੜੀਆਂ ਲੰਮੀਆਂ ਲੈਣਾਂ ਲੱਗੀਆਂ ਵੇਖੀਆਂ। ਅਸੀਂ ਸੋਚੀਏ, ਵੇਖੋ ਕਿੰਨੇ ਚਿਰ ਨੂੰ ਵਾਰੀ ਆਏਗੀ।

ਜਥੇਦਾਰ ਜੀ ਨੇ ਸਵਾਲ ਕੀਤਾ, "ਪੰਡਿਤ ਜੀ ! ਆਪ ਨੂੰ ਸਤਿਗੁਰੂ ਜੀ ਦੀ ਪਛਾਣ ਕਿਵੇਂ ਹੋਈ ?"

ਪੰਡਿਤ ਜੀ ਥੋੜ੍ਹਾ ਖਿੜਦੇ ਹੋਏ, "ਪਛਾਣ ਦੀ ਭਲੀ ਪੁੱਛੀ ਜੇ। ਗੱਲ ਆਖਣ ਵਾਲੀ ਭਾਵੇਂ ਨਹੀਂ, ਪਰ ਆਖਣੀ ਪਏਗੀ। ਵਾਰਸ ਨੇ ਜਿਵੇਂ ਆਖਿਆ ਸੀ - 'ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।' ਪਰ ਗੁਰੂ ਜੀ ਨੂੰ ਤਾਂ ਲੱਖਾਂ ਵਿਚੋਂ ਅਬੋਲ ਬੰਦਾ ਵੀ ਪਛਾਣ ਲੈਂਦਾ ਸੀ। ਅੱਗੋਂ ਸੁਣੋ ! ਸੰਗਤਾਂ ਦੇ ਵਿਚਕਾਰ ਦੁਰਾਡੇ ਜਹੇ ਇੰਜ ਲੱਗਿਆ, ਜਿਵੇਂ ਗੁਰੂ ਮਹਾਰਾਜ ਕੁਝ ਉਚੇ ਥਾਂ ਤੇ ਬੈਠੇ ਹੋਣ। .... ਪਰ ਨਹੀਂ, ਨੇੜੇ ਗਿਆਂ ਪਤਾ ਲੱਗਾ, ਮਹਾਰਾਜ ਉਂਝ ਹੀ ਸੰਗਤ ਵਿਚੋਂ ਏਨੇ ਲੰਬੇ ਉਚੇ, ਕਿ ਦੂਰੋਂ ਹੀ ਦਰਸ਼ਨ ਹੋ ਰਹੇ ਸਨ। ਜਦੋਂ ਹੋਰ ਨੇੜੇ ਗਏ ਤਾਂ ਗੁਰੂ ਜੀ ਦੇ ਚੇਹਰੇ ਵਲ ਨਜ਼ਰ ਨਾ ਟਿਕੇ। ਜਿਵੇਂ ਉਗਦਾ ਸੂਰਜ ਡਲ੍ਹਕਾਂ ਮਾਰਦਾ ਪਿਆ ਹੋਵੇ। ਬੱਚਿਓ, ਕੀ ਦੱਸਾਂ ਤੇ ਕਿਵੇਂ ਦੱਸਾਂ - 'ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ' ਵਾਲੀ ਗੱਲ ਸੀ। ਮੈਨੂੰ ਲੱਗੇ, ਜਿਵੇਂ ਮੇਰੇ ਤੇ ਜਾਦੂਈ ਮਦਹੋਸ਼ੀ ਤਾਰੀ ਹੋ ਰਹੀ ਹੋਵੇ। ਦਿਲ ਡਾਹਢਾ ਕਰਕੇ ਪਰਨਾਮ ਕੀਤੀ। ਸਿਰ ਚੁਕਿਆ ਤੇ ਕੀ ਵੇਖਦਾ ਹਾਂ, ਗੁਰੂ ਜੀ ਵੱਡੇ ਸਿੰਘ ਜੀ ਨੂੰ ਕਹਿ ਰਹੇ ਨੇ - 'ਆਓ ਸਰਦਾਰ ਅਤਰ ਸਿੰਘ ਜੀ।" ਮੈਂ ਹੈਰਾਨ ਕਿ ਗੁਰੂ ਜੀ ਨੂੰ, ਸਿੰਘ ਜੀ ਦੇ ਨਾਂ ਦਾ ਕਿਵੇਂ ਪਤਾ ਹੈ ! ਫਿਰ ਹੁਕਮ ਹੋਇਆ, - "ਸੂਬਾ ਲੱਖਾ ਸਿੰਘ ਸ੍ਰ. ਜੀ ਨੂੰ ਆਪਣੇ ਕੋਲ ਬਿਠਾ ਲਓ।" ਫਿਰ ਗੁਰੂ ਜੀ ਸ੍ਰ. ਦਿਆਲ ਸਿੰਘ ਜੀ ਨੂੰ ਕਹਿ ਰਹੇ ਸਨ - "ਲੈ ਆਏ ਹੋ ਨਿਆਂਕਾਰ ਜੀ ਨੂੰ।"

ਜਥੇਦਾਰ ਜੀ ਨੇ ਸ਼ੰਕਾ ਜਾਹਰ ਕੀਤੀ ਕਿ, "ਪੰਡਤ ਜੀ ਏਨਾ ਕੁਝ ਵੇਖਣ ਸੁਣਨ ਵਾਸਤੇ ਏਨੀ ਭੀੜ ਵਿਚ ਤੁਸੀਂ ਕਿੱਥੇ ਖੜੋਤੇ ਰਹਿ ਸਕੇ ?"

ਪੰਡਿਤ ਜੀ ਥੋੜ੍ਹਾ ਸੁਚੇਤ ਹੁੰਦੇ ਹੋਏ - "ਤੁਹਾਡੀ ਗੱਲ ਠੀਕ ਹੈ, ਪਰ ਮੈਂ ਛੋਟੇ ਸਰਦਾਰ ਜੀ ਦੇ ਨੇੜੇ ਲੱਗ ਕੇ ਖੜੋਤਾ ਰਿਹਾ। ਪ੍ਰਬੰਧਕਾਂ ਸੋਚਿਆ, ਏਹਨਾਂ ਵਿਚੋਂ ਹੋਏਗਾ, ਸੋ ਮੈਨੂੰ ਕਿਸੇ ਕੁਝ ਨਾ ਕਿਹਾ। ਫਿਰ ਗੁਰੂ ਮਹਾਰਾਜ ਨੇ ਫਰਮਾਇਆ - "ਸੂਬਾ ਲੱਖਾ ਸਿੰਘ ਜੀ , ਸ੍ਰ. ਜੀ ਦੇ ਕੰਨ ਵਿਚ ਗੁਰ-ਮੰਤਰ ਦੇ ਦਿਓ .... ਪਰ ਮਸਤਾਨੇ ਨਹੀਂ ਕਰਨਾ, ਕਿਉਂਕਿ ਏਹਨਾਂ ਤੋਂ ਬੜੇ ਕੰਮ ਲੈਣੇ ਹਨ।"



Sri Satguru Jagjit Singh Ji eLibrary NamdhariElibrary@gmail.com

ਨੰਬਰਦਾਰ ਜੀ ਨੇ ਸਵਾਲ ਉਠਾਇਆ ਕਿ, "ਪੰਡਿਤ ਜੀ, ਵੱਡੇ ਬਾਪੂ ਜੀ ਨੂੰ ਨਾਮ ਦੀ ਦਾਤ ਬਿਨ ਮੰਗੇ ਹੀ ਮਿਲ ਗਈ ?"

ਪੰਡਿਤ ਜੀ ਨੇ ਤੱਤ ਫੱਟ ਉਤਰ ਮੋੜਿਆ, "ਨਹੀਂ ਛੋਟੇ ਸਿੰਘ ਜੀ" (ਸਿੰਘ ਜੀ ਦਾ ਲਕਬ, ਵੱਡੇ ਬਾਪੂ ਜੀ ਤੋਂ ਬਾਅਦ-ਸੰਤ ਦਿਆਲ ਸਿੰਘ ਜੀ ਅਤੇ ਸ. ਸੰਤ ਸਿੰਘ ਜੀ ਸਮੇਂ ਕੁਝ ਘੱਟ ਬੋਲਿਆ ਜਾਂਦਾ ਸੀ, ਜੋ ਹੁਣ ਸ. ਤਰਨ ਸਿੰਘ ਜੀ ਵੇਲੇ ਫਿਰ ਉਵੇਂ ਹੀ ਪ੍ਰਚੱਲਤ ਹੋ ਗਿਆ) । 'ਸਿੰਘ ਜੀ' ਸ਼ਬਦ ਬਾਰੇ ਨੰਬਰਦਾਰ ਜੀ ਦੇ ਬੇਟੇ ਨੇ ਹੌਲੇ ਜਿਹੇ ਜਥੇਦਾਰ ਜੀ ਦੇ ਕੰਨ ਵਿਚ ਪੁੱਛਿਆ ਤਾਂ ਪੰਡਿਤ ਜੀ ਨੇ ਸਮਝਾਇਆ, "ਛੋਟੇ ਸਰਦਾਰ ਜੀ ਨੇ ਪਰਨਾਮ ਕਰਦਿਆਂ ਹੀ-ਗੁਰੂ ਜੀ ਅੱਗੇ ਬੇਨਤੀ ਕਰ ਦਿੱਤੀ ਸੀ ਕਿ ਮੇਰੇ ਪਿਤਾ ਜੀ ਨੂੰ ਨਾਮ ਦੀ ਬਖਸ਼ਿਸ਼ ਕੀਤੀ ਜਾਏ । ਤਾਂ ਹੀ ਸੂਬਾ ਜੀ ਨੂੰ ਹੁਕਮ ਕੀਤਾ ਗਿਆ ਸੀ ਗੁਰੂ ਮਹਾਰਾਜ ਵਲੋਂ । ਅਤੇ ਫਿਰ ਜਿਵੇਂ ਬੜੇ ਜਾਣਕਾਰ ਗੱਲਾਂ ਕਰਦੇ ਹਨ ਸਿੰਘ ਜੀ ਨੇ ਅਰਜ ਕੀਤੀ 'ਜੀ ਮੈਨੂੰ ਕੋਈ ਸਿਖਿਆ ਦਿੱਤੀ ਜਾਇ, ਕਿਉਂ ਜੁ ਮੈਂ ਅਣਜਾਣ ਜੱਟ ਹਾਂ' ਤਾਂ ਮਹਾਰਾਜ ਨੇ ਕਿਰਪਾ ਕੀਤੀ ਕਿ ਸੋਭਾ ਤਾਂ ਅੱਗੇ ਸੁਣੀ ਹੋਈ ਹੈ, ਫਿਰ ਵੀ ਨਿਆਂ ਕਰਨ ਲਗਿਆ ਧੜਾ ਨਹੀਂ ਮਾਰਨਾ, ਗਰੀਬ ਮਾਰ ਨਹੀਂ ਕਰਨੀ, ਉਸ ਵੱਡੇ ਨਿਆਂਕਾਰ ਨੂੰ ਹਰ ਵੇਲੇ ਹਾਜ਼ਰ ਨਾਜ਼ਰ ਜਾਣ ਕੇ ਫੈਸਲੇ ਕਰਨੇ । ਅੰਗਰੇਜ਼ ਦੇ ਦਬਾ ਹੇਠ ਨਹੀਂ ਔਣਾ ਅਤੇ ਮਰਿਆਦਾ ਬਾਰੇ ਆਪਣੇ ਬੇਟੇ ਦਿਆਲ ਸਿੰਘ ਤੋਂ ਅਗਵਾਈ ਲੈਣੀ ।"

ਵਧਾਵਾ ਸਿੰਘ ਨੇ ਸ਼ੰਕਾ ਜ਼ਾਹਰ ਕੀਤੀ, "ਪੰਡਿਤ ਜੀ ਏਨੀਆਂ ਗੱਲਾਂ ਆਪ ਨੂੰ ਚੇਤੇ ਕਿਵੇਂ ਰਹਿ ਗਈਆਂ ?"

ਥੋੜ੍ਹਾ ਮੁਸਕਰਾ ਕੇ, ਰੰਗ ਵਿਚ ਹੋ ਕੇ ਪੰਡਿਤ ਜੀ ਕਹਿਣ ਲੱਗੇ, "ਉਹ ਨਜ਼ਾਰਾ ਈ ਐਸਾ ਸੀ ਜਿਦ੍ਹੇ ਵਰਗਾ ਨਾ ਪਹਿਲਾਂ ਵੇਖਿਆ ਸੀ ਨਾ ਬਾਦ ਵੇਖਿਆ ਹੈ । ਇਸ ਕਰ ਕੇ ਇੰਨ ਬਿੰਨ ਅੱਜ ਵੀ ਅੱਖਾਂ ਸਾਹਮਣੇ ਆ ਰਿਹਾ ਹੈ । ਅੱਗੇ ਹੋਰ ਸੁਣੋ ! ਮੈਂ ਥੋੜ੍ਹਾ ਚੇਤੰਨ ਹੋ ਕੇ ਧਿਆਨ ਕੀਤਾ ਕਿ ਵੱਡੇ ਸਿੰਘ ਜੀ, ਜੋ ਅਨੇਕਾਂ 'ਚੋਂ ਏਕ ਸਨ, ਗੁਰੂ ਮਹਾਰਾਜ ਦੇ ਕੋਲ ਬੈਠੇ ਹਨ । ਦੋਵੇਂ ਇਕੋ ਜਿੰਨੇ ਜਵਾਨ, ਇਕੋ ਜਿਹੇ ਸੋਹਣੇ, ਪਰ ਸਿੰਘ ਜੀ ਜ਼ਰਾ ਭਾਰੇ, ਗੁਰੂ ਜੀ ਪਤਲੇ ਸਿੱਧੇ । ਦੋਹਾਂ ਦੇ ਅੱਧ ਚਿੱਟੇ ਸੋਹਣੇ ਦਾਹੜੇ । ਸਿੰਘ ਜੀ ਦਾ ਲਾਲ ਗੋਰਾ ਰੰਗ, ਗੁਰੂ ਜੀ ਦਾ ਕਣਕ ਵੰਨਾਂ, ਡਲਕਾਂ ਮਾਰਦਾ ਗੁਲਾਬੀ ਰੰਗ, ਪਰ ਗੁਰੂ ਜੀ ਦੀ ਗਰਦਨ-ਸਿੰਘ ਜੀ ਤੋਂ ਹੀ ਨਹੀਂ, ਕੁਲ ਦੁਨੀਆਂ ਤੋਂ ਲੰਮੀ ਝੰਮੀ ਸੀ । ਦਸਤਾਰ ਵਿਚ ਲਿਸ਼ਕਾਂ ਮਾਰਦਾ ਖੰਡਾ-ਜਿਵੇਂ ਵਿਸ਼ਨੂੰ ਭਗਵਾਨ ਦੇ ਸੀਸ ਤੇ ਸੁਦਰਸ਼ਨ ਚੱਕਰ ਚਮਕਦਾ ਹੋਵੇ ।" (ਕੋਲ ਬੈਠਿਆਂ 'ਚੋਂ ਕੋਈ ਸਵਾਲ ਕਰਨ ਲੱਗਾ, ਤਾਂ ਪੰਡਿਤ ਜੀ ਖੁਦ ਮਸਤੀ ਵਿਚ ਗੜੂੰਦ ਹੋ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ ) "ਵੇਖਿਆ ਤੇ ਨਹੀਂ, ਪੜ੍ਹਿਆ ਜਾਂ ਸੁਣਿਆ ਹੈ, ਭਗਵਾਨ ਚਤਰਭੁੱਜ ਹੁੰਦਾ ਹੈ । ਏਥੇ ਸਾਖਿਆਤ ਦੋ ਲੰਮੀਆਂ ਭੁਜਾਂ ਵਾਲਾ ਵਿਸ਼ਨੂੰ ਭਗਵਾਨ ਵੇਖਿਆ" ।



Sri Satguru Jagjit Singh Ji eLibrary NamdhariElibrary@gmail.com

ਨੰਬਰਦਾਰ ਜੀ ਨੇ ਵੀ ਉਸੇ ਮਸਤੀ ਵਿਚ ਹੋ ਕੇ ਕਿਹਾ, "ਪੰਡਿਤ ਜੀ ਧੰਨ ਜਨਮ ਹੈ ਆਪਦਾ, ਜਿਹਨਾਂ ਸਾਨੂੰ ਵੀ ਉਹ ਸਮਾਂ ਸਾਕਾਰ ਕਰ ਦਿੱਤਾ ਹੈ।

ਪੰਡਿਤ ਜੀ ਓਸੇ ਰੌਂ ਵਿਚ ਅੱਗੇ ਵਖਿਆਨ ਜਾਰੀ ਕਰਦੇ ਹਨ, ਜਿਵੇਂ ਕੋਈ ਅੰਤਰ ਸਮਾਧੀ ਸਥਿਤ ਸੰਤ-ਅਗੰਮੀ ਬੋਲੇ ਕਰਦਾ ਹੋਵੇ, "ਉਸੇ ਰਾਤ ਸਾਨੂੰ ਹੋਲੇ ਵਾਲੇ ਸਰਦਾਰ ਦੇ ਘਰ ਵੱਖਰਾ ਡੇਰਾ ਮਿਲ ਗਿਆ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਦੀਵਾਨ ਸਥਾਨ ਤੇ ਗਏ। ਸਵੇਰੇ ਕੀਰਤਨ ਦਾ ਸਾਝਰੇ ਹੀ ਭੋਗ ਪੈ ਗਿਆ। ਲੰਗਰ ਛਕਦਿਆਂ ਹੋਲੇ ਦੇ ਜਲੂਸ ਦੀ ਤਿਆਰੀ ਹੋਣ ਲੱਗ ਪਈ। ਗੁਰੂ ਮਹਾਰਾਜ ਹਾਥੀ ਤੇ ਸ੍ਵਾਰ ਹੋਏ। ਸੁਨਹਿਰੀ ਤਿੱਲੇ ਨਾਲ ਕਢਾਈ ਕੀਤਾ ਗੁਰਾਂ ਦਾ ਚੋਗਾ-ਝਿਲਮਿਲ ਪਿਆ ਕਰਦਾ ਸੀ। ਕੁਝ ਮੁਖੀਏ ਸਿੰਘ ਜਿਹਨਾਂ ਨੂੰ ਸੂਬੇ ਆਖਿਆ ਜਾਂਦਾ ਸੀ, ਘੋੜੀਆਂ ਤੇ ਸਵਾਰ ਹੋ ਕੇ ਪਿੱਛੇ ਪਿੱਛੇ ਤੁਰ ਪਏ- ਜਿਨ੍ਹਾਂ ਵਿਚ ਸਾਡੇ ਸਿੰਘ ਜੀ ਵੀ ਸਨ। ਅੱਜ ਸਿੰਘ ਜੀ ਨੂੰ ਅਨੋਖਾ ਈ ਰੂਪ ਚੜ੍ਹਿਆ ਸੀ। ਚਾਦਰੇ ਦੀ ਜਗ੍ਹਾ ਸਿਰਫ ਕਛਹਿਰਾ, ਸਿਰ ਤੇ ਗੋਲ ਦਸਤਾਰਾ, ਮਸਾਂ ਈ ਪਛਾਣ ਵਿਚ ਆਏ। ਹਾਥੀ ਪਿੱਛੇ ਘੋੜੀਆਂ, ਪਿੱਛੇ ਸੰਗਤ ਦਾ ਠਾਠਾਂ ਮਾਰਦਾ, ਹਿਲੋਰੇ ਲੈਂਦਾ ਚਿੱਟਾ ਸਮੁੰਦਰ। ਨਚੱਦੀਆਂ ਘੋੜੀਆਂ ਨੇ ਅਨੋਖਾ ਈ ਰੰਗ ਬੰਨ੍ਹਿਆ ਹੋਇਆ ਸੀ।

ਤਾਂਹੀਓਂ ਇਕ ਪਾਸੇ ਰੌਲਾ ਪੈ ਗਿਆ। ਕਿਸੇ ਘੋੜੀ ਦੀ ਫੇਟ ਨਾਲ-ਇਕ ਮੁਸਲਮਾਨ ਬੱਚਾ ਥਾਂ 'ਤੇ ਹੀ ਚਿੱਤ ਹੋ ਗਿਆ। ਸਾਰੇ ਹਾਹਾਕਾਰ ਮੱਚ ਗਈ। ਹੋਲੇ ਵਾਲੇ ਸਰਦਾਰ ਦਾ ਰੰਗ ਚਿੱਟਾ ਹੋ ਗਿਆ। ਪਤਾ ਨਹੀਂ ਅੰਗਰੇਜ਼ ਕੀ ਕਰ ਦੇਣਗੇ! ਪੁਲਿਸ ਕੁੱਟ-ਕੁੱਟ ਕੇ ਭੀੜ ਨੂੰ ਬੱਚੇ ਤੋਂ ਦੂਰ ਕਰਨ ਲੱਗ ਪਈ। ਗਰੀਬਣੀ ਜਿਹੀ ਬੁੱਢੀ ਮਾਈ, ਬੱਚੇ ਨੂੰ ਗੋਦ ਵਿਚ ਲੈ ਕੇ, ਡੂੰਨ-ਵੱਟਾ ਹੋਈ ਦੇ ਅਥਰੂ-ਅੱਖਾਂ ਵਿਚ ਭਰੇ ਪਏ ਸਨ। ਇਕ ਅੰਗਰੇਜ਼ ਅਫਸਰ ਮਾਈ ਦੇ ਨੇੜੇ ਹੋ ਕੇ ਪੁਚਕਾਰਨ ਲੱਗਾ - "ਮਾਈ! ਟੁਮਾਰਾ ਬੇਟਾ, ਰਾਮ ਸਿੰਘ ਕੂਕਾ ਨੇ ਮਾਰ ਡੀਆ?"

ਗੋਰੇ ਦੀ ਗੱਲ ਸਮਝ ਕੇ, ਮਾਈ ਨੇ ਸਿਰ ਚੁੱਕ ਕੇ, ਉਸ ਗੋਰੇ ਵੱਲ ਇੰਝ ਵੇਖਿਆ, ਜਿਵੇਂ ਕਹਿ ਰਹੀ ਹੋਵੇ - "ਬਾਂਦਰ ਮੂੰਹਿਆਂ ਕੀ ਬਕਨਾ ਪਿਆਂ ਏਂ?"

ਨੰਬਰਦਾਰ ਨੇ ਫਿਰ ਖੁਸ਼ੀ ਪ੍ਰਗਟ ਕੀਤੀ, "ਧੰਨ ਓ ਪੰਡਿਤ ਜੀ! ਜਿਨ੍ਹਾਂ ਨੂੰ ਉਹ ਸਮਾਂ ਵੇਖਣਾ ਨਸੀਬ ਹੋਇਆ।"

ਪੰਡਿਤ ਜੀ ਪ੍ਰਸੰਨ ਹੋਂਦੇ ਹੋਏ - "ਬੰਦੂਕਧਾਰੀ ਘੋੜ-ਸਵਾਰ ਪੁਲਸੀਆਂ ਨੇ ਸਾਡੇ ਸਾਰੇ ਘੋੜੀਆਂ ਵਾਲੇ ਘੇਰੇ ਵਿਚ ਲੈ ਲਏ।"

ਪੰਡਿਤ ਜੀ ਨੇ ਕਿਹਾ, "ਬਾਅਦ ਵਿਚ ਸਿੰਘ ਜੀ ਨੇ ਸਾਨੂੰ ਦੱਸਿਆ, ਕਿ ਘੋੜ-ਸਵਾਰ ਪੁਲਸੀਆਂ ਵਿਚ ਇਕ ਮੇਰਾ ਜਾਣੂੰ ਨਿਕਲ ਪਿਆ, ਨੇੜੇ ਹੋ ਕੇ ਮੈਨੂੰ ਕਹਿਣ ਲੱਗਾ- ਜਿਹੜਾ ਕਹਿ ਦਏਗਾ ਕਿ ਰਾਮ ਸਿੰਘ ਕੂਕੇ ਦੀ ਘੋੜੀ ਨਾਲ ਬੱਚਾ ਮਰਿਆ ਹੈ - ਉਸਨੂੰ ਬੜਾ ਇਨਾਮ ਤੇ ਰੁਤਬਾ ਮਿਲੇਗਾ। ਮੈਂ ਆਖਿਆ -ਭੌਂਦੂਆ! ਔਹ ਵੇਖ, ਸਤਿਗੁਰੂ ਜੀ ਤਾਂ



Sri Satguru Jagjit Singh Ji eLibrary NamdhariElibrary@gmail.com

ਹਾਥੀ ਤੇ ਸਵਾਰ, ਏਧਰ ਹੀ ਆ ਰਹੇ ਨੇਂ ਤੂੰ ਆਪਣੀ ਇਹ ਬਕਵਾਸ ਆਪ ਕਰਕੇ, ਇਨਾਮ ਕਿਉਂ ਨਹੀਂ ਹਾਸਲ ਕਰ ਲੈਂਦਾ ?"

ਵਧਾਵਾ ਸਿੰਘ ਤੇ ਜਥੇਦਾਰ ਜੀ ਦੋਵੇਂ ਇਕੱਠੇ ਹੀ - "ਵਾਹਵਾ ਵਾਹਵਾ, ਪੰਡਿਤ ਜੀ !" ਤਾਂ ਪੰਡਿਤ ਜੀ ਸਾਖੀ ਅੱਗੇ ਤੋਰਦੇ ਹਨ -

"ਅਗਲੀ ਗੱਲ ਬੱਚਿਓ ਧਿਆਨ ਲਾ ਕੇ ਸੁਣੋ - ਸਤਿਗੁਰੂ ਜੀ ਮਾਂ-ਪੁੱਤ ਦੇ ਕੋਲ ਆ ਕੇ ਹਾਥੀ ਤੋਂ ਉਤਰੇ । ਇਕਦਮ ਬੱਚੇ ਨੂੰ ਮਾਂ ਦੀ ਗੋਦ ਵਿਚੋਂ, ਬਾਹੋਂ ਫੜ ਕੇ ਹੁਕਮ ਕੀਤਾ ; ਉਠ ਬੇਟੇ, ਮਾਂ ਨੂੰ ਧੀਰਜ ਦੇਹ ! .... ਤੇ ਬੱਚਾ, ਜਿਵੇਂ ਨੀਂਦਰੋਂ ਜਾਗਿਆ ਹੋਵੇ, ਆਕੜ ਭੰਨ ਕੇ, ਦੋਵੇਂ ਬਾਹੀਂ ਮਾਂ ਦੇ ਗਲ ਪਾ ਲਈਆਂ । ਮਾਈ ਪਹਿਲਾਂ ਤਾਂ ਡੌਰ-ਭੌਰ ਹੋਈ ਵੇਖਦੀ ਰਹਿ ਗਈ । ਜਦੋਂ ਕੁਝ ਸੁਰਤ ਪਰਤੀ, ਬੱਚੇ ਨੂੰ ਭੁੱਲ ਕੇ, ਪਹਿਲਾਂ ਮਹਾਰਾਜ ਦੇ ਪੈਰਾਂ ਨਾਲ ਚਿਮਟ ਕੇ, ਯਾ ਅੱਲ੍ਹਾ ! ਯਾ ਖ਼ੁਦਾ ! ਕਰਦੀ ਰਹੀ । ਫਿਰ ਉਠ ਕੇ ਹੋਕਾ ਦੇਣ ਲੱਗ ਪਈ - "ਓ ਭੁੱਲਿਓ ਲੋਕੋ ! ਵੇਖੋ ! ਆਹ ਖ਼ੁਦ ਖ਼ੁਦਾ ਤੁਹਾਡੇ ਸਾਹਮਣੇ ਖੜੋਤਾ ਜੇ! ਐਵੇਂ ਆਲੇ-ਦੁਆਲੇ ਨਾ ਟੱਕਰਾਂ ਮਾਰਦੇ ਫਿਰੋ ! ਏਹ ਵੇਲਾ ਫਿਰ ਹੱਥ ਨਹੀਂ ਜੇ ਆਉਣਾ । ਆਓ, ਆਪਣੀ ਆਕਬਤ ਸਵਾਰ ਲਓ !!

ਜਿਹੜੇ ਅਫਸਰ ਮਾਂ ਨੂੰ ਕਹਿ ਰਹੇ ਸਨ - "ਮਹਾਰਾਜ ਦੀ ਘੋੜੀ ਨਾਲ ਮਾਰਿਆ ਕਹਿ ਦੋ" ਹੁਣ ਇੰਜ ਲਗੇ, ਜਿਵੇਂ ਉਹਨਾਂ ਦੇ ਆਪਣੇ ਬੱਚੇ ਮਰ ਗਏ ਹੋਣ ।

ਮੇਲੇ ਵਾਲਾ ਸਰਦਾਰ, ਆਪਣੀ ਚਿੱਟੀ ਦਸਤਾਰ ਸਿਰੋਂ ਲਾਹ ਕੇ, ਹੱਥ ਵਿਚ ਫੜੀ, ਕਮਲਾ ਹੋਇਆ, "ਧੰਨ ਸਤਿਗੁਰੂ ਰਾਮ ਸਿੰਘ' .... ਧੰਨ ਸਤਿਗੁਰੂ ਰਾਮ ਸਿੰਘ" ਕਰਦਾ ਫਿਰੇ ।

ਸਾਰੀ ਸੰਗਤ ਦੇ ਜੈਕਾਰਿਆਂ ਦੀ ਗੂੰਜ ਨਾਲ ਜਾਪੇ, ਜਿਵੇਂ ਅਸਮਾਨ ਵੀ ਗੂੰਜ ਰਿਹਾ ਹੋਵੇ ।

ਅੰਗਰੇਜ਼, ਪੁਲਿਸ, ਬੰਦੂਕਧਾਰੀ ਘੋੜ-ਸਵਾਰ .... ਪਤਾ ਨਹੀਂ ਕਿਧਰ ਨੂੰ ਛੂੰ-ਮੰਤਰ ਹੋ ਗਏ । ਗੁਰੂ ਮਹਾਰਾਜ ਦੀ ਜੈ ਜੈਕਾਰ ਦਾ ਉਹ ਸਮਾਂ, ਜਦੋਂ ਮੇਰੇ ਚੇਤੇ ਆ ਜਾਂਦਾ ਹੈ ਤਾਂ ਮੇਰਾ ਤਨ-ਮਨ ਸਵਾਦ-ਸਵਾਦ ਹੋ ਜਾਂਦਾ ਹੈ ।"

ਪੰਡਿਤ ਜੀ ਹੌਕਾ ਭਰਦੇ ਹੋਏ, "ਏਹ ਭਾਰਤੀ ਅਤੇ ਬਦੇਸ਼ੀ ਕੁੱਤਿਆਂ ਬਿੱਲਿਆਂ ਨੇ ਰਲ ਕੇ ....ਗੁਰੂ ਮਹਾਰਾਜ ਨੂੰ .... ਪਤਾ ਨਹੀਂ ਕਿਥੇ ਲਿਜਾ ਕੇ ਗੁੰਮ ਕਰ ਦਿੱਤਾ ਹੈ ....... ਅੱਜ ਤੱਕ ਕੋਈ ਉਘ-ਸੁੱਘ ਨਹੀਂ ਨਿਕਲੀ ।

ਪਰ ਇਕ ਗੱਲ ਦੀ ਮੈਨੂੰ ਅੱਜ਼, ਹੁਣ ਤੀਕ ਵੀ ਸਮਝ ਨਹੀਂ ਆਈ ਕਿ ਏਨੇ ਕਰਾਮਾਤੀ ਮਹਾਂਪੁਰਖ ਹੋਂਦਿਆਂ- ਉਦੋਂ ਈਂ ਬਿੱਲਿਆਂ ਦਾ ਬੇੜਾ ਕਿਉਂ ਨਾ ਮੰਝਦਾਰ ਡੋਬਿਆ ?"

****



Sri Satguru Jagjit Singh Ji eLibrary NamdhariElibrary@gmail.com

# ਸਭ ਤੋਂ ਵੱਡਾ ਸਾਟੀਫਿਟਕ

(ਪਿੰਡੋਂ ਚੜ੍ਹਦੇ ਖੂਹ ਨੇੜੇ ਤਖ਼ਤਪੋਸ਼ਾਂ ਤੇ ਬੈਠੇ ਨੰਬਰਦਾਰ ਸ. ਤਰਨ ਸਿੰਘ ਤੇ ਕੁਝ ਹੋਰ ਸੱਜਣ । ਦੋ ਬੜੀਆਂ ਵਧੀਆ ਮੱਝਾਂ ਅੱਗੇ ਲਾਈ, ਇਕ ਨੌਜਵਾਨ ਪੈਦਲ, ਇਕ ਅੱਧਕੜ ਘੋੜੀ ਤੇ)

ਸਰਦਾਰ ਜੀ ! ਸਾਹਬ ਸਲਾਮਤ !

ਨੰਬਰਦਾਰ - ਆਓ ਚੌਧਰੀ ਸਾਹਬ ! ਸਤਿ ਸ੍ਰੀ ਅਕਾਲ । ਘੋੜੀਓਂ ਉਤਰੋ, ਬੈਠੋ ! ਲਗਦੈ, ਕਿਸੇ ਲੰਮੇ ਪੰਧੋਂ ਆਏ ਓ !

ਚੌਧਰੀ ਘੋੜੀ ਤੋਂ ਉਤਰਦਾ ਹੋਇਆ -ਆਹੋ ਜੀ, ਵਾਹਵਾ ਦੂਰੋਂ ਆਏ ਆਂ, ਅੱਜ ਮੁਰੀਦਕਿਆਂ ਤੋਂ ਤੁਰੇ ਆਂ ।

ਨੰਬਰਦਾਰ-ਠੀਕ ਏ, ਪਹਿਲਾਂ ਲੌਢੇ ਵੇਲਾ ਕਰੋ ! ਫਿਰ ਗੱਲਾਂ ਕਰਨੇ ਆਂ । ਰਹਿਮਤਾ ! ਮੱਝਾਂ ਨੂੰ ਬੰਨ੍ਹ ਕੇ ਅੱਗੇ ਪੱਠੇ ਪਾ ਦੇ, ਘੋੜੀ ਨੂੰ ਤੂੜੀ ਦਾਣਾਂ ! ਬਸ਼ੀਰਿਆ ! ਜਾ ਚੌਧਰੀਆਂ ਲਈ ਦੁੱਧ ਕਢਾ ਲਿਆ ।....

ਹੁਣ ਦੱਸੋ ਚੌਧਰੀ ਸਾਹਬ ਕਿਡੀ ਕੁ ਦੂਰੋਂ ਔਣੇ ਹੋਏ ਨੇ, ਲੱਤਾਂ ਦੀ ਧੂੜ ਲੰਮੇ ਪੰਧ ਦੀ ਹਾਮੀ ਭਰਦੀ ਏ ।

ਚੌਧਰੀ-ਕਲ੍ਹ ਸ਼ਾਮੀ ਚੂਹੜਕਾਣੇ ਮੰਡੀਓਂ ਮੱਝਾਂ ਖਰੀਦੀਆਂ-ਰਾਤ ਮੁਰੀਦਕੀਂ ਸ. ਸੁਰੈਣ ਸਿੰਘ ਹੋਰਾਂ ਕੋਲ ਕੱਟੀ । ਸਵੇਰੇ ਤੁਰਨ ਲਗਿਆਂ ਓਹਨਾਂ ਆਖਿਆ, ਅਗਲਾ ਪੜਾ ਹਿੰਦੂ ਚੱਕ, ਨੰਬਰਦਾਰ ਕੋਲ ਕਰ ਲਿਆ ਜੇ । ਅਸਾਂ ਸੋਚਿਆ, ਪਰੋਜ ਵਾਲੇ ਡਿਪਟੀਆਂ ਕੋਲ ਅੱਪੜ ਈ ਜਾਵਾਂਗੇ-ਪਰ ਹੁਣ ਤੇ ਮੱਝਾਂ ਈ ਜਵਾਬ ਦੇ ਗਈਆਂ ਨੇ .... ਵੇਖੋ ! ਪੱਠੇ ਵੀ ਨਹੀਂ ਖਾਧੇ ਚੱਜ ਨਾਲ ਤੇ ਬਹਿ ਗਈਆਂ ਨੇ ।

ਨੰਬਰਦਾਰ-ਚੌਧਰੀ ਸਾਹਬ ! ਸੁਣਾਓ ਸਾਡੇ ਭਰਾ ਸੁਰੈਣ ਸਿੰਘ ਹੋਰਾਂ ਦਾ ਕੀ ਹਾਲ ਚਾਲ ਏ .... ਬੜੇ ਦਿਨ ਹੋ ਗਏ ਨੇ, ਕੋਈ ਆਇਆ ਈ ਨਹੀਂ ਓਹਨਾਂ ਚੋਂ ।

ਚੌਧਰੀ-ਨੰਬਰਦਾਰ ਜੀ ! ਉਹਨਾਂ ਦੀਆਂ ਕਿਆ ਬਾਤਾਂ ਨੇ, ਸੁੱਖ ਨਾਲ ਆਰ ਬੁਖ਼ਾਰ ਭਰੇ ਪਏ ਨੇ, ਰਿਜਕ ਤੇ ਜਿਵੇਂ ਰੱਬ ਨੇ ਛੱਪਰ ਪਾੜ ਕੇ ਸੁੱਟਿਆ ਹੋਵੇ ।

ਔਣ ਵਾਲੇ ਦੋਵੇਂ ਆਪੋ ਵਿਚ ਅੱਖ ਰਲਾ ਕੇ - ਨੂਰਿਆ ਕਿਵੇਂ ਕਰਨਾ ਏ ਹੁਣ । ਉਠਾ ਮੱਝਾਂ ਨੂੰ ਦਿਨ ਕੇਹੜਾ ਰਹਿ ਗਿਆ ਏ । ਚਲ ਕੇ ਟਿੱਕੀਆਂ ਦੇ ਸਿਰ ਹੋਈਏ ।

ਨੰਬਰਦਾਰ-ਚੌਧਰੀਓ ! ਟਿੱਕੀਆਂ ਤੇ ਰੁੱਖੀਆਂ ਮਿੱਸੀਆਂ ਏਥੇ ਵੀ ਮਿਲ ਈ ਜਾਣਗੀਆਂ, ਰਾਤ ਆਰਾਮ ਕਰੋ .... ਦਿਨੇ ਛਾਹ ਵੇਲਾ ਖਾ ਕੇ ਚਲੇ ਜਾਣਾ.... ਤੇ ਅੱਗੇ ਜਾਣਾ ਕਿਡੀ ਕੁ ਦੂਰ ਜੇ ?



Sri Satguru Jagjit Singh Ji eLibrary NamdhariElibrary@gmail.com

ਚੌਧਰੀ -ਜਾਣਾ ਤੇ ਅਸਾਂ ਚੱਕ ਰਮਦਾਸ ਏ, ਪਰ ਜੇ ਇਕ ਕਰਮ ਹੋਰ ਕਰੋ, ਤੁਹਾਡੀ ਬੜੀ ਮੇਹਰਬਾਨੀ ਹੋਵੇਗੀ।

ਨੰਬਰਦਾਰ-ਹਾਂ ਹਾਂ ਦੱਸੋ, ਝਿਜਕੋ ਨਾ .... ਅਸੀ ਤੁਹਾਡੀ ਕੀ ਖਿਦਮਤ ਕਰ ਸਕਨੇ ਆਂ ?

ਚੌਧਰੀ -ਸਰਦਾਰ ਜੀ ! ਖਿਦਮਤ ਵਲੋਂ ਤਾਂ ਅਗੇ ਈ ਕੋਈ ਥੋੜ ਨਹੀਂ, ਪਰ ਅਸੀਂ ਆਂ ਖਾਣ ਪੀਣ ਵਾਲੇ ਬੰਦੇ.... ਤੁਸੀਂ ਹੋਏ ਨਾਮਧਾਰੀਏ, ਜੇ ਰ਼ਾਤ ਭਰ ਸਾਡੀਆਂ ਮੱਝਾਂ ਦਾ ਧਿਆਨ ਰੱਖੋ, ਤਾਂ ਡਿਪਟੀਆਂ ਕੋਲ ਰੈਣ ਗੁਜ਼ਾਰ ਕੇ, ਸਵੇਰੇ ਆ ਕੇ ਲੈ ਜਾਵਾਂਗੇ।

ਨੰਬਰਦਾਰ-ਓਹ ਤੇ ਕੋਈ ਗੱਲ ਨਹੀਂ-ਡਿਪਟੀ ਵੀ ਤੇ ਆਪਣੇ ਈ ਬੰਦੇ ਨੇ, ਓਥੇ ਕੀ ਤੇ ਏਥੇ ਕੀ, ਸਵੇਰੇ ਆਪਣੀ ਅਮਾਨਤ ਸਾਂਭ ਲਿਓ !

ਚੌਧਰੀ-ਸ਼ਾਵਾਸ਼ੇ ਸਰਦਾਰੋ ! ਤੁਹਾਡੀ ਬੜੀ ਮੇਹਰਬਾਨੀ, ਸਾਡੀ ਏਹ ਅਮਾਨਤ ਹੈ ਬੜੀ ਮਹਿੰਗੀ, ਉਚੇਚਾ ਧਿਆਨ ਰੱਖਿਓ !

ਨੰਬਰਦਾਰ-ਰੱਬੋਂ ਨਾ ਕੋਈ ਐਹੋ ਜਹੀ ਗੱਲ ਹੋ ਜਾਇ, ਕਲ੍ਹ ਨੂੰ ਆਪਣੀ ਚੀਜ਼ ਸਹੀ ਸਲਾਮਤ ਲੈ ਜਾਇਓ।

ਚੌਧਰੀ (ਆਪੋ ਵਿਚ) ਚੱਲ ਨੂਰਿਆ ! ਮੱਝਾਂ ਵਧੀਆ ਟ੍ਰਿਕਾਣੇ ਤੇ ਬੱਝ ਗਈਆਂ ਨੇ ਰਾਤ ਆਰਾਮ ਕਰ ਲੈਣਗੀਆਂ-ਦਿਨੇ ਜੋ ਮੌਲਾ ਕਰੇ। ਦੋਵੇਂ ਘੋੜੀ ਤੇ ਚੜਨ ਲੱਗੇ ਸਾਹਬ ਸਲਾਮਤ ਕਰਦੇ ਨੇ।

ਅਗਲੇ ਦਿਨ ਦੁਪੈਹਰਾ ਹੋਣ ਨੂੰ ਆ ਗਿਆ, ਮੱਝਾਂ ਵਾਲੇ ਬਹੁੜੇ ਈ ਨਾ। ਕੁਦਰਤੋਂ ਸਹਿੰਸਰੇ ਵਲੋਂ ਘੋੜੀ ਤੇ ਚੜ੍ਹਿਆ ਚੌਧਰੀ ਅਬਦੁਲ ਆ ਗਿਆ। ਉਤਰ ਕੇ ਸਾਹਬ ਸਲਾਮਤ ਕਰਦਿਆਂ, ਕਹਿੰਦਾ ਏ-ਭਰਾ ਜੀ ! ਮੱਝਾਂ ਕਿਤੋਂ ਅੱਜ ਕਲ੍ਹ ਈ ਆਂਦੀਆਂ ਜੇ ?

ਨੰਬਰਦਾਰ-ਸਤਿ ਸ੍ਰੀ ਅਕਾਲ ਅਬਦੁਲਾ ! ਆਂਦੀਆਂ ਕਿਥੋਂ ਨੇ, ਆਪੇ ਈ ਆ ਗਈਆਂ ਨੇ, ਤੇ ਅੱਗੋਂ ਕੱਲ ਵਾਲੀ ਸਾਰੀ ਗੱਲ ਸੁਣਾ ਦਿੱਤੀ। ਸੁਣ ਕੇ ਅਬਦੁਲ ਕਹਿੰਦਾ-ਭਰਾ ਜੀ ! ਤੁਸੀਂ ਵੀ ਬੜੇ ਭੋਲੇ ਓ ! ਓਹ ਨਾ ਆਏ ਹੁਣ -ਏਹ ਮੱਝਾਂ ਨੇ ਚੋਰੀ ਦੀਆਂ, ਓਹਨਾਂ ਨੂੰ ਪਤਾ ਏ-ਮੱਝਾਂ ਦਾ ਖੁਰਾ ਦੱਬੀ ਵਾਹਰ ਆ ਰਹੀ ਹੋਵੇਗੀ, ਆਹ ਵੇਖੋ ! ਮੱਝਾਂ ਨੂੰ ਡਾਂਗਾਂ ਦੇ ਨਿਸ਼ਾਨ, ਐਹੋ ਜਹੇ ਘਰਦੇ, ਜਾਂ ਮੁੱਲ ਦੇ ਮਾਲ ਨੂੰ, ਕੋਈ ਇੰਜ ਕੁੱਟਦਾ ਏ ? ਮੈਂ ਸ਼ਾਮ ਤੱਕ ਏਥੇ ਈ ਆਂ, ਵਾਹਰ ਕਿਸੇ ਵੇਲੇ ਵੀ ਆਈ ਜਾਣੋ। ਕੁਝ ਮੁੰਡੇ ਨੇੜੇ ਤੇੜੇ ਵਾਜ ਮਾਰ ਲਈਏ। ਚੋਰ ਵੀ ਕਿਤੇ ਐਥੇ ਈ ਸੂਹ ਲੈਂਦੇ ਹੋਣਗੇ। ਜੇ ਮਾਲਕ ਨਾ ਆਏ, ਰਾਤ ਨੂੰ ਚੋਰ ਮੱਝਾਂ ਲੈ ਜਾਣਗੇ।

ਨੰਬਰਦਾਰ-ਵੀਰ ਅਬਦੁਲਾ ! ਗੱਲ ਤੇਰੀ ਠੀਕ ਲੱਗਦੀ ਏ, ਪਰ ਓਹ ਬੰਦੇ ਚੰਗੇ ਭਲੇ ਤੇ ਵਧੀਆ ਗੱਲ ਵਾਲੇ ਜਾਪਦੇ ਸਨ। ਨਾਲੇ ਮੁਰੀਦਕਿਆਂ ਵਾਲੇ ਭਰਾ ਸੁਰੈਣ



Sri Satguru Jagjit Singh Ji eLibrary NamdhariElibrary@gmail.com

ਸਿੰਘ ਦਾ ਨਾਂ ਲੈ ਲਿਆ, ਇਕ ਚੰਗੀ ਘੋੜੀ ਤੇ ਗਏ ਨੇ ਓਹ ਪਰੋਜਵਾਲੇ ਨੂੰ। ਓਹਨਾਂ ਡਿਪਟੀਆਂ ਦਾ ਨਾਂ ਲਿਆ ਸੀ ਪਈ ਰਾਤ ਓਥੇ ਕੱਟ ਆਵਾਂਗੇ। ਡਿਪਟੀਆਂ ਨੂੰ ਬੰਦਾ ਘੱਲ ਵੇਹਨੇ ਆਂ, ਕੋਈ ਪਤਾ ਤੇ ਲੱਗੇਗਾ ਈ।

ਅਬਦੂਲ-ਭਰਾ ਜੀ! ਘੋੜੀ ਵੀ ਚੋਰੀ ਦੀ ਹੋਵੇਗੀ। ਕੋਈ ਕਾਠੀ ਵਗੈਰਾ ਹੈ ਸੀ?

ਕੋਲੋਂ ਮਹਿਰ ਚਰਾਗ਼ ਦਾ ਛੋਟਾ ਪੁੱਤਰ 'ਯਾਕੂਬ' ਪਟਾਕ ਪਿਆ-ਬਾਪੂ ਜੀ! ਮੈਂ ਵੇਖਿਆ ਸੀ, ਘੋੜੀ ਤੇ ਚੜ੍ਹਨ ਲੱਗਿਆਂ, ਓਹਨਾਂ ਚਾਦਰ ਤੈਹ ਕਰਕੇ ਈ ਸੁੱਟੀ ਸੀ ਉਤੇ, ਕਾਠੀ ਕੋਈ ਨਹੀਂ ਸੀ।

ਓਹੋ ਗੱਲ ਹੋਈ, ਜੋ ਚੌਧਰੀ ਅਬਦੁਲ ਨੇ ਆਖੀ ਸੀ। ਪਿਛਲੇ ਪਹਿਰ ਪੰਦਰਾਂ ਵੀਹ ਬੰਦੇ, ਕੁਝ ਘੋੜੀਆਂ ਤੇ ਕੁਝ ਪੈਦਲ, ਨਾਲ ਦੋ ਖੋਜੀ, ਹਰਲ-ਹਰਲ ਕਰਦੇ ਆ ਗਏ। ਪੈਦਲਾਂ ਹੱਥੀਂ ਡਾਂਗਾਂ, ਕੁਹਾੜੀਆਂ, ਔਂਦਿਆਂ ਮੱਝਾਂ ਦੁਆਲੇ ਘੇਰਾ ਪਾ ਕੇ ਖਲੋ ਗਏ। ਸਵਾਰਾਂ ਵਿਚੋਂ ਦੋ ਕੁ ਅਬਦੁਲ ਤੇ ਨੰਬਰਦਾਰ ਦੇ ਜਾਣੂ ਸਿਆਣੂ ਨਿਕਲ ਪਏ। ਨੰਬਰਦਾਰ ਨੇ ਮੰਜੀਆਂ ਡੂਹਾ ਕੇ ਜਲ ਪਾਣੀ ਪੁੱਛਿਆ। ਇਕ ਕਾਹਲੇ ਨੇ ਆਖਿਆ-ਪਹਿਲਾਂ ਸਾਡੀ ਘੋੜੀ ਦਾ ਪਤਾ ਦਿਓ। ਪਾਣੀ ਧੂਣੀ ਫੇਰ ਈ ਪੀਆਂਗੇ। ਨੰਬਰਦਾਰ ਤੋਂ ਪਹਿਲਾਂ ਹੀ ਅਬਦੁਲ ਨੇ ਗੱਲ ਦੀ ਡੋਰ ਆਪਣੇ ਹੱਥ ਕਰ ਲਈ। ਕਹਿੰਦਾ, ਆਰਾਮ ਨਾਲ ਬਹਿ ਜਾਓ! ਮੱਝਾਂ ਲੱਭ ਗਈਆਂ ਨੇ, ਘੋੜੀ ਦਾ ਪਤਾ ਵੀ ਲੱਗ ਜਾਇੰਗਾ।

ਔਣ ਵਾਲੀ ਵਾਹਰ ਵਿਚੋਂ ਕੁਝ ਬੰਦੇ 'ਗਰਮੂਲੇ' ਦੇ ਸਨ। ਜੇਹੜੇ ਨੰਬਰਦਾਰ ਦੇ ਵਿਰੋਧੀ ਧੜੇ-ਸ਼ਰਾਬੀਆਂ ਦੇ ਯਾਰ ਬੇਲੀ ਸਨ-ਓਹ ਵਿਚੋਂ ਆਪਣੇ ਸੱਜਣਾਂ ਨੂੰ ਸੱਦ ਲਿਆਏ। ਏਹਨਾਂ ਸੋਚਿਆ-ਅੱਜ ਨੰਬਰਦਾਰ ਕਾਬੂ ਆਇਆ ਏ, ਜੇਹੜਾ ਸਾਨੂੰ ਚੋਰੀਆਂ ਨਹੀਂ ਕਰਨ ਦੇਂਦਾ-ਅੱਜ ਆਪ ਚੋਰੀ ਦੇ ਮਾਲ ਸਣੇ ਫਸਿਆ ਖੜ੍ਹਾ ਏ, ਸਾਰੇ ਲੇਖੇ ਪੂਰੇ ਕਰ ਲਈਏ।

ਸਾਰੀ ਗੱਲ ਅਬਦੁਲ ਕੋਲੋਂ ਸੁਣ ਸਮਝ ਕੇ, ਮਾਲਕਾਂ ਦੀ ਮਰਜੀ ਸੀ-ਮਾਲ ਮਿਲ ਗਿਆ ਏ.... ਚੋਰ ਤੇ ਘੋੜੀ ਵੀ ਮਿਲ ਜਾਣਗੇ, ਮੱਝਾਂ ਲੈ ਕੇ ਪਿਛਾਂ ਮੁੜ ਚੱਲੀਏ। ਪਰ ਮਾਲਿਕ ਥੋੜੇ ਤੇ ਮੂਰਖ ਸੱਜਣ ਹਿਮਾਇਤੀ ਬਹੁਤੇ, ਓਹਨਾਂ ਗੱਲ ਨੂੰ ਇੰਜ ਦਾ ਮੋੜਾ ਦੇ ਲਿਆ, ਕਿ ਥਾਣੇ ਪਰਚਾ ਦੇ ਕੇ, ਮਾਲ ਮੌਕਿਆ ਤੇ ਫੜਾ ਕੇ, ਨੰਬਰਦਾਰ ਤੇ ਕੇਸ ਬਣਾ ਕੇ ਹੀ ਦਮ ਲੈਣਾ ਏਂ। ਥੋੜ੍ਹੇ ਮੱਝਾਂ ਦੀ ਰਾਖੀ ਬਹਿ ਗਏ, ਬਹੁਤੇ ਕੁਝਰਾਂਵਾਲੇ ਸਦਰ ਥਾਣੇ ਚਲੇ ਗਏ। ਅਗੋ ਥਾਣੇਦਾਰ ਨੰਬਰਦਾਰ ਦਾ ਚੰਗਾ ਜਾਣੂੰ ਸੀ, ਓਸ ਆਖਿਆ, ਮੌਕਿਆ ਤੇ ਜਾ ਕੇ, ਸਾਰੀ ਗੱਲ ਸੁਣ ਸਮਝ ਕੇ, ਪਰਚਾ ਦਰਜ ਕਰਾਂਗਾ। ਪਰ ਏਹ ਆਖਣ ਨੰਬਰਦਾਰ ਤੇ ਪਰਚਾ ਕੱਟ ਕੇ, ਸਾਡੇ ਨਾਲ ਚੱਲ, ਅਸੀਂ ਮਾਲ ਫੜਾਨੇ ਆਂ।

ਬੜਾ ਚਿਰ ਖੱਪ ਪਈ ਰਹੀ, ਦੋਹਾਂ ਧਿਰਾਂ ਚੋਂ ਕੋਈ ਨਾ ਮੰਨਿਆ। ਥਾਣੇ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਈ ਇੱਕ ਨੇ ਆਖਿਆ, ਅੰਗ੍ਰੇਜ ਐਸ.ਪੀ. ਕੋਲ ਕੂਕ ਪੁਕਾਰ ਕਰੋ ! ਸਾਰੇ ਸ਼ਾਮ ਦੇ ਘੁਸ ਮੁਸੇ ਵਿਚੇ ਓਥੇ ਚਲੇ ਗਏ । ਅਗੇ ਸ਼ਰਾਬ ਦਾ ਦੌਰ ਚੱਲ ਰਿਹਾ ਸੀ । ਚੋਖੇ ਬੰਦਿਆਂ ਦਾ ਰੌਲਾ ਸੁਣ ਕੇ, ਗੋਰੇ ਨੇ ਥਾਣੇਦਾਰ ਨੂੰ ਸੱਦ ਕੇ ਹੁਕਮ ਕੀਤਾ-ਜਾ ਕੇ ਮਾਲ ਦੀ ਰਾਖੀ ਕਰੋ, ਸੁਬ੍ਹਾ ਮੈਂ ਖੁਦ ਮੌਕਿਆਂ ਤੇ ਜਾ ਕੇ ਫੈਸਲਾ ਕਰਾਂਗਾ । ਸ਼ਰਾਬੀ ਧੜਾ ਕੱਛਾ ਵਜਾਂਦਾ ਵਾਪਸ ਮੁੜਿਆ ।

ਨੰਬਰਦਾਰ ਬਾਰੇ ਨਵੀਂ ਗੱਲ, ਤੇ ਅੰਗਰੇਜ਼ ਐਸ.ਪੀ. ਦਾ ਔਣਾ ਸੁਣ ਕੇ ਅਗਲੇ ਦਿਨ ਏਨਾ ਹਜੂਮ ਕੱਠਾ ਹੋ ਗਿਆ ਜਿਵੇਂ ਛਿੰਝ ਪੈਣੀ ਹੋਵੇ । ਓਧਰ ਡਿਪਟੀ, ਬੜੇ ਬੰਦੇ ਲੈ ਕੇ ਆ ਗਏ, ਜਿਨ੍ਹਾਂ ਵਿਚ, ਮੱਝਾਂ ਬੰਨ੍ਹ ਕੇ ਜਾਣ ਵਾਲੇ ਵੀ ਸਨ । ਓਹਨਾਂ ਨੂੰ ਪਿਛੇ ਲੁਕਾ ਕੇ ਰੱਖਿਆ ਗਿਆ । ਨੰਬਰਦਾਰ ਨੇ ਆਪਣੇ ਗੁਰਦੁਆਰੇ ਲੋਹਾਂ ਤਪਾ ਦਿੱਤੀਆਂ । ਹਰ ਇਕ ਨੂੰ ਲੰਗਰ ਵਰਤਾਣਾ ਸ਼ੁਰੂ ਹੋ ਗਿਆ । ਦੁਪੈਹਰਾਂ ਨੇੜੇ-ਵੱਡੇ ਲਾਲ ਘੋੜੇ ਤੇ ਸਵਾਰ, 6 ਫੁੱਟਾ, ਲਾਲ ਸੂਹਾ, ਬਾਘੜ ਬਿਲੇ ਵਰਗਾ, ਅੰਗਰੇਜ਼ ਅਫਸਰ, ਚਾਰ ਪੰਜ ਘੋੜ ਸਵਾਰਾਂ, 7-8 ਪੈਦਲ ਪੁਲਸੀਆਂ (ਜਿਵੇਂ ਕਿਸੇ ਬੜੀ ਮੁਹਿੰਮ ਤੇ ਚੱਲੇ ਹੋਣ) ਨਾਲ ਆ ਉਤਰੇ ।

ਡਿਪਟੀਆਂ ਤੇ ਕਈ ਹੋਰਨਾਂ ਸਿਰ ਨਿਵਾ ਕੇ ਕੁਰਨਿਸ਼ ਕੀਤੀ, ਜਦੋਂ ਕਿ ਨੰਬਰਦਾਰ ਤੇ ਹੋਰ ਕੂਕਿਆਂ, ਖੜੋਤਿਆਂ ਈ ਸਤਿ ਸ੍ਰੀ ਅਕਾਲ ਆਖੀ । ਗੋਰੇ ਨੇ ਏਹਨਾਂ ਵੱਲ ਬੜੇ ਗੌਰ ਨਾਲ ਵੇਖ ਕੇ, ਅੰਗਰੇਜ਼ੀ ਵਿਚ ਥਾਣੇਦਾਰ ਨਾਲ ਗੱਲ ਕੀਤੀ । ਅਗੋਂ ਓਹਨੇ ਵੀ ਅੰਗਰੇਜ਼ੀ ਵਿਚ ਹੀ ਕੁੱਝ ਦੱਸਿਆ । ਪਰ ਦੋ ਕੁ ਵਾਰ ਕੂਕੇ, ਕਹਿਣ ਤੋਂ ਪਤਾ ਲੱਗਾ, ਗੱਲ ਸਾਡੇ ਬਾਰੇ ਈ ਹੋਈ ਏ । ਸਾਹਬ ਨੇ ਲੰਮੀ ਹੂੰ.... ਕਹਿ ਕੇ ਹੇਠਾਂ ਉਤਾਂਹ ਨੂੰ ਸਿਰ ਹਿਲਾਇਆ । ਐਸ.ਪੀ., ਥਾਣੇਦਾਰ, ਡਿਪਟੀਆਂ 'ਚੋਂ ਫਿਰੋਜ਼ ਮੁਹੰਮਦ, ਕੁਰਸੀਆਂ ਤੇ, ਬਾਕੀ ਮੰਜੀਆਂ ਤੇ ਬਹਿ ਗਏ ।

ਸਾਹਬ ਦੇ ਇਸ਼ਾਰੇ ਤੇ, ਥਾਣੇਦਾਰ ਨੇ ਉਠ ਕੇ ਗੱਲ ਸ਼ੁਰੂ ਕੀਤੀ-ਐਹ ਮਾਲਕ ਨੇ (ਖੜੇ ਕਰਕੇ) ਏਹਨਾਂ ਦੀਆਂ ਦੋ ਮੱਝਾਂ, ਇਕ ਘੋੜੀ , ਚੋਰ ਲੈ ਗਏ । ਏਹ, ਖੁਰੇ ਲੱਭ ਕੇ, ਦੂਜੇ ਦਿਨ ਏਥੇ ਆ ਗਏ । ਏਹ ਕਹਿੰਦੇ ਹਨ ਨੰਬਰਦਾਰ ਸਾਡਾ ਚੋਰ ਹੈ, ਮੱਝਾਂ ਮਿਲ ਗਈਆਂ ਹਨ ਸਾਡੀ ਘੋੜੀ ਵੀ ਏਹਦੇ ਕੋਲ ਹੈ । ਪਰਚਾ ਦਰਜ ਕਰ ਨੰਬਰਦਾਰ ਤੇ ਕੇਸ ਚਲਾਇਆ ਜਾਇ । ਸਾਡਾ ਮਾਲ ਸਾਨੂੰ ਦਵਾਇਆ ਜਾਇ ।

ਐਹ ਨੰਬਰਦਾਰ ਕਹਿੰਦਾ ਹੈ (ਹੱਥ ਕਰਕੇ) ਨਾ ਮੈਂ ਚੋਰ ਹਾਂ, ਨਾ ਕਿਸੇ ਚੋਰ ਦਾ ਭਾਈਵਾਲ ਹਾਂ, ਦੋ ਭਲੇ ਆਦਮੀ -ਮੱਝਾਂ ਮੇਰੇ ਕੋਲ ਅਮਾਨਤ ਛੱਡ ਗਏ ਹਨ-ਤੇ ਘੋੜੀ ਲੈ ਗਏ ਹਨ .... ਏਹ ਮੱਝਾਂ, ਓਹਨਾਂ ਬਿਨਾਂ ਕਿਸੇ ਹੋਰ ਨੂੰ ਨਹੀਂ ਦਿਆਂਗਾ, ਭਾਵੇਂ ਕੁਝ ਹੋ ਜਾਇ ।

ਜੇ ਮਾਲਕ ਧੜੇ ਨੇ ਦੋ ਕੁ ਵਾਰ ਵਿਚੋਂ ਟੋਕਣ ਦਾ ਜਤਨ ਕੀਤਾ, ਸਾਹਬ ਦੀ ਖਰ੍ਹਵੀ ਹੂੰ ਹੂੰ ਨੇ ਚੁੱਪ ਕਰਾ ਦਿੱਤਾ । ਫਿਰ ਉਸ ਨੇ ਲੋਕਾਂ ਵੱਲ ਵੇਖ ਕੇ ਇਸ਼ਾਰਾ ਕੀਤਾ-



Sri Satguru Jagjit Singh Ji eLibrary NamdhariElibrary@gmail.com

ਕੋਈ ਔਰ ....।

ਡਿਪਟੀਆਂ ਚੋਂ ਫਿਰੋਜ਼ ਮੁਹੰਮਦ ਦੇ ਇਸ਼ਾਰੇ ਨਾਲ, ਇਕ ਅਧਕੜ ਜਿਹਾ ਆਦਮੀ ਅੱਗੇ ਆਇਆ। ਪਹਿਲਾਂ ਉਸ ਨੇ ਦੋ ਵਾਰ ਨੰਬਰਦਾਰ ਦੀ ਗੋਡੀਂ ਹੱਥ ਲਾਇਆ। ਫੇਰ ਚੌਧਰੀ ਅਬਦੁਲ ਨਾਲ ਬਗੁਲਗੀਰ ਹੋਇਆ। ਅਖੀਰ ਤੇ, ਸਾਹਬ ਨੂੰ ਸਲਾਮ ਕਰ ਕੇ, ਗੱਲ ਕਰਨ ਵਾਸਤੇ ਖੜ੍ਹਾ ਹੋ ਗਿਆ ਤਾਂ ਮਾਲਕ ਧੜੇ ਵਿਚ ਖੁਸਰ ਫੁਸਰ ਸ਼ੁਰੂ ਹੋ ਗਈ। ਸਾਹਬ ਨੇ ਅੰਗਰੇਜ਼ੀ ਵਿਚ ਕੁਝ ਖਰਵਾ ਜਿਹਾ ਆਖਿਆ, ਸਾਰੇ ਚੁੱਪ ਹੋ ਗਏ।

ਉਸਨੇ ਬੜੀ ਸ਼ਾਇਸਤਾ ਉਰਦੂ ਵਿਚ ਸਾਹਬ ਨੂੰ ਮੁਖ਼ਾਤਬ ਹੋ ਕੇ ਗੱਲ ਸ਼ੁਰੂ ਕੀਤੀ। ਜੇ ਕਿਸੇ ਗੱਲ ਦੀ ਸਮਝ ਨਾ ਔਂਦੀ, ਸਾਹਬ ਥਾਣੇਦਾਰ ਵੱਲ ਵੇਂਹਦਾ, ਤਾਂ ਓਹ ਅਗੋਂ ਅੰਗਰੇਜ਼ੀ ਵਿਚ ਸਮਝਾ ਦੇਂਦਾ। ਸਾਰੇ ਇੰਝ ਚੁੱਪ ਵਰਤ ਗਈ, ਜਿਵੇਂ ਏਥੇ ਇਕੱਲਾ ਅੱਲਾ ਰੱਖਾ ਈ ਹੋਵੇ।

ਸਾਹਬ ਜੀ ! ਮੇਰਾ ਨਾਂ ਅੱਲਾ ਰੱਖਾ ਹੈ। ਏਹ ਮੱਝਾਂ ਮੈਂ ਤੇ ਮੇਰੇ ਭਤੀਜੇ ਨੂਰੇ ਨੇ ਆਂਦੀਆਂ ਨੇ। (ਨੂਰਾ ਉਠ ਕੇ ਖੜਾ ਹੋ ਗਿਆ) ਏਹ ਮੱਝਾਂ ਏਹਨਾਂ ਦੀਆਂ ਨਹੀਂ, ਸਾਡੀਆਂ ਹਨ। ਚੋਰ ਅਸੀਂ ਨਹੀਂ, ਚੋਰ ਤੇ ਦਗ਼ੇਬਾਜ਼ ਧੋਖੇਬਾਜ਼ ਏਹ ਨੇ। ਅਸਾਂ ਏਹਨਾਂ, ਨਾਲ ਰਲ ਕੇ ਮੰਡੀਓਂ ਮਾਲ ਖਰੀਦਿਆ। ਰਕਮ ਅੱਧੋ ਅੱਧ ਤਾਰੀ। ਸ਼ਾਮ ਵੇਲੇ ਮਾਲ ਏਹਨਾਂ ਦੇ ਘਰ ਬੰਨ੍ਹਿਆ। ਰਾਤ ਰੋਟੀ ਖਾ ਕੇ-ਸ਼ਰਾਬ ਪੀਂਦਿਆਂ-ਸਾਡਾ ਬੋਲ ਬੁਲਾਰਾ ਹੋ ਗਿਆ। ਏਹਨਾਂ ਧੱਕੇ ਮਾਰ ਕੇ ਸਾਨੂੰ ਘਰੋਂ ਕੱਢ ਦਿੱਤਾ। ਅਸੀਂ ਰੱਬੋਂ ਈ ਕਿਸੇ ਸਰਦਾਰ ਦੇ ਘਰ ਜਾ ਸੁੱਤੇ। ਦਿਨੇ ਓਸੇ ਸਰਦਾਰ ਨੂੰ ਲੈ ਕੇ ਅਸੀਂ ਮਾਲ ਮੰਗਣ ਗਏ। ਏਹਨਾਂ ਠੋਕ ਕੇ ਜਵਾਬ ਦੇ ਦਿੱਤਾ, ਕਿ ਤੁਸੀਂ ਕੌਣ ਹੋਂਦੇ ਓ ਮਾਲ ਮੰਗਣ ਵਾਲੇ, ਅਸੀਂ ਤੇ ਤੁਹਾਨੂੰ ਜਾਣਦੇ ਈ ਨਹੀਂ। ਵਿਚੋਂ ਇੱਕ ਨੇ ਆਖਿਆ, ਮੈਂ ਤੁਹਾਨੂੰ ਰਾਤੀਂ ਈ ਆਖਿਆ ਸੀ, ਏਹਨਾਂ ਦਾ ਫਸਤਾ ਵੱਢ ਦੇਈਏ, ਨਾ ਰਹੇ ਬਾਂਸ ਨਾ ਵੱਜੇ ਬੰਸਰੀ, ਅਸੀਂ ਖੌਰੇ ਉਲਝ ਪੈਂਦੇ, ਉਹ ਭਲਾ ਸਰਦਾਰ ਸਾਨੂੰ ਮੋੜ ਲਿਆਇਆ। ਪੈਸੇ ਗਏ ਨੇ, ਮਾਲ ਗਿਆ ਏ, ਜਾਨ ਕਿਓਂ ਗਵਾਂਦੇ ਓ ! ਪਰ ਸਾਨੂੰ ਚੈਨ ਕਿੱਥੇ। ਦਿਨ ਪਾ ਕੇ, ਨਾਲ ਦੋ ਬੰਦੇ ਤੇ ਹਥਿਆਰ ਲੈ ਕੇ ਅਸੀਂ ਜਾ ਲੁੱਕੇ.... ਸੋਚਿਆ ਜੇ ਕੋਈ ਬੰਦਾ ਹੱਥ ਲੱਗਾ, ਮਾਰ ਦੇਣਾ ਏਂ, ਤੇ ਏਹਨਾਂ ਮਿੱਤਰ ਮਾਰਾਂ ਨੂੰ ਪੂਰਾ ਮਜ਼ਾ ਚਖਾਣਾ ਏਂ। ਰੱਬੋਂ ਘਰ ਕੋਈ ਨਹੀਂ ਮਿਲਿਆ, ਦੋ ਝੋਟੀਆਂ ਤੇ ਘੋੜੀ ਲੈ ਕੇ ਅਸੀਂ ਮੁੜ ਆਏ। ਸਾਡੀਆਂ ਦੋ ਮੱਝਾਂ ਅਜੇ ਏਹਨਾਂ ਵੱਲ ਨੇ, ਓਹ ਦੇ ਜਾਣ, ਤੇ ਘੋੜੀ ਲੈ ਜਾਣ।
ਹੁਣ ਇਕ ਗੱਲ ਨੰਬਰਦਾਰ ਜੀ ਮੁਤੱਲਕ, ਅਸੀਂ ਏਹਨਾਂ ਵਲੋਂ ਸਰਾਸਰ ਝੂਠੇ ਆਂ, ਸ਼ਰਮਸਾਰ ਤੇ ਦੇਣਦਾਰ ਵੀ ਆਂ। ਏਹਨਾਂ ਸਾਡੇ ਚੋਰੀ ਵਰਗੇ ਮਾਲ-ਦੀ ਅਮਾਨਤ ਵਰਗੀ ਰਾਖੀ ਕੀਤੀ ਏ। ਸੁਣਿਆ ਸੀ, ਲੋਕ ਏਹਨਾਂ ਨੂੰ 'ਸਿੰਘ ਜੀ' ਆਂਹਦੇ ਨੇ ! ਅਸਾਂ ਪਰਤਾ ਕੇ ਵੇਖ ਲਿਆ ਏ, ਏਹ ਸੱਚ ਮੁੱਚ ਦੇ 'ਸਿੰਘ ਜੀ' ਨੇ।

ਏਨੀ ਦਲੇਰੀ, ਏਨਾ ਜਿਗਰਾ, ਏਨਾਂ ਹੌਂਸਲਾ ਕੋਈ ਆਮ ਆਦਮੀ ਨਹੀਂ ਕਰ



Sri Satguru Jagjit Singh Ji eLibrary NamdhariElibrary@gmail.com

ਸਕਦਾ । ਸਾਨੂੰ ਮੁਰੀਦਕਿਆਂ ਵਾਲਿਆਂ ਆਖਿਆ ਸੀ, ਰਾਤ ਏਥੇ ਕੱਟਿਓ ! ਅਸੀਂ ਸ਼ਰਾਬ ਖਰਾਬ ਦੇ ਲਾਲਚ ਨੂੰ ਅਗਾਂ ਚਲੇ ਗਏ । ਅੱਜ ਅਸੀਂ ਭਰੀ ਪੰਚੈਤ ਵਿਚ ਸ਼ਰਾਬ ਤੋਂ ਤੋਬਾ ਕਰਨੇ ਆਂ ਤੇ ਅਗੋਂ ਅਸੀਂ ਤਾ-ਜ਼ਿੰਦਗੀ, ਸਿੰਘ ਜੀ ਦੇ ਬਿਨਾਂ ਦੰਮਾਂ ਦੇ ਗੁਲਾਮ ਹੋ ਗਏ ਆਂ! ਇੰਜ ਲੱਗਿਆ, ਸਾਹਬ ਨੇ ਸਾਰੀ ਗੱਲ ਚੰਗੀ ਤਰਾਂ ਸਮਝ ਲਈ ਹੋਵੇ। ਮਾਲਕ ਧੜੇ ਵਲ ਵੇਖ ਕੇ ਕਹਿਣ ਲੱਗਾ, 'ਅਬ ਟੁਮ ਬੋਲੋ !'

ਓਹਨਾਂ ਅਗੋਂ ਰੌਲਾ ਪਾ ਦਿੱਤਾ, ਜਨਾਬ ਏਹ ਝੂਠ ਬੋਲਦੇ ਨੇ ! ਮਾਲ ਸਾਡਾ ਏ ਤੇ ਏਹ ਸਾਡੇ ਚੋਰ ਨੇ । ਸਾਹਬ ਨੇ ਗੱਲ ਅਨਸੁਣੀ ਕਰਕੇ, ਥਾਣੇਦਾਰ ਤੇ ਫਿਰੋਜ਼ ਮੁਹੰਮਦ ਨਾਲ ਅੰਗਰੇਜ਼ੀ ਵਿਚ ਮਸ਼ਵਰਾ ਕੀਤਾ । ਜਿਸ ਨੂੰ ਥਾਣੇਦਾਰ ਨੇ ਇਸਤਰਾਂ ਸੁਣਾਇਆ -

ਏਹ ਮੱਝਾਂ ਤੇ ਘੋੜੀ-ਡਿਪਟੀਆਂ ਦੀ ਸਪੁਰਦਾਰੀ ਵਿਚ ਰਹਿਣ ਗੀਆਂ । ਮਾਲਕਾਂ ਦੇ ਪਿੰਡੋਂ ਸੀ.ਆਈ.ਡੀ. ਰਾਹੀਂ ਰਪੋਟ ਮੰਗਾ ਕੇ ਫਿਰ ਦੇਖਾਂਗੇ ਕੀ ਫੈਸਲਾ ਕਰਨਾ ਹੈ ।

ਅਤੇ ਨੰਬਰਦਾਰ ਜੀ ਨੂੰ ਨੇਕਨਾਮੀ ਦਾ ਸਰਟੀਫਿਕੇਟ ਦਿੱਤਾ ਜਾਇਗਾ । ਜੇਹੜਾ ਕਲ੍ਹ ਨੂੰ ਕੁਝਰਾਂਵਾਲਿਓਂ ਸਾਹਬ ਦੇ ਦਫਤਰੋਂ ਜਾ ਕੇ ਲੈ ਔਣ ।

ਨੰਬਰਦਾਰ ਨੇ ਓਸੇ ਵੇਲੇ ਇਨਕਾਰ ਕਰ ਦਿੱਤਾ, - "ਮੈਨੂੰ ਗੋਰੀ ਸਰਕਾਰ ਤੋਂ ਕਿਸੇ ਸੜੇ ਸਾਟੀ ਫਿਟਕ ਦੀ ਲੋੜ ਨਹੀਂ; ਮੇਰਾ ਸਭ ਤੋਂ ਵੱਡਾ ਸਾਟੀਫਿਟਕ ਏਹੋ ਈ ਏ, ਮੇਰੇ ਸਤਿਗੁਰੂ ਦਾਂ ਬਾਣਾ, ਤੇ ਓਹਦੀ ਸਿੱਖਿਆ, ਸੁਰਖਰੂ ਹੋ ਕੇ ਨਿਕਲੇ ਨੇ । ਧੰਨ ਸਤਿਗੁਰੂ ਰਾਮ ਸਿੰਘ ਜੀ, ਧੰਨ ਸਤਿਗੁਰੂ ਪਰਤਾਪ ਸਿੰਘ ਜੀ ।

ਸ਼ਾਹਬ ਨੇ ਸਾਰਿਆਂ ਨੂੰ ਬੈਠੇ ਰਹਿਣ ਦਾ ਇਸ਼ਾਰਾ ਕੀਤਾ । ਆਪ ਉਠ ਕੇ ਅੰਗਰੇਜ਼ੀ ਉਰਦੂ ਪੰਜਾਬੀ ਦੀ ਖਿਚੜੀ ਪਕਾਂਦਾ ਹੋਇਆ-ਯੇ ਕੂਕਾ- ਰਾਮ ਸਿੰਘ ਦਾ ਕੂਕਾ ਹਾਇ ! ਹਮ ਨੇ ਬੁਕਸ ਮੇਂ ਡੇਖਾ ਹਾਇ । ਕੂਕਾ ਰੰਮ ਨਹੀਂ ਪੀਟਾ, ਕੂਕਾ ਝੂਠ ਕਿਆ- ਕਹਿਣੇ ਹਾਇ ਨਹੀਂ ਬੋਲਦਾ । ਨੰਬਰਡਾਰ ਬਹੁਟ ਅਚਾ ਹੈ....ਹਮ ਇਸ ਸੇ ਹਾਟ ਮਿਲਾਨਾ ਮਾਂਗਟਾ ।

ਸਾਹਬ ਨੇ ਹੱਥ ਅੱਗੇ ਕੀਤਾ, ਪਰ ਨੰਬਰਦਾਰ ਜੀ ਨੇ ਅੱਗੇ ਹੋ ਕੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਹੀ ਆਖੀ ।

*************



Sri Satguru Jagjit Singh Ji eLibrary NamdhariElibrary@gmail.com

# ਪੰਛੀ ਦੀ ਉਡਾਣ

ਅਲਮਾਰੀ ਵਿੱਚ ਪੁਸਤਕਾਂ ਦੀ ਤਰਤੀਬ ਦਿੰਦਿਆਂ, ਸੁਰਤੋਂ ਸੀਰਤੋਂ ਅੱਤ ਨੇੜੇ ਪਹੁੰਚੇ ਹੋਏ ਪ੍ਰੀਤਮ ਸਿੰਘ ਪੰਛੀ ਦੀਆਂ ਦੋ ਪੁਸਤਕਾਂ ਨਜ਼ਰੀਂ ਪਈਆਂ । 'ਟੁਕੜਿਆਂ 'ਚ ਵੰਡਿਆ ਆਦਮੀ' ਅਤੇ 'ਆਪਣੇ ਹਿੱਸੇ ਦੀ ਮਿੱਟੀ' । ਦੋਵੇਂ ਦੋ ਕੁ ਦਿਨਾਂ ਵਿਚ ਪੜ੍ਹ ਲਈਆਂ । 'ਪੰਛੀ' ਨੇ ਭੈਣੀ ਸਾਹਿਬ ਤੋਂ ਪਹਿਲੇ ਸਬਕ ਨਾਲ ਉਡਾਰੀ ਭਰੀ, ਤੇ ਕਈ ਥਾਂਈ ਆਪਣੇ ਟੁਕੜੇ ਖਿਲਾਰਦਾ 'ਆਖਰੀ ਸਬਕ' ਲੈ ਕੇ ਅਗਲੇ ਰਾਹੇ ਪੈ ਗਿਆਂ ।

'ਟੁਕੜਿਆਂ' ਵਾਲੀ ਪੁਸਤਕ ਖੋਲ੍ਹਦਿਆਂ ਸਮਰਪਣ ਵੇਖਿਆ ਤਾਂ ਇਕ ਬੜੀ ਪੁਰਾਣੀ ਯਾਦ ਅੱਖਾਂ ਸਾਮ੍ਹਣੇ ਨਮੂਦਾਰ ਹੋ ਗਈ । ਸ੍ਰੀ ਭੈਣੀ ਸਾਹਿਬ ਦੇ ਇਕ ਮੇਲੇ ਸਮੇਂ–ਪ੍ਰੀਤਮ ਸਿੰਘ ਕਵੀ ਜੀ ਕਹਿਣ ਲੱਗੇ, "ਆ ! ਤੈਨੂੰ ਇਕ ਹੋਰ 'ਪ੍ਰੀਤਮ' ਨਾਲ ਮਿਲਾਵਾਂ"। ਮੈਂ ਸੋਚਿਆ .... ਹੋਇਗਾ ਕੋਈ ਮਾੜੂ ਜਿਹਾ ਹਵਾ ਦੇ ਬੁੱਲੇ ਨਾਲ ਉਡ ਜਾਣ ਵਾਲਾ ਕਵੀ ਜਨ ! ਜਦੋਂ ਅਸੀਂ ਉਨ੍ਹਾਂ ਦੇ ਡੇਰੇ ਗਏ ਤਾਂ ਕਵੀ ਜੀ ਦੇ "ਔਹ ਪੰਛੀ' ਕਹਿਣ ਤੋਂ ਪਹਿਲਾਂ ਈ ਮੇਰੇ ਮੂੰਹੋਂ ਸੁਤੇ-ਸਿੱਧ ਨਿਕਲਿਆ, 'ਏਡਾ ਸੋਹਣਾ ਪੰਛੀ !' ਓਥੇ ਕੋਲ਼ ਬੈਠੀ, ਇਕ ਪੰਜਾਬੀਆਂ ਨਾਲੋਂ ਕੁਝ ਸੌਲੇ ਰੰਗ ਦੀ, ਲੰਬੇ ਕਾਲੇ ਕੇਸਾਂ ਤੇ ਮੋਟੇ ਸੁੰਦਰ ਨੇਤਰਾਂ ਵਾਲੀ ਮ੍ਰਿਗ ਨੈਣੀ, ਸਵਸਥ ਨੌਂ ਜਵਾਨ ਇਸਤਰੀ ਦੀ 'ਪੰਛੀ ਪਤਨੀ' ਵਜੋਂ ਕਵੀ ਜੀ ਨੇ ਆਪਣੇ ਨਿਵੇਕਲੇ ਅੰਦਾਜ਼ ਨਾਲ ਜਾਣ–ਪਛਾਣ ਕਰਾਈ । ਲਗਦੇ ਹੱਥ ਇਹ ਵੀ ਜੋੜ ਦਿੱਤਾ ਕਿ 'ਸ਼ਾਂਤਾ ਪ੍ਰੀਤਮ' ਜੀ ਦੀ ਆਵਾਜ਼ ਬੜੀ ਮਧੁਰ ਏ .... ਤੇ ਇਹ ਬਹੁਤ ਵਧੀਆ ਗਾ ਲੈਂਦੇ ਨੇ । ਜਿਵੇਂ ਓਦੋਂ ਸ਼ਾਂਤਾ ਜੀ ਗਾਇਆ, ਅੱਜ ਵੀ ਉਸ ਦੀ ਮਧੁਰਤਾ, ਅਤੇ ਹੁਣ ਦੋਵਾਂ ਦੀ ਅਣਹੋਂਦ–ਕਸਕ ਨਾਲੋ–ਨਾਲ ਰੂਪ ਮਾਨ ਹੋ ਰਹੀਆਂ ਨੇ । 'ਪੰਛੀ, ਨੇ ਓਦੋਂ ਦੇ ਭੈਣੀ ਸਾਹਿਬ ਦਾ ਬੜਾ ਸਜੀਵ ਚਿਤ੍ਰਣ ਕੀਤਾ ਹੈ, ਅਤੇ ਡੋਰੀ ਵਾਲੇ 'ਪ੍ਰੀਤਮ' (ਪ੍ਰੀਤਮ ਸਿੰਘ ਕਵੀ) ਨੂੰ ਤਾਂ ਨਾਲ ਹੀ ਲੈ ਤੁਰਿਆ ਹੈ । ਡੋਰੀ ਵਾਲੇ ਦਾ ਸੁੰਦਰਤਾ ਪ੍ਰਸੰਸਕ ਹੋਣਾ, ਵੱਡੇ ਘੱਲੂਘਾਰੇ ਦੇ ਨਿਹੰਗ ਸਿੰਘ ਵਾਂਗ, ਸਾਥੀ ਦੀ ਮੌਤ ਨੂੰ ਕੈਦੋਂ ਛੁਟਕਾਰਾ ਕਹਿਣਾ, ਮਾਰ ਨੂੰ ਆਕੜ ਤੇ ਮਟਕ ਨਾਲ ਬਰਦਾਸ਼ਤ ਕਰਨ ਤੋਂ–ਮੈਨੂੰ ਇਕ ਪੁਰਾਣੇ ਕਾਂਗਰਸੀ ਲੀਡਰ ਵੱਲੋਂ, ਮਾਰ ਖਾਣ ਦੀ ਨਫਾਸਤ ਚੇਤੇ ਆ ਗਈ ਏ ।

ਸਿਰਸੇ ਸਦਰ ਥਾਣੇ–ਮੈਂ ਇਕ ਨੌਜਵਾਨ ਦੀ ਸਫਾਈ ਦੇਣ ਗਿਆ, ਜਿਥੇ ਇਕ ਬਜ਼ੁਰਗ ਲੀਡਰ ਦੀ ਥਾਣੇਦਾਰ ਨਾਲ ਤਲਖ਼ ਕਲਾਮੀ ਹੋ ਗਈ । ਥਾਣੇਦਾਰ ਵਕਤ ਦੀ ਹਕੂਮਤ ਦਾ ਰਿਸ਼ਤੇਦਾਰ ਸ਼ੀ । ਉਸ ਨੇ ਲੀਡਰ ਦੀਆਂ ਖਰੀਆਂ ਤੋਂ ਖਿੱਝ ਕੇ, ਹਥਲੇ ਰੂਲ ਨਾਲ ਉਸ ਤੇ ਵਾਰ ਕਰਨੇ ਸ਼ੁਰੂ ਕਰ੍ਹ ਦਿੱਤੇ । ਮੇਰੇ ਵੱਲੋਂ ਬੜੀ ਕਾਹਲ ਨਾਲ ਰੂਲ ਫੜਦਿਆਂ ਵੀ ਚਾਰ ਪੰਜ ਵੱਜ ਗਏ । ਥਾਣੇਦਾਰ ਬੜਾ ਤਕੜਾ ਜਵਾਨ ਸੀ, ਪਰ ਨੇਤਾ ਜੀ ਐਉਂ



Sri Satguru Jagjit Singh Ji eLibrary NamdhariElibrary@gmail.com

ਅਡੋਲ ਖੜੋਤੇ ਰਹੇ ਜਿਵੇਂ ਕੁਝ ਵੀ ਨਾ ਹੋਇਆ ਹੋਵੇ । ਅਤੇ ਡੋਰੀਵਾਲੇ ਦੀ ਇਸੇ ਮਟਕ ਤੋਂ ਪ੍ਰਭਾਵਿਤ ਹੋ ਕੇ, ਪੰਛੀ ਨੇ ਵੀ ਮਾਰ ਖਾਣ ਦੀ ਮਟਕ ਦਾ ਧਾਰਨੀ ਹੋਣ ਦੀ ਧਾਰ ਲਈ। 'ਪੰਛੀ' ਦੇ ਬਿਖਰੇ ਟੁਕੜਿਆਂ ਤੇ ਪੰਛੀ ਝਾਤ ਮਾਰਿਆਂ ਵੀ, 'ਵਿਰਕ, 'ਸਨੇਹੀ, ਵਰਗਾ ਇਕ ਪੁਸਤਕ ਲਿਖ ਸਕਦਾ ਏ । ਪਰ ਮੈਂ ਤਾਂ ਇਕ ਝਲਕ ਮਾਤਰ ਹੀ ਵਿਖਾਣ ਦਾ ਜਤਨ ਕਰਾਂਗਾ ।

ਗੱਲ ਸ਼ੁਰੂ ਹੋਂਦੀ ਏ ਸੁੰਦਰ ਪੰਛੀ ਦੀ ਕੋਕਿਲ ਬੈਣੀ ਦੇ ਗਾਏ ਗੀਤ ਦੀ, ਇੰਜ ਚੇਤੇ ਆ ਰਿਹਾ ਏ ਜਿਵੇਂ ਸ਼ਾਂਤਾ ਪ੍ਰੀਤਮ ਨੇ 'ਆਪ ਨੇ ਯਾਦ ਦਿਲਾਇਆ ਤੋ ਮੁਝੇ ਯਾਦ ਆਇਆ' ਸੁਣਾਇਆ ਹੋਵੇ । ਉਹਨੀ ਦਿਨੀਂ ਇਹ ਗੀਤ ਹਰ ਮਹਿਫਲ ਵਿਚ ਲਾਜ਼ਮ ਹੁੰਦਾ ਸੀ । ਨੌਹਰੋਂ ਅੱਗੇ ਗੁੱਗਾ ਮੈੜੀ ਦਾ ਬੜਾ ਮਸ਼ਹੂਰ ਮੇਲਾ ਲਗਦਾ ਏ । ਨਵ ਉਮਰੀ 'ਚ ਸਾਥੀਆਂ ਨਾਲ ਉਥੇ ਗਿਆ, ਇਕ ਬੀਬੀ ਤੋਂ ਇਕ ਸ਼ੋਂ ਵਿਚ, ਲੋਕਾਂ ਦੀ ਫਰਮਾਇਸ਼ ਤੇ ਇਹੋ ਗੀਤ ਵਾਰ ਵਾਰ ਸੁਣਿਆ ਸੀ, ਪਰ ਸ਼ਾਂਤਾ ਪ੍ਰੀਤਮ ਦੇ ਕਹਿਣ ਢੰਗ ਵਿਚ ਕੋਈ ਦਰਦ ਸੀ, ਕੋਈ ਮਟਕ ਸੀ, ਜਿਦ੍ਹੇ ਨਾਲ ਕਿਸੇ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ । ਤੇ ਇਹ ਮਟਕ ਪੰਛੀ ਦੀ ਖ਼ੂਬਸੂਰਤੀ ਤੇ ਸੀਰਤੀ 'ਚੋਂ ਪੈਦਾ ਹੋਈ ਸੀ ।

ਅੱਜ ਤੋਂ 60-70 ਸਾਲ ਪਹਿਲਾਂ ਦਾ ਭੈਣੀ ਸਾਹਿਬ, ਪੰਛੀ ਦੀ ਇਸ ਲਿਖਤ ਵਿਚੋਂ ਹੀ ਵੇਖਿਆ ਜਾ ਸਕਦਾ ਏ । ਉਹ ਪੁਰਾਤਨ ਰਿਸ਼ੀਆਂ ਮੁਨੀਆਂ ਦਾ ਤਪੋਬਨ-ਸਾਨੂੰ ਵੀ ਅੱਖਾਂ ਮੀਟ ਕੇ-ਅੰਤਰ ਧਿਆਨ ਹੋ ਕੇ ਹੀ ਲੱਭਣਾ ਪੈਂਦਾ ਏ । ਉਹ ਡਿਉੜੀ ਦੀ ਪੁਰਾਣੀ ਅਲਮਾਰੀ, ਜਿਦ੍ਹੇ 'ਤੇ 1928 ਬਿਕ੍ਰਮੀ ਤੋਂ, ਸਦਾ ਬਰਤ, ਲਿਖਿਆ ਹੋਇਆ ਸੀ, ਜਿਸ ਦੇ ਸਾਹਵੇਂ ਖਲਿਹਾਰ ਕੇ-ਬਾਪੂ ਜੀ ਨੇ ਦੱਸਣਾ, ਇਥੇ ਪੁਲਿਸ ਚੌਕੀ ਹੋਂਦੀ ਸੀ, ਅਤੇ ਗਿਣ ਗਿਣ ਕੇ, ਲਿਖ ਕੇ ਅੰਦਰ ਜਾਣ ਦਿੰਦੇ ਸਨ । ਫਿਰ ਦਲੀਪੇ ਚਮਾਰ ਦੇ ਵਖਰੇਵੇਂ ਨੇ ਪੰਛੀ ਦੇ ਨਿਰਮਲ ਮਨ ਵਿਚ ਇਕ ਗੰਢ ਬੰਨ੍ਹ ਦਿੱਤੀ, ਜਿਹੜੀ ਹਰ ਹੱਸਾਸ ਆਦਮੀ ਨੂੰ ਮਹਿਸੂਸ ਹੋਣੋਂ ਨਹੀਂ ਰਹਿੰਦੀ । ਪਰ ਮਨੂੰ ਦੀਆਂ ਮਰਿਆਦਾ ਤੋੜਨੀਆਂ ਕੋਈ ਸੌਖੀਆਂ ਨਹੀਂ ।

ਅੱਗੇ 'ਸੀਤੋ' ਜਿਹੜੀ ਹਰ ਕਾਂਡ ਵਿਚ, ਸਮੇਂ ਅਨੁਸਾਰ ਨਾਂ ਤੇ ਸ਼ਕਲ ਦੀ ਬਦਲੀ ਕਰ ਕੇ ਛਿੰਦੋ, ਕੁਲਵੰਤ, ਵਿਦਿਆਰਥਣ, ਮਹਿੰਦਰੋ ਵਗੈਰਾ ਦਾ ਰੂਪ ਧਾਰਦੀ ਹੋਈ ਅਖੀਰ 'ਸ਼ਾਂਤਾ' ਸਰੂਪ ਹੋ ਕੇ ਟਿਕ ਗਈ ।

ਪੰਛੀ ਦੀ ਨਿਰੰਤਰ ਉਡਾਰੀ ਦਾ ਭੇਤ, ਬਚਪਨ ਵਿਚ ਸਿੱਖੇ ਇਕ ਸੰਸਕ੍ਰਿਤ ਸਲੋਕ ਤੋਂ ਸਮਝਿਆ ਜਾ ਸਕਦਾ ਏ, 'ਚਰੈਵੇਤੀ' ਭਾਵ 'ਚਲਦੇ ਰਹੋ' । ਇਸ ਸ਼ਲੋਕ ਨੂੰ ਇਤਨਾ ਆਤ੍ਮਸਾਤ ਕੀਤਾ ਪੰਛੀ ਨੇ, ਕਿ ਜਿਥੇ ਵੇਖਿਆ ਮੋਹ ਦੀ ਬੇੜੀ ਉਡਾਣ ਵਿਚ ਰੁਕਾਵਟ ਬਣੇਗੀ, ਉਥੋਂ ਈ ਖੰਭ ਫੜ ਫੜਾ ਕੇ ਸ੍ਰੀ ਕ੍ਰਿਸ਼ਨ ਵਾਂਗ ਅਗਲੀ ਮੰਜ਼ਿਲ ਵੱਲ ਉਡਾਰੀ ਮਾਰ ਗਿਆ । ਕਪਾਲ ਮੋਚਨ ਦੀ ਰਾਧਿਕਾ ਦੇ ਅੱਥਰੂ ਵੀ-ਮਥੁਰਾ ਪ੍ਰਵਾਸ ਦੇ



Sri Satguru Jagjit Singh Ji eLibrary NamdhariElibrary@gmail.com

ਰਸਤੇ 'ਚ ਅੜਿੱਕਾ ਨਾ ਬਣ ਸਕੇ। ਪੰਛੀ ਦਾ ਕਪਾਲ ਮੋਚਨ ਮੈਨੂੰ ਭਾਗਵਤ ਦਾ 'ਕਪਾਲ ਮੋਚਨ' ਲਗਦਾ ਏ। ਦੇਵ ਸਭਾ ਮੇਂ ਬ੍ਰਹਮਾਂ ਜੀ ਬਿਰਾਜ ਰਹੇ ਨੇ, ਦੇਵਤਿਆਂ ਨੂੰ ਵਿੱਦਿਆ ਦਾਨ ਦੇਣ ਵਾਸਤੇ ਬਿਰਧ 'ਬਿਧ' ਨੇ ਸੰਕਲਪ ਕੀਤਾ। 'ਸੁਰਸਤੀ, ਅਵਤੀਰਣ ਹੋ ਗਈ। ਅਜੋਕੇ ਸਾਇੰਸਦਾਨ ਵੀ ਕਹਿ ਰਹੇ ਨੇ ਕਿ ਸਿਰਫ ਸੋਚਣ ਨਾਲ ਹੀ ਕੰਮ ਹੋ ਜਾਇਆ ਕਰਨਗੇ। ਬ੍ਰਹਮਾ ਜੀ ਦੇਵੀ ਦੇ ਸਰੂਪ ਨੂੰ ਅਪਲਕ ਨਿਹਾਰਦੇ ਰਹਿ ਗਏ। ਦੇਵੀ, ਪਿਤਾ ਸ੍ਰੀ ਦੀਆਂ ਨਜ਼ਰਾਂ ਦੇ ਕਾਮੁਕ ਸੇਕ ਤੋਂ ਸ਼ੰਕਾਇਮਾਨ ਹੋ ਕੇ ਉਨ੍ਹਾਂ ਦੇ ਪਿਛਲੇ ਪਾਸੇ ਜਾ ਕੇ ਖੜੋ ਗਈ। ਸ੍ਰਿਸ਼ਟ ਰਚੇਤਾ ਨੇ ਆਪਣਾ ਇਕ ਮੁਖਾਰਬਿੰਦ ਉਧਰ ਵੀ ਰਚ ਲਿਆ। ਇੰਜ ਪੁੱਤਰੀ ਸੱਜੇ ਖੱਬੇ ਹੋਂਦੀ, ਖਿਝ ਕੇ ਆਕਾਸ਼ ਵਿਚ ਇਸਥਿਤ ਹੋ ਗਈ ਤਾਂ ਬਜ਼ੁਰਗ਼ ਪਿਤਾ ਨੇ ਆਪਣਾ ਇਕ ਮੁਖ ਉਤਾਂਹ ਨੂੰ ਪ੍ਰਗਟਾ ਲਿਆ। ਸਾਰੀ ਦੇਵ ਸਭਾ ਆਪਣੇ ਅਤਿ ਬੁੱਢੇ ਆਗੂ ਦੇ ਇਸ ਕੁਕਰਮ ਤੋਂ ਬਹੁਤ ਲੱਜਿਆ ਵਾਨ ਹੋ ਗਈ, ਪਰ ਕਿਸੇ ਵਿਚ ਸਰਾਪ ਤੋਂ ਡਰਦਿਆਂ ਬੋਲਣ ਦੀ ਹਿੰਮਤ ਨਾ ਹੋਈ। ਸਭਾ ਵਿਚ ਸੁਭਾਵਕ ਗੁਸੈਲ ਸ਼ਿਵ ਮਹਾਰਾਜ ਵੀ ਬੈਠੇ ਹੋਏ ਸਨ। ਲੱਜਾ ਅਤੇ ਕ੍ਰੋਧ ਨਾਲ ਓਹਨਾਂ ਆ ਵੇਖਿਆ ਨਾ ਤਾ, ਖੱਬਾ ਹੱਥ ਮਾਰ ਕੇ ਬੁੜ੍ਹੇ ਬ੍ਰਹਮਾ ਦਾ ਪੰਜਵਾਂ ਸਿਰ ਲਾਹ ਕੇ ਔਹ ਮਾਰਿਆ। ਪਰ ਹੈਂ ! ਇਹ ਕੀ ਹੋ ਗਿਆ। ਉਹ ਸਿਰ ਸ਼ਿਵ ਜੀ ਦੀ ਹਥੇਲੀ ਨਾਲ ਹੀ ਜੁੜ ਗਿਆ। ਬ੍ਰਹਮਾ ਜੀ ਦੇ ਧੜੇ, ਭਾਵ ਸ਼ਿਵ ਜੀ ਵਿਰੋਧੀ ਗਰੁੱਪ ਨੇ 'ਬ੍ਰਹਮ ਹੱਤਿਆ' ਦਾ ਰੌਲਾ ਪਾ ਦਿੱਤਾ। ਸ਼ਿਵ ਧੜੇ ਨੇ ਬਥੇਰਾ ਸਮਝਾਣ ਦਾ ਯਤਨ ਕੀਤਾ ਕਿ ਬ੍ਰਹਮਾ ਜੀ ਦੀ ਕ੍ਰਿਆ ਵੀ ਤਾਂ ਅੱਤ ਅਸ਼ੋਭਨੀਆ ਸੀ। ਪਰ ਹੱਥ ਨਾਲ ਜੁੜਿਆ ਸਿਰ ਕੋਈ ਪੇਸ਼ ਨਹੀਂ ਸੀ ਜਾਣ ਦੇ ਰਿਹਾ। ਅਖੀਰ ਸ਼ਿਵਾਂ ਨੂੰ ਤੱਤੇ ਘਾ ਤੀਰਥਾਂ 'ਤੇ ਜਾਣ ਦਾ ਫੈਸਲਾ ਸੁਣਾਇਆ ਗਿਆ। ਵਿਚਾਰੇ ਸ਼ਿਵ ਮਹਾਰਾਜ-ਬੱਗੀ ਦਾਹੜੀ ਵਾਲੀ ਖੋਪੜੀ ਹੱਥ ਨਾਲ ਚਿਪਕਾਈ 'ਤੀਰਥ ਤੀਰਥ ਭ੍ਰਮਤਾ' ਹੋ ਗਏ, ਪਰ ਕਿਤਿਓਂ ਛੁਟਕਾਰਾ ਨਾ ਮਿਲਿਆ। ਜਦੋਂ ਇਥੇ ਪਹੁੰਚ ਕੇ ਸ਼ਿਵਾਂ ਨੇ ਇਸ਼ਨਾਨ ਕੀਤਾ, ਉਹ ਬੁੱਢੀ ਬ੍ਰੀਸ਼ ਖੋਪਰੀ ਖਹਿੜਾ ਛੱਡ ਗਈ। ਭੋਲਾ ਨਾਥ ਜੀ ਪ੍ਰਸੰਨ ਮੁੱਦਰਾ 'ਚ ਘਰ ਨੂੰ ਜਾਣ ਲੱਗੇ ਤਾਂ ਉਹ ਬਿੱਜ ਫਿਰ ਚੰਬੜ ਗਈ। ਜਦੋਂ ਉਸ ਏਰੀਏ 'ਚ ਆ ਜਾਣ ਤਾਂ ਬਲਾ ਹੱਥ ਨਾਲੋਂ ਲਹਿ ਜਾਵੇ, ਜਦੋਂ ਬਾਹਰ ਜਾਣ ਤਾਂ ਚੰਬੜ ਜਾਏ, ਤਾਂ ਰੁੱਦਰ ਦੇਵ ਅੱਕ ਕੇ ਇੱਥੇ ਈ ਧੂਣੀ ਰਮਾ ਕੇ ਬੈਠ ਗਏ ਕਿ ਆਪਣੇ ਕਿਹੜੇ ਪਿਛੇ ਬਾਲ ਬੱਚੇ ਓਦਰ ਚੱਲੇ ਨੇ। ਅਤੇ ਇਸ ਤੀਰਥ ਦਾ ਨਾਂ 'ਕਪਾਲ ਮੋਚਨ' ਹੋ ਗਿਆ।

ਇਹ ਦੋਵੇਂ ਪ੍ਰੀਤਮ ਜਦੋਂ ਸੂਤਕੋਂ ਬਾਹਰ ਆਏ ਤਾਂ ਸਾਂਝੀਆਂ ਸ਼ਰਾਰਤਾਂ ਬਿਨਾ ਦੋਵਾਂ ਦੇ ਜੀਵਨ ਪੈਂਡੇ ਨਿਖੱੜ ਗਏ। ਇਕ ਸੁੰਦਰਤਾ ਪ੍ਰਸੰਸਕ, ਹਰ ਕੰਮ-ਹਰ ਕਦਮ ਮਟਕ ਨਾਲ ਪੁੱਟਣ ਵਾਲਾ, ਕੁਝ ਕੁ ਸਿਮਰਨ ਰੁਚੀਆਂ ਵਾਲਾ। ਪੜ੍ਹਨ, ਤੇ ਅਮਲ ਕਰਨ ਵਾਲਾ, ਜ਼ਿੰਦਗੀ 'ਚ ਵੱਡਾ ਲਿਖਾਰੀ ਹੋ ਨਿੱਬੜਿਆ। ਦੂਸਰਾ ਵੀ ਲਿਖਾਰੀ ਤਾਂ ਬਣਿਆ ਪਰ ਉਹ ਦੀ ਲਿਖਤ ਸੰਘਰਸ਼ ਗੁਧੀ, ਪੈਰ ਪੈਰ 'ਤੇ ਜੀਵਨ ਬਖੇੜਿਆਂ ਨਾਲ ਟਕਰਾਂਦੀ



Sri Satguru Jagjit Singh Ji eLibrary NamdhariElibrary@gmail.com

ਨਜ਼ਰ ਪੈਂਦੀ ਏ। ਪੰਛੀ ਵੱਲੋਂ, ਵਾਇਸਰਾਇ ਦੇ ਘੋੜੇ ਨੂੰ ਜਿੱਤਨ ਵਾਲੇ ਟੱਟੂ ਦੀ ਸਵਾਰੀ, ਸਕੂਲ ਦੀ ਛੱਤੋਂ ਡਿੱਗ ਮਰਨ ਦੀ ਧਮਕੀ ਭਰੀ ਚਿੱਠੀ ਲਿਖਣੀ, ਨਹਿਰ ਵਿਚਾਲੇ ਛਾਲ ਮਾਰ ਦੇਣੀ, ਬਿਨਾ ਚਾਦਰੋਂ ਠਰਦੀ ਰਾਤੇ ਬਿਅੰਤ ਜੀ ਵਾਸਤੇ ਅਰਕ ਲਿਆਣਾ, ਅੰਡਰ ਗ੍ਰਾਊਂਡ ਰਹਿਣਾ, ਜੇਲ੍ਹ ਨਿਵਾਸ ਵੇਲੇਂ ਮਾਂ ਮਰ ਜਾਣ ਦੀ ਗੱਲ ਇੱਕੋ ਫਿਕਰੇ ਚ ਲਿਖਣੀ, ਅਖੀਰ ਗੋਰੇ ਚਿੱਟੇ ਪੰਜਾਬੀ ਜਵਾਨ ਦਾ ਸੌਲੇ ਰੰਗ ਦੀ ਗੈਰ ਪੰਜਾਬਣ ਸੁਕੇਸ਼ੀ ਸੁਨੇਤ੍ਰੀ ਸ਼ਾਂਤਾ ਨਾਲ ਜੀਵਨ ਸਾਥ ਜੋੜ ਲੈਣਾ। ਇਹ ਤੇ ਹੋਰ ਅਨੇਕ ਗੱਲਾਂ ਪੰਛੀ ਦੀ, ਜੀ ਦਾਰੀ ਦੀ ਹਾਮੀ ਭਰਦੀਆਂ ਨੇ। ਗੁਰੂ ਰਾਮਦਾਸ ਕਾਲਜ ਦੇ ਪ੍ਰਿੰਸੀਪਲ 'ਅਮੋਲ' ਦਾ ਜ਼ਿਕਰ ਆਇਐ, ਜਿਨ੍ਹੇ ਮੇਰੇ ਖਰੀਂਢ ਆਏ ਜਖਮ ਨੂੰ ਉਚੇੜ ਦਿੱਤਾ ਏ। ਪਾਕਿਸਤਾਨ ਬਣਨ ਤੋਂ ਬਾਅਦ ਇਕ ਵਾਰ ਮੇਰੇ ਲਗਾਤਾਰ ਜ਼ੋਰ ਦੇਣ 'ਤੇ ਬਾਪੂ ਜੀ ਮੈਨੂੰ ਚੱਕਰਵਰਤੀ ਜੀ ਕੋਲ ਲੈ ਗਏ। ਉਨ੍ਹਾਂ ਪ੍ਰਿੰ: ਅਮੋਲ ਨਾਲ ਗੱਲ ਕਰ ਕੇ ਆਖਿਆ, 'ਅੰਮ੍ਰਿਤਸਰ ਰਹੇਗਾ-ਪੜ੍ਹੇਗਾ, ਰੋਟੀ ਰਿਹੈਸ਼ ਦਾ ਕੋਈ ਫ਼ਿਕਰ ਨਹੀਂ, ਇਸੇ ਖੁਸ਼ੀ ਵਿਚ ਬਾਪੂ ਜੀ ਨੇ ਇਕ ਅੱਤ ਉਚੇ ਰੁਤਬੇ ਵਾਲੇ ਧਾਰਮਿਕ ਸੱਜਣ ਨਾਲ ਗੱਲ ਕਰ ਦਿੱਤੀ। ਉਸ ਮਹਾਂਪੁਰਸ਼ ਨੇ ਇਕੋ ਫਿਕਰੇ ਨਾਲ ਮੇਰੀਆਂ ਪੜ੍ਹ ਲਿਖ ਕੇ ਸਿਆਣਾ ਬਣਨ ਦੀਆਂ ਆਸਾਂ 'ਤੇ ਪੋਚਾ ਫੇਰ ਦਿੱਤਾ ਕਿ 'ਪੜ੍ਹ ਕੇ ਬੱਚੇ ਸਿੱਖ ਨਹੀਂ ਰਹਿੰਦੇ। ਹੁਣ ਜਦੋਂ ਮੈਂ ਪੜ੍ਹੇ ਲਿਖਿਆਂ ਦੇ ਲੇਖ ਪੜ੍ਹਦਾ ਹਾਂ, ਗੱਲਾਂ ਬਾਤਾਂ ਸੁਣਦਾ ਹਾਂ ਤਾਂ ਮਨ ਮਸੋਸ ਕੇ ਰਹਿ ਜਾਂਦਾ ਹਾਂ। ਜੇ ਕਦੇ ਮੈਂ ਵੀ ਪੰਜ ਸੱਤ ਸਾਲ ਉਹੋ ਜਿਹੇ ਸੰਕੂਲ ਵਿਚ ਲਾਏ ਹੁੰਦੇਂ ਤਾਂ ਜਿਹੜੀ ਮੇਰੀ ਬੋਲ ਚਾਲ ਵਿਚ ਅੱਖੜਤਾ ਏ, ਜਾਂ ਲਿਖਤ ਵਿਚ ਬੇਰਸੀ ਏ ਸ਼ਾਇਦ ਇਸ ਤੋਂ ਕੁਝ ਬਚਾਅ ਹੋ ਜਾਂਦਾ। ਜਦੋਂ ਮੈਂ ਜਗਦੀਸ਼ -ਵਰਿਆਮ -- ਸੰਧੂ ਨੂੰ ਪੜ੍ਹਦਾ ਹਾਂ ਤਾਂ ਇਕ ਹਸਰਤ ਇਕ ਹੂਕ ਦਿਲ ਵਿਚੋਂ ਨਿਕਲ ਕੇ ਖ਼ਿਲਾ ਵਿਚ ਫੈਲ ਜਾਂਦੀ ਏ। ਆਪਣੀ ਮਾੜੀ ਲਿਖਾਵਟ, ਅਨਪੜ੍ਹਾਂ ਵਾਲੇ ਸ਼ਬਦ ਪੜ੍ਹਦਾ-ਕੱਟਦਾ, ਫਿਰ ਲਿਖਦਾ ਹਾਂ ਪਰ ਮੇਰਾ ਮੂੜ੍ਹਪਨ ਛੁਪਾਇਆਂ ਛੁਪਦਾ ਨਹੀਂ।

.... ਅਤੇ ਅੱਗੇ ਆ ਗਈ ਸਿੱਖੀ ਵਾਲੀ ਗੱਲ, ਕਿ ਮੈਨੂੰ ਆਪ ਤੇ ਪਤਾ ਈ ਏ, ਜਿੰਨਾਂ ਕੁ ਸਿੱਖ ਮੈਂ ਹੈਗਾ ਆਂ। ਨਿਰੀ ਵਰਦੀ ਬਾਣੇ ਨਾਲ ਕੋਈ ਸਿੱਖ ਬਣਿਆ ਜਾਂਦਾ ਏ ? ਦਿਲਾ ! ਇਹ ਕੀਰਨੇ ਕੀਤਿਆਂ ਹੁਣ ਕੁਝ ਨਹੀਂ ਹੋ ਸਕਦਾ .... ਜੋ ਬੀਤ ਗਈ ਸੋ ਬੀਤ ਗਈ .... ; ਚਿੜੀਆਂ ਨੇਂ ਸਮੇਂ ਤੇ ਉਮਰ ਦਾ ਖੇਤ ਚੁੱਗ ਲਿਆ ਹੋਇਆ ਏ। ਵੇਖ ! ਪੰਛੀ ਨੇ 'ਸ਼ਬਦ-ਸ਼ੀਸ਼ੇ' ਨਾਲ ਕਿਵੇਂ ਉਸ ਪੁਰਾਤਨ ਭੈਣੀ ਸਾਹਿਬ ਦਾ ਦਿਗਦਰਸ਼ਨ ਕਰਾ ਦਿੱਤਾ ਏ, ਜਿਸ ਦਾ ਸੂਰਤੋਂ ਨਾ ਸੀਰਤੋਂ ਕਿਤੇ ਨਿਸ਼ਾਨ ਵੀ ਨਹੀਂ ਲੱਭਦਾ। ਮੈਂ ਪੁਰਾਣਿਆਂ ਨੂੰ ਆਹਨਾਂ, ਇਹ ਪੰਛੀ ਦੀ ਪੁਸਤਕ ਪੜ੍ਹੋ ਕਿ ਤੁਸੀਂ ਫਿਰ ਉਨ੍ਹਾਂ ਸਮਿਆਂ ਦੇ ਦਰਸ਼ਨ ਕਰ ਸਕੋ। ਨਵੀਂ ਪਨੀਰੀ ਨੂੰ ਆਹਨਾਂ ਆਂ ਤੁਸੀਂ ਵੀ ਪੜ੍ਹੋ, ਤੇ ਉਥੇ ਜਾ ਕੇ ਪੁਰਾਣਿਆਂ ਤੋਂ ਪੁੱਛੋ ਕਿ ਸੱਚ ਮੁੱਚ ਇਥੇ ਇੰਜ ਦਾ ਤਪੋਬਨ ਹੁੰਦਾ ਸੀ ?

*******



Sri Satguru Jagjit Singh Ji eLibrary NamdhariElibrary@gmail.com

# ਸੱਠ ਸਾਲ ਬਾਅਦ–ਛੇ ਦਿਨ

ਏਹ ਸੱਤ ਦੇ ਹਿੰਦਸੇ ਨੇ ਪਤਾ ਨਹੀਂ ਮੈਨੂੰ ਕੀ ਕੀ ਰੰਗ ਵਖਾਣੇ ਨੇ । ਸਤਾਰਵੇਂ ਸਾਲ ਨੂੰ ਪਾਰ ਕਰਦਾ ਪਿਆ ਸਾਂ, ਜਦੋਂ ਮਹਾਂ ਨਹਿਸ਼ 1947 ਦੀ ਸਾੜ੍ਹਸਤੀ ਵਰਤ ਗਈ। ਦੇਸੀ ਮਹੀਨੇ ਸੌਣ ਦੀ ਸੱਤਵੀਂ ਪੈਰੀਂ ਤੁਰ ਕੇ, ਪਿਆਰੇ ਪਿੰਡ ਹਿੰਦੂ ਚੱਕੋਂ ਦੇਸ–ਬਦਰ ਹੋਣਾ ਪਿਆ।

ਮੇਰੇ ਦੋ ਜਿਗਰੀ ਯਾਰ, ਇਕ ਮਰਦਾਨੇ ਦੀ ਕੁੱਲ ਦਾ, ਮੇਰੇ ਤੋਂ ਦੋ ਕੁ ਵਰ੍ਹੇ ਵੱਡਾ 'ਨਜ਼ੀਰ' ਸੀ । ਮੇਰੇ ਵਾਂਗ ਮੂੰਹ ਤੇ ਮਾਤਾ ਦੇ ਦਾਗ਼ । ਦੂਸਰਾ ਨਾਮਦੇਵ ਦੀ ਬਰਾਦਰੀ ਦਾ 'ਬਸ਼ੀਰ' , ਮੇਰੇ ਤੋਂ ਦੋ ਵਰ੍ਹੇ ਛੋਟਾ .... ਬਰੀਕ ਨਕਸ਼, ਗੋਰਾ–ਚਿੱਟਾ ਅੱਤ ਹੁਸੀਨ, ਜਿਹਦੇ ਵਾਲਦ ਸਾਹਬ ਦਾ ਨਾਂ 'ਹੁਸੈਨ'–ਥੋੜ੍ਹਾ ਥੋੜ੍ਹਾ ਸਮਾਨ ਚੁੱਕੀ, ਮੇਰੇ ਨਾਲ ਤੁਰੇ ਜਾ ਰਹੇ ਸਨ। ਹਿੰਦੂ ਚੱਕੋਂ ਦੋ ਕੁ ਮੀਲ ਥੇੜੀ ਸਾਂਸੀ, ਸਟੇਸ਼ਨ ਤੋਂ ਅਸਾਂ ਗੱਡੀ ਚੜ੍ਹਨਾ ਸੀ ।

ਪਿੰਡੋਂ ਲਹਿੰਦੇ ਪਾਸੇ ਮਸੀਤ ਨੇੜਿਓਂ ਲੰਘ ਕੇ, ਥੋੜ੍ਹੇ ਉਚੇ ਥਾਂ ਤੇ ਖਲੋ ਕੇ, ਮੈਂ ਦੋ ਵਾਰ ਪਿੰਡ ਵੱਲ ਬੜੀ ਹਸਰਤ ਨਾਲ ਵੇਖਿਆ । ਮੇਰੇ ਯਾਰਾਂ ਮੇਰਾ ਰੋਣ–ਹਾਕਾ ਮੂੰਹ ਵੇਖ ਕੇ ਪੁੱਛ ਲਿਆ, "ਪਿੱਛੇ ਕੀ ਪਿਆ ਵੇਹਨਾਂ ਏਂ ? ਜੋ ਕੋਈ ਜ਼ਰੂਰੀ ਸ਼ੈਅ ਰਹਿ ਗਈ ਏ ਤਾਂ ਦੱਸ .... ਅਸੀਂ ਭੱਜ ਕੇ ਲੈ ਆਈਏ !" ਮੈਂ ਅੱਥਰੂ ਡੱਕਦਿਆਂ ਡੱਡੋਲਿੱਕੀ ਵਾਜ ਵਿਚ ਆਖਿਆ, "ਜੋ ਕੁਝ ਰਹਿ ਗਿਆ ਏ, ਉਹ ਤੁਸੀਂ ਨਹੀਂ ਲਿਆ ਸਕਦੇ । ਮੈਨੂੰ ਲੱਗਦਾ ਏ, ਮੇਰੇ ਪਿੰਡ ਦੇ ਇਹ ਨਜ਼ਾਰੇ, ਮੈਨੂੰ ਫੇਰ ਨਜ਼ਰ ਨਹੀਂ ਪੈਣੇਂ !" ਤੇ ਤੁਹਾਡੇ ਨਾਲ ਮੇਲ ---

ਮੈਂ ਆਪਣੇ ਯਾਰਾਂ ਨੂੰ, ਆਨੰਦਪੁਰੋਂ ਨਿਕਲਦੇ ਵਕਤ, ਸਾਹਿਬਜ਼ਾਦਾ ਅਜੀਤ ਸਿੰਘ ਦੇ ਮੁੜ ਮੁੜ ਕੇ ਵੇਖਣ ਦੀ ਕਹਾਣੀ ਸੁਣਾਈ । ਕਿਸੇ ਦੇ ਪੁੱਛਣ ਤੇ, ਜਿਸ ਆਖਿਆ ਸੀ–ਇਸ ਅਨੰਦਪੁਰ ਦੇ ਦੀਦਾਰੇ ਮੁੜ ਕੇ ਨਹੀਂ ਹੋ ਸਕਣੇ। ਸਾਡੇ ਤਿੰਨਾਂ ਦੀਆਂ ਹੁੱਬਕੀਆਂ ਸੁਣਨ ਵਾਲਾ, ਹੋਰ ਨੇੜੇ ਕੋਈ ਨਹੀਂ ਸੀ .... ਬਾਕੀ ਸਾਰੇ ਦੂਰ ਜਾ ਕੇ ਸਾਨੂੰ ਵਾਜਾਂ ਮਾਰੀ ਜਾਂਦੇ ਸਨ ।

.... ਤੇ ਹੁਣ ਸੱਠਾਂ ਸਾਲਾਂ ਬਾਅਦ ਮੈਨੂੰ ਪਾਕਿਸਤਾਨ ਦਾ ਵੀਜ਼ਾ ਵੀ ਮਿਲ ਗਿਆ ਏ, ਤੇ ਫੇਰ ਓਹੋ 'ਸੱਤਾ' ਮੇਰੇ ਸਾਹਮਣੇ ਆ ਗਿਆ ਏ । 7 ਅਪ੍ਰੈਲ 2007 .... ਕਿਤੇ ਫੇਰ ਨਾ ਮੈਨੂੰ ਕੋਈ ਪੱਜ ਪਾ ਕੇ ਪਿਛਾਂਹ ਮੋੜ ਦਿੱਤਾ ਜਾਏ । .... ਤੇ ਕੀ ਪਤਾ ਏਡੇ ਲੰਮੇ ਅਰਸੇ ਬਾਦ 'ਸਾਤੇ' ਨੇ ਆਪਣੀ ਮਨਹੂਸੀਅਤ ਬਦਲ ਲਈ ਹੋਵੇ, ਤੇ ਮੈਂ ਆਪਣੀ ਜੰਮਣ ਭੋਇੰ ਦੀ ਮਿੱਟੀ ਨੂੰ ਚੁੰਮਣ ਦਾ ਸ਼ਰਫ ਹਾਸਲ ਕਰ ਸਕਾਂ ।

ਰੱਬ ਰਹੀਮ ਦੀ ਰਹਿਮਤ ਨਾਲ, ਜੇ ਮੈਂ ਪਹਾੜੋਂ ਵੱਡੇ, ਸਮੁੰਦਰੋਂ ਡੂੰਘੇ ਅਰਸੇ



Sri Satguru Jagjit Singh Ji eLibrary NamdhariElibrary@gmail.com

ਬਾਅਦ ਪਿੰਡ ਪਹੁੰਚ ਗਿਆ, ਤਾਂ ਹੁਣ ਮੈਂ ਕੱਲਾ ਬੈਠਾ ਸੋਚੀ ਜਾਨਾਂ ਆਂ-ਕੀ ਮੇਰੇ ਯਾਰ 'ਨਜ਼ੀਰ' 'ਬਸ਼ੀਰ' ਮੈਨੂੰ ਪਛਾਣ ਲੈਣਗੇ ? ਕੀ ਹੋਰ ਵੀ ਕੋਈ ਮੇਰੀ ਉਮਰ ਦੇ ਹੋਣਗੇ ? .... ਇਕ ਮੇਰਾ ਬੇਲੀ ਮੈਥੋਂ ਉਮਰੋਂ ਛੋਟਾ, 'ਰਹਿਮਤ ਮਸੀਹ' ਤਾਂ ਜ਼ਰੂਰ ਹੋਇਗਾ, ਜਿਸ ਨੂੰ ਗੌਂਦਿਆਂ ਸੁਣਕੇ ਕੋਇਲਾਂ ਵੀ ਸਾਥ ਦੇਣ ਲੱਗ ਪੈਂਦੀਆਂ ਸਨ । ਮੇਰੇ ਬਾਗ਼ ਵਾਲੇ ਖੂਹ ਦਾ ਚੁਬੱਚਾ ਉਵੇਂ ਹੀ ਹੋਇਗਾ ? ਜਿਦੇ, ਨਾਲ ਔਰਤਾਂ ਦਾ ਗੁਸਲਖ਼ਾਨਾ ਵੱਖਰਾ ਬਣਿਆ ਹੋਇਆ ਸੀ । ਖੂਹ ਦੇ ਪੜਾਨੇ, ਦੁਆਲੇ ਦੋ ਪਿੱਪਲ , ਜੇਹੜੇ ਸਾਰਾ ਦਿਨ ਵਗਣ ਵਾਲੀਆਂ ਜੋਗਾਂ ਨੂੰ ਧੁੱਪ ਨਹੀਂ ਔਣ ਦਿੰਦੇ ਸਨ, ਖੈਰੀਂ ਸੁੱਖੀਂ ਹੋਣਗੇ ?

ਸਾਰੰਗੀ ਨਾਲ ਦੂਰ ਤੱਕ ਜਾ ਕੇ ਗੌਣ ਵਾਲੇ ਸ਼ੇਖ਼ ਬੂਟਾ ਮੁਹੰਮਦ ਦੀ ਜਵਾਨ-ਜਹਾਨ ਤੇ ਖੁੱਲ੍ਹ- ਖੁਲਾਸੀ ਵੱਡੀ ਧੀ-ਭੈਣ 'ਦਾਰੋ' ਮੈਨੂੰ ਪਛਾਣ ਲਏਗੀ ? ਜੇਹੜੀ ਪਿੰਡ ਦੇ ਹੀ 'ਮੇਹਰੂ' ਨਾਲ ਵਿਆਹੀ ਜਾਣ ਬਾਦ, ਮੈਨੂੰ ਕਹਿੰਦੀ, "ਸਾਧਿਆ, ਹੁਣ ਮੈਂ ਤੇਰੀ ਭਰਜਾਈ ਵੀ ਬਣ ਗਈ ਆਂ ।" ਸਾਡੇ ਨਿੱਜੀ ਡੇਰੇ ਦੇ ਬਜ਼ੁਰਗ ਸਾਧ ਨੂੰ ਕੋਲੋਂ ਦੀ ਲੰਘਦੀ ਹੋਈ ਪੁੱਛਣ ਲੱਗੀ- "ਬਾਬਾ ਜੀ ! ਆਂਹਦੇ ਨੇ, ਮਰ ਕੇ-ਫੇਰ ਵੀ ਆ ਜਾਈਦਾ ਏ ?" ਅੱਗੋਂ ਸਾਧ ਵੀ ਓਸੇ ਰੌਅ ਵਿਚ ਬੋਲਿਆ - "ਦਾਰੋ, ਹੋਰ ਕਿਸੇ ਦਾ ਪਤਾ ਨਹੀਂ, ਤੂੰ ਮਰਨ ਵਾਲੀ ਬਣ.... ਜ਼ਰੂਰ ਆ ਜਾਏਂਗੀ ।" ਦਾਰੋ ਨੇ ਖਲੋ ਕੇ ਆਖਿਆ- "ਸਾਧਾ, ਮੈਂ ਹੁਣੇ ਤੇਰੇ ਸਾਹਵੇਂ ਮਰ ਜਾਣਾ ਏਂ.... ਜੇ ਮੁੜ ਕੇ ਨਾ ਆਈ, ਤੇਰੇ ਨਾਲ ਬੁਰੀ ਕਰਾਂਗੀ ।" ਸਾਧ ਨੇ ਸਹਿਮ ਕੇ ਆਖਿਆ - "ਪਹਿਲਾਂ ਤੂੰ ਪੱਠੇ ਤੇ ਲੈ ਆ !"

ਖੂਹ ਤੋਂ ਥੋੜ੍ਹਾ ਚੜ੍ਹਦੇ ਪਾਸੇ ਇਕ ਬੋਹੜ ਸੀ, ਜਿਹਦੇ ਚੁਫੇਰੇ ਪੰਦਰਾਂ ਫੁੱਟਾ ਗੋਲ ਥੜ੍ਹਾ ਸੀ । ਇਸ ਤਿੰਨ ਫੁੱਟ ਉਚੇ ਥੜ੍ਹੇ ਤੇ ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਰਨ ਪਾਏ ਸਨ । ਇਸ ਕਰਕੇ ਇਸ ਉਤੇ ਜੁੱਤੀ ਲੈ ਕੇ ਚੜ੍ਹਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਸੀ । ਇਕ ਦਿਨ ਸਾਡੇ ਛੇੜੂ ਤੋਂ ਇਕ ਝੋਟੀ ਭੱਜ ਕੇ ਥੜੇ 'ਤੇ ਚੜ੍ਹ ਗਈ । ਛੇੜੂ 'ਅੱਕੂ' ਨੇ ਆ ਵੇਖਿਆ ਨਾ ਤਾ .... ਜੁੱਤੀ ਲਾਂਹ ਕੇ ਹੱਥ ਵਿਚ ਫੜ ਲਈ, ਤੇ ਥੜੇ ਤੇ ਚੜ੍ਹ ਕੇ ਝੋਟੀ ਉਤਾਰ ਲਿਆਂਦੀ । ਵੇਖਣ ਵਾਲੇ ਹੱਸ-ਹੱਸ ਕੇ ਦੋਹਰੇ ਹੋਈ ਜਾਣ । ਜੇ ਉਹ ਬੋਹੜ ਹੁਣ ਤੱਕ ਸਹੀ-ਸਲਾਮਤ ਹੋਇਆ ਤਾਂ ਪੀਨਾਂਗ ਦੇ ਬੋਹੜ ਤੋਂ ਵੀ ਵੱਡਾ ਹੋ ਗਿਆ ਹੋਇਗਾ ।

ਬੋਹੜ ਦੇ ਚੜ੍ਹਦੇ, ਸੰਤਾਂ ਸਾਧਾਂ ਦੇ ਟਿਕਣ ਵਾਸਤੇ, ਬਾਪੂ ਜੀ ਨੇ ਇਕ ਡੇਰਾ ਬਣਾਇਆ ਹੋਇਆ ਸੀ - ਜਿਦ੍ਹੇ ਦੋ ਬਰਾਂਡੇ ਅੰਗੂਰ ਦੀਆਂ ਵੇਲਾਂ ਦੇ ਬਣੇ ਹੋਏ ਸਨ । ਇਕ ਵੇਲ ਦੇ ਮੁੱਢ ਇਕ ਬੂਟੀ ਸੀ, ਜੇਹੜੀ ਹੱਥ ਲਾਇਆਂ ਛੂਈ-ਮੂਈ ਹੋ ਜਾਂਦੀ । ਕਿਸੇ ਉਹਨੂੰ ਸ਼ਰਮ ਬੂਟੀ ਆਖਣਾ ਕਿਸੇ ਲਾਜਵੰਤੀ ।

.... ਕੀ ਪਤਾ, ਕੀ ਕੁਝ ਬਾਕੀ ਏ, ਕਿੰਨਾਂ ਕੁਝ ਬਦਲ ਗਿਆ ਹੈ, ਚੇਤੇ ਦੀਆਂ ਨਜ਼ਰਾਂ ਵਿਚ ਤਾਂ ਸਭ ਕੁਝ ਉਵੇਂ ਦਾ ਹੀ ਦਿਸਦਾ ਹੈ । ਉਂਜ ਅਸਾਂ ਵੀ ਤੇ ਧਾਰਮਿਕ



Sri Satguru Jagjit Singh Ji eLibrary NamdhariElibrary@gmail.com

ਸਥਾਨਾਂ ਤੱਕ-ਸੰਗਮਰਮਰ ਥੱਪਣ ਦੀ ਹੋੜ ਵਿਚ, ਪੁਰਾਤਨ ਯਾਦਗਾਰਾਂ ਨੂੰ ਨੇਸਤੋ-ਨਬੂਦ ਕਰਕੇ ਰੱਖ ਦਿੱਤਾ ਹੈ ।

ਸੰਤਰੇ-ਮਾਲਟੇ ਦਾ ਬਗ਼ੀਚਾ-ਇਕ ਪਾਸੇ ਆਡ 'ਤੇ ਟਾਹਲੀਆਂ ਦੀ ਕਤਾਰ .... ਸਾਡੇ ਹੱਥੀਂ ਲਾਏ ਹੋਏ ਜਾਮਨੂੰ ਤੇ ਬੇਰੀਆਂ ਵਿਚਕਾਰ ਸੁਖਚੈਨ ਦਾ ਵੱਡਾ ਬੂਟਾ, ਜਿਦ੍ਹੀ ਦਾਤਣ ਕੀਤਿਆਂ ਸਾਰਾ ਦਿਨ ਮੂੰਹ ਖ਼ੁਸ਼ਬੋ ਨਾਲ ਭਰਿਆ ਰਹਿੰਦਾ । ਮੈਂ ਇਕ ਦਿਨ ਜਾਮਣੂੰ ਤੋਂ, ਟਾਹਣੀ ਸਮੇਤ ਹੇਠਾਂ ਆ ਪਿਆ । ਟਾਹਣੀ ਦੇ ਉਤੇ ਡਿਗਣ ਕਰਕੇ ਸੱਟ ਤੋਂ ਬਚਾਅ ਹੋ ਗਿਆ ।

ਸਾਡੇ ਪਿੰਡ ਈਸਾਈਆਂ ਦਾ ਵੇਹੜਾ ਵੱਖਰਾ ਈ ਸੀ । ਏਹਨਾਂ ਵਿਚ 'ਰਹਿਮਤ' ਗੌਣ ਵਾਲਾ ਸਾਡੇ ਮਾਲ ਨੂੰ ਪੱਠੇ ਪਾ ਦੇਂਦਾ ਤੇ ਰਹਿੰਦਾ ਵੀ ਸਾਡੇ ਖੂਹ ਤੇ । ਸਾਡੇ ਜੱਟਾਂ ਤੇ ਈਸਾਈਆਂ ਦੇ ਵੇਹੜਿਆਂ ਵਿਚ ਡਾਂਗ-ਸੋਟਾ ਚਲਦਾ ਰਹਿਣਾ । ਹੋਰ ਕੌਮਾਂ ਨਹੀਂ ਸਨ ਲੜਦੀਆਂ । ਇਕ ਦਿਨ ਅਸੀਂ ਖੂਹ ਦੇ ਨੇੜੇ ਤਖ਼ਤਪੋਸ਼ਾਂ ਤੇ ਬੈਠੇ ਸਾਂ, ਕੱਕੂ ਈਸਾਈ ਦੀ ਵਹੁਟੀ ਨੰਗੇਂ ਸਿਰ ਭੱਜੀ ਆਈ .... 'ਸਿੰਘ ਜੀ ਭੱਜਿਓ ! ਮੇਰੇ ਬੰਦੇ ਨੂੰ ਸ਼ਾਨੇ ਕੇ ਛੱਲੀਆਂ ਵਾਂਗੂੰ ਕੁੱਟਣ ਡਹੇ ਹੋਏ ਨੇ ।" ਕਈ ਜਣੇ ਬੈਠੇ ਹੋਏ ਸਨ, ਜੁਤੀਆਂ ਪਾ ਕੇ ਭੱਜੇ, ਪਰ ਸਿੰਘ ਜੀ ਨੰਗੇ ਪੈਰੀਂ ਕੁਹਾੜੀ ਫੜ ਕੇ ਜਾ ਦਾਬਾ ਮਾਰਿਆ...." ਓਏ ਮੂਰਖੋ ਛੱਡੋ ਮੁੰਡੇ ਨੂੰ ।" ਕਿਸੇ ਹੋਰ ਕਹਿ ਦਿੱਤਾ-ਸਿੰਘ ਜੀ ਆ ਗਏ । ਕੁੱਟਣ ਵਾਲੇ ਚਾਰੇ, ਡਾਂਗਾਂ ਸੁਟ ਕੇ ਭੱਜ ਗਏ । ਕੱਕੂ ਉਠ ਕੇ ਕੱਪੜੇ ਝਾੜਦਾ ਸਿੰਘ ਜੀ ਦੇ ਪੈਰੀਂ ਆ ਪਿਆ ।" ਅੱਜ ਤੁਸਾਂ ਮੈਨੂੰ ਬਚਾਅ ਲਿਆ, ਪਰ ਹੁਣ ਏਹ ਨਹੀਂ ਮੈਥੋਂ ਬਚਦੇ । ਏਹਨਾਂ ਮੈਨੂੰ ਧੋਖੇ ਨਾਲ ਢਾਅ ਲਿਆ .... ਨਹੀਂ ਤਾਂ ਮੈਂ ਚੌਹਾਂ ਦੇ ਗਿੱਟੇ ਸੇਕਦਾ ।" ਉਹਦੀ ਘਰ ਵਾਲੀ ਘੁੰਢ ਕੱਢ ਕੇ, "ਸਿੰਘ ਜੀ ! ਇਹਨੂੰ ਝਿੜਕੋ, ਇਹ ਲੜਾਈਆਂ ਤੋਂ ਨਹੀਂ ਮੁੜਦਾ ।" ਬਾਪੂ ਜੀ ਨੇ ਪੋਲਾ ਜਿਹਾ ਧੱਫਾ ਕੱਕੂ ਦੀ ਧੌਣ ਤੇ ਮਾਰ ਕੇ ਆਖਿਆ, " ਉਹ ਬਹੁਤੇ ਨੇ, ਤੂੰ ਇਕੱਲਾ ਹੈਂ .... ਟਾਲਾ ਵੱਟ ਜਾਇਆ ਕਰ ।"

ਅੱਜ 7 ਅਪ੍ਰੈਲ 2007 ਹੈ । ਕਿਸੇ ਕੰਮ ਮਨੀ ਮਾਜਰੇ ਆਇਆ ਬੈਠਾ ਹਾਂ । ਪਿੱਛੇ ਪਿੰਡ ਬੁੱਢੀ ਮਾੜੀ ਬਲੀ ਸਿੰਘ ਨੂੰ ਫੋਨ ਕੀਤਾ ਹੈ-ਮਾਸਟਰ ਜੀ ਸਮੇਤ ਕਲ੍ਹ ਨੂੰ ਦੋਵੇਂ ਅੰਮ੍ਰਿਤਸਰ ਪਹੁੰਚ ਜਾਓ । ਮੈਂ ਬੱਸ ਅੱਡੇ ਤੇ ਮਿਲ ਪਵਾਂਗਾ । ਬਲੀ ਸਿੰਘ ਦੱਸਿਆ-ਮਾਸਟਰ ਜੀ ਦਾ ਕੱਚ-ਪੱਕ ਹੈ । ਮੈਂ ਫੋਨ ਤੇ ਹੀ ਖਰਵਾ ਜਿਹਾ ਆਖਿਆ, ਜੇ ਮਾਸਟਰ ਜੀ ਨਹੀਂ ਔਂਦੇ, ਤੂੰ ਇਕੱਲਾ ਈ ਆ । ਜੇ ਤੂੰ ਵੀ ਨਾ ਆਇਓਂ, ਮੈਂ 9 ਤਰੀਕ ਨੂੰ ਕੱਲੇ ਈ ਲਾਹੌਰ ਨੂੰ ਚਲੇ ਜਾਣਾ ਹੈ । .... ਤੇ ਫੋਨ ਰੱਖ ਦਿੱਤਾ ।

ਜਾਪਦਾ ਏ, ਏਹ ਸੱਤੇ ਨੇ ਏਨੇ ਚਿਰ ਬਾਅਦ ਵੀ ਆਪਣੀ ਹਿੰਡ ਨਹੀਂ ਛੱਡੀ ।

ਮਹਾਂ ਮੁਸਾਫ਼ਰ ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ੇਖ਼ ਫਰੀਦ ਜੀ ਦੇ ਪੰਜਾਬੀ ਵਿਚ ਆਖੇ ਸਲੋਕ, ਏਨੇ ਪਸੰਦ ਕੀਤੇ ਕਿ ਉਹਨਾਂ ਦਾ ਉਤਾਰਾ ਪੰਜਵੇਂ ਨਾਨਕ ਤੱਕ ਪੁੱਜਦਾ



Sri Satguru Jagjit Singh Ji eLibrary NamdhariElibrary@gmail.com

ਸਥਾਨਾਂ ਤੱਕ-ਸੰਗਮਰਮਰ ਥੱਪਣ ਦੀ ਹੋੜ ਵਿਚ, ਪੁਰਾਤਨ ਯਾਦਗਾਰਾਂ ਨੂੰ ਨੇਸਤੋ-ਨਬੂਦ ਕਰਕੇ ਰੱਖ ਦਿੱਤਾ ਹੈ ।

ਸੰਤਰੇ-ਮਾਲਟੇ ਦਾ ਬਗੀਚਾ-ਇਕ ਪਾਸੇ ਆਡ 'ਤੇ ਟਾਹਲੀਆਂ ਦੀ ਕਤਾਰ .... ਸਾਡੇ ਹੱਥੀਂ ਲਾਏ ਹੋਏ ਜਾਮਨੂੰ ਤੇ ਬੇਰੀਆਂ ਵਿਚਕਾਰ ਸੁਖਚੈਨ ਦਾ ਵੱਡਾ ਬੂਟਾ, ਜਿਦ੍ਹੀ ਦਾਤਣ ਕੀਤਿਆਂ ਸਾਰਾ ਦਿਨ ਮੂੰਹ ਖੁਸ਼ਬੋ ਨਾਲ ਭਰਿਆ ਰਹਿੰਦਾ । ਮੈਂ ਇਕ ਦਿਨ ਜਾਮਣੂੰ ਤੋਂ, ਟਾਹਣੀ ਸਮੇਤ ਹੇਠਾਂ ਆ ਪਿਆ । ਟਾਹਣੀ ਦੇ ਉਤੇ ਡਿਗਣ ਕਰਕੇ ਸੱਟ ਤੋਂ ਬਚਾਅ ਹੋ ਗਿਆ ।

ਸਾਡੇ ਪਿੰਡ ਈਸਾਈਆਂ ਦਾ ਵੇਹੜਾ ਵੱਖਰਾ ਈ ਸੀ । ਏਹਨਾਂ ਵਿਚ 'ਰਹਿਮਤ' ਗੌਣ ਵਾਲਾ ਸਾਡੇ ਮਾਲ ਨੂੰ ਪੱਠੇ ਪਾ ਦੇਂਦਾ ਤੇ ਰਹਿੰਦਾ ਵੀ ਸਾਡੇ ਖੂਹ ਤੇ । ਸਾਡੇ ਜੱਟਾਂ ਤੇ ਈਸਾਈਆਂ ਦੇ ਵੇਹੜਿਆਂ ਵਿਚ ਡਾਂਗ-ਸੋਟਾ ਚਲਦਾ ਰਹਿਣਾ । ਹੋਰ ਕੌਮਾਂ ਨਹੀਂ ਸਨ ਲੜਦੀਆਂ । ਇਕ ਦਿਨ ਅਸੀਂ ਖੂਹ ਦੇ ਨੇੜੇ ਤਖ਼ਤਪੋਸ਼ਾਂ ਤੇ ਬੈਠੇ ਸਾਂ, ਕੱਕੂ ਈਸਾਈ ਦੀ ਵਹੁਟੀ ਨੰਗੇ ਸਿਰ ਭੱਜੀ ਆਈ .... 'ਸਿੰਘ ਜੀ ਭੱਜਿਓ ! ਮੇਰੇ ਬੰਦੇ ਨੂੰ ਸ਼ਾਨੇ ਕੇ ਛੱਲੀਆਂ ਵਾਂਗੂੰ ਕੁੱਟਣ ਡਹੇ ਹੋਏ ਨੇ ।" ਕਈ ਜਣੇ ਬੈਠੇ ਹੋਏ ਸਨ, ਜੁਤੀਆਂ ਪਾ ਕੇ ਭੱਜੇ, ਪਰ ਸਿੰਘ ਜੀ ਨੰਗੇ ਪੈਰੀਂ ਕੁਹਾੜੀ ਫੜ ਕੇ ਜਾ ਦਾਬਾ ਮਾਰਿਆ...." ਓਏ ਮੂਰਖੋ ਛੱਡੋ ਮੁੰਡੇ ਨੂੰ ।" ਕਿਸੇ ਹੋਰ ਕਹਿ ਦਿੱਤਾ-ਸਿੰਘ ਜੀ ਆ ਗਏ । ਕੁੱਟਣ ਵਾਲੇ ਚਾਰੇ, ਡਾਂਗਾਂ ਸੁਟ ਕੇ ਭੱਜ ਗਏ । ਕੱਕੂ ਉਠ ਕੇ ਕੱਪੜੇ ਝਾੜਦਾ ਸਿੰਘ ਜੀ ਦੇ ਪੈਰੀਂ ਆ ਪਿਆ ।" ਅੱਜ ਤੁਸਾਂ ਮੈਨੂੰ ਬਚਾਅ ਲਿਆ, ਪਰ ਹੁਣ ਏਹ ਨਹੀਂ ਮੈਥੋਂ ਬਚਦੇ । ਏਹਨਾਂ ਮੈਨੂੰ ਧੋਖੇ ਨਾਲ ਢਾਅ ਲਿਆ .... ਨਹੀਂ ਤਾਂ ਮੈਂ ਚੌਹਾਂ ਦੇ ਗਿੱਟੇ ਸੇਕਦਾ ।" ਉਹਦੀ ਘਰ ਵਾਲੀ ਘੁੰਢ ਕੱਢ ਕੇ, "ਸਿੰਘ ਜੀ ! ਇਹਨੂੰ ਝਿੜਕੋ, ਇਹ ਲੜਾਈਆਂ ਤੋਂ ਨਹੀਂ ਮੁੜਦਾ ।" ਬਾਪੂ ਜੀ ਨੇ ਪੋਲਾ ਜਿਹਾ ਧੱਪਾ ਕੱਕੂ ਦੀ ਧੌਣ ਤੇ ਮਾਰ ਕੇ ਆਖਿਆ, " ਉਹ ਬਹੁਤੇ ਨੇ, ਤੂੰ ਇਕੱਲਾ ਹੈਂ .... ਟਾਲਾ ਵੱਟ ਜਾਇਆ ਕਰ ।"

ਅੱਜ 7 ਅਪ੍ਰੈਲ 2007 ਹੈ । ਕਿਸੇ ਕੰਮ ਮਨੀ ਮਾਜਰੇ ਆਇਆ ਬੈਠਾ ਹਾਂ । ਪਿੱਛੇ ਪਿੰਡ ਬੁੱਢੀ ਮਾੜੀ ਬਲੀ ਸਿੰਘ ਨੂੰ ਫੋਨ ਕੀਤਾ ਹੈ-ਮਾਸਟਰ ਜੀ ਸਮੇਤ ਕਲ੍ਹ ਨੂੰ ਦੋਵੇਂ ਅੰਮ੍ਰਿਤਸਰ ਪਹੁੰਚ ਜਾਓ । ਮੈਂ ਬੱਸ ਅੱਡੇ ਤੇ ਮਿਲ ਪਵਾਂਗਾ । ਬਲੀ ਸਿੰਘ ਦੱਸਿਆ-ਮਾਸਟਰ ਜੀ ਦਾ ਕੱਚ-ਪੱਕ ਹੈ । ਮੈਂ ਫੋਨ ਤੇ ਹੀ ਖਰਵਾ ਜਿਹਾ ਆਖਿਆ, ਜੇ ਮਾਸਟਰ ਜੀ ਨਹੀਂ ਔਂਦੇ, ਤੂੰ ਇਕੱਲਾ ਈ ਆ । ਜੇ ਤੂੰ ਵੀ ਨਾ ਆਇਓਂ, ਮੈਂ 9 ਤਰੀਕ ਨੂੰ ਕੱਲੇ ਈ ਲਾਹੌਰ ਨੂੰ ਚਲੇ ਜਾਣਾ ਹੈ । .... ਤੇ ਫੋਨ ਰੱਖ ਦਿੱਤਾ ।

ਜਾਪਦਾ ਏ, ਏਹ ਸੱਤੇ ਨੇ ਏਨੇ ਚਿਰ ਬਾਅਦ ਵੀ ਆਪਣੀ ਹਿੰਡ ਨਹੀਂ ਛੱਡੀ ।

ਮਹਾਂ ਮੁਸਾਫ਼ਰ ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ੇਖ਼ ਫਰੀਦ ਜੀ ਦੇ ਪੰਜਾਬੀ ਵਿਚ ਆਖੇ ਸਲੋਕ, ਏਨੇ ਪਸੰਦ ਕੀਤੇ ਕਿ ਉਹਨਾਂ ਦਾ ਉਤਾਰਾ ਪੰਜਵੇਂ ਨਾਨਕ ਤੱਕ ਪੁੱਜਦਾ



Sri Satguru Jagjit Singh Ji eLibrary NamdhariElibrary@gmail.com

ਕੀਤਾ। ਜੋ ਸਰਬ ਸਾਂਝੇ ਸ੍ਰੀ ਆਦਿ ਗਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ।

ਪਿਛਲੇ ਸਾਲ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਨਿਚਲੇ ਡਾਇਰੈਕਟਰ ਸੀ.ਆਰ. ਮੁਦਗਿਲ ਨੂੰ ਪਤਾ ਚੱਲਿਆ ਕਿ ਹਾਂਸੀ ਵਿਚ ਸ਼ੇਖ ਫਰੀਦ ਜੀ ਨੇ ਬਾਰਾਂ ਵਰ੍ਹੇ ਕਰੜਾ ਤੱਪ ਕੀਤਾ ਹੈ। ਕਹਿਣ ਲੱਗੇ, "ਜਿੱਥੇ ਸ਼ੇਖ਼ ਜੀ ਨੇ ਚਾਲੀ ਦਿਨ ਚਿਲ੍ਹਾ ਕੱਟਿਆ, ਉਹਦਾ ਨਾਂ 'ਫਰੀਦਕੋਟ' ਹੋ ਗਿਆ .... ਤੇ ਜਿਥੇ ਬਾਰਾਂ ਸਾਲ ਘਾਲ ਕੀਤੀ, ਉਹਦਾ ਕਿਸੇ ਨੂੰ ਚੇਤਾ ਈ ਨਹੀਂ।"

ਖ਼ੈਰ! ਦਿਨ ਮਿੱਥ ਕੇ ਮੇਲਾ ਕੀਤਾ ਗਿਆ ਅਤੇ ਸ਼ੇਖ਼ ਜੀ ਦੇ ਨਾਮ ਤੇ ਹਰਿਆਣਾ ਸਰਕਾਰ ਵਲੋਂ ਇਕਵੰਜਾ ਹਜ਼ਾਰ ਦਾ ਐਵਾਰਡ ਐਲਾਨ ਹੋ ਗਿਆ।

ਇਸ ਵਰ੍ਹੇ ਦੇ ਸ਼ੁਰੂ ਵਿਚ ਮੇਲਾ ਮਨਾਣ ਵਾਸਤੇ, ਪਾਕਿਸਤਾਨੋਂ ਵੀ ਦਸ-ਬਾਰਾਂ ਮਿੱਠੇ ਮਿੱਤਰਾਂ ਦਾ ਗਰੁੱਪ ਸ਼ਾਮਲ ਹੋਇਆ। ਸਿਖਰ 'ਤੇ ਆਏ ਚੌਦ੍ਹਵੀਂ ਦੇ ਚੰਨ ਵੱਲ ਉਂਗਲ ਕਰਕੇ ਕਿਸੇ ਆਖਿਆ, "ਕੇਡਾ ਸੋਹਣਾ ਚੰਨ ਹੈ।" ਮੇਰੇ ਵਰਗੇ ਭੁੱਖੇ ਨੇ ਤੱਤ ਫੱਟ ਮੋੜ ਪਾਇਆ, "ਰੋਟੀ ਵਰਗਾ? ਗੋਲ-ਮਟੋਲ ਹੈ।" ਮੈਂ ਤੇ ਮਾਸਟਰ ਜੀ ਨੇ ਸਾਰਿਆਂ ਦੇ ਸਾਹਮਣੇ ਖਲੋ ਕੇ ਹਾੜ੍ਹਾ ਕੀਤਾ - "ਕੋਈ ਕੁਝਰਾਂ ਵਾਲਿਓਂ ਵੀ ਆਇਐ?"

ਚੰਨ ਤੇ ਰੋਟੀ ਦਾ ਟੁਕੜਾ ਨਹੀਂ ਸੀ ਬਣਿਆ, ਪਰ ਸਾਡੀ ਕਿਸਮਤ ਦਾ ਚੰਨ ਚਮਕ ਪਿਆ। ਇਕ ਹੱਸ਼ਾਸ਼-ਬੱਸ਼ਾਸ਼ ਨੌਜਵਾਨ, ਸਿਰ ਤੇ ਚਿੱਟੇ ਵਾਲਾਂ ਦੀ ਜਿਵੇਂ ਵਿੱਗ ਸਜਾਈ ਹੋਵੇ, ਜਿਵੇਂ ਪੀਰਾਂ-ਫਕੀਰਾਂ ਦੇ ਸਿਰ ਦੁਆਲੇ ਨੂਰ ਦਾ ਘੇਰਾ ਵਲਿਆ ਹੋਵੇ .... ਰਹਿਮਤ ਦੇ ਫਰਿਸ਼ਤੇ ਵਾਂਗ ਦੋਏ ਬਾਹੀਂ ਉਚੀਆਂ ਕਰਕੇ ਵਧਿਆ ਆਇਆਂ।

"ਆਓ, ਮੈਂ ਹਾਂ ਕੁਝਰਾਂਵਾਲੇ ਤੋਂ।" ਸਾਨੂੰ ਦੋਹਾਂ ਨੂੰ ਇਕੋ ਵਲੇਵੇਂ 'ਚ ਸਮੇਟਦਾ ਹੋਇਆ ਇੰਜ ਲੱਗਿਆ ਜਿਵੇਂ ਸਾਡੇ ਸ਼ਹਿਰ ਪੁਚਾ ਕੇ ਹੀ ਬਾਹੀਂ ਢਿੱਲੀਆਂ ਕਰੇਗਾ।

ਆਪਣੇ ਵਰਗਾ ਖ਼ੂਬਸੂਰਤ ਨਾਂਅ 'ਜ਼ਾਹਿਦ ਮੁਮਤਾਜ਼' ਦੱਸਕੇ ਮੋਬਾਇਲ ਨੰਬਰ ਲਿਖਾਇਓ ਸੂ-ਪਈ ਲਾਹੌਰੋਂ ਫੋਨ ਕਰ ਕੇ ਸਮਝ ਲਿਓ, ਤੁਹਾਡੇ ਕੋਲ ਈ ਖਲੋਤਾ ਵਾਂ। ਇਕ ਲੰਬੇ ਤੜੰਗੇ ਅਕਾਲੀ ਜਿਹੇ ਸਿੱਖ ਨੂੰ ਮਿਲਾ ਕੇ ਆਖਣ ਲੱਗਾ, "ਪਾਸਪੋਰਟ ਇਸਨੂੰ ਦੇ ਦਿਓ, ਵੀਜ਼ੇ ਲੱਗ ਜਾਣਗੇ। ਜਦੋਂ ਅਸੀਂ ਉਸਨੂੰ ਥਾਂ-ਪਤਾ ਪੁੱਛਿਆ, ਕਹਿੰਦਾ-ਹਰਭਜਨ ਸਿੰਘ ਬਰਾੜ, ਖਾਲਸਾ ਕਾਲਜ ਸਾਹਵੇਂ ਅੰਮ੍ਰਿਤਸਰ। ਮਾਸਟਰ ਜੀ ਨੇ ਸਵਾਲ ਦਾਗਿਆ-ਬਰਾੜ ਨਾਲ ਬਰਨਾਲਾ ਬਠਿੰਡਾ ਤਾਂ ਜੁੜ ਸਕਦਾ ਹੈ....ਅੰਮ੍ਰਿਤਸਰ ਦਾ ਜੋੜ ਜੁੜਿਆ ਨਹੀਂ। ਸਾਡੇ ਕੋਲ ਜਿਹਾ ਹੋ ਕੇ ਆਂਹਦਾ - "ਓ ਬਾਬਿਓ, ਮੈਂ ਆਪਣੀ ਘਰ ਵਾਲੀ ਮਗਰ ਤੁਰਿਆ ਜਾਂਦਾ ਅੰਮ੍ਰਿਤਸਰ ਅੱਪੜ ਗਿਆਂ।" ਜ਼ੋਰ ਦੇ ਠਹਾਕੇ ਬਾਦ ਮੈਂ ਬਰਾੜ ਦਾ ਪਤਾ ਵੀ ਲਿਖ ਲਿਆ।

ਅੱਖ ਪਲਕਾਰੇ ਵਿਚ ਦੁਨੀਆ ਫਿਰ ਔਣ ਵਾਲਾ ਮਨ, ਹਿੰਦੂ ਚੱਕ ਦੀਆਂ ਗਲੀਆਂ ਵਿਚ ਫਿਰੀ ਜਾਂਦਾ ਏ। ਸੁਪਨੇ ਤਾਂ ਪਹਿਲਾਂ ਵੀ ਪਿੰਡ ਦੇ ਈ ਔਂਦੇ ਸਨ ਪਰ ਹੁਣ



Sri Satguru Jagjit Singh Ji eLibrary NamdhariElibrary@gmail.com

ਤਾਂ ਸੁਤਿਆਂ-ਜਾਗਦਿਆਂ ਓਥੇ ਈ ਗੇੜੇ ਕੱਢਣ ਲੱਗ ਪਿਆ। 7 ਨੂੰ ਜਲੰਧਰ 'ਵਰਿਆਮ' ਕੋਲ, 8 ਨੂੰ ਅੰਮ੍ਰਿਤਸਰ ਬਰਾੜ ਦੇ ਘਰੋਂ ਵੀਜ਼ੇ ਲੱਗੇ ਪਾਸਪੋਰਟ ਲੈ ਕੇ ਬੱਸ ਅੱਡੇ ਤੇ ਆ ਬੈਠਾ। ਕੁਝ ਚਿਰ ਪਹਿਲਾਂ ਹੀ ਆ ਬਹਿਣ ਕਰਕੇ, ਬੱਸ ਹਾਰਨਾਂ ਦਾ ਬੜਾ ਸ਼ੋਰ ਹੰਢਾਇਆ। ਜੇਹੜੇ ਮੇਜ਼ ਤੇ ਬੈਠਾ ਸਾਂ, ਕੋਲ ਇਕ ਪਾਲਸ਼ ਵਾਲਾ ਮੁੰਡਾ ਬੈਠਾ ਸੀ। ਏਹਦੇ ਕੋਲ ਔਣ ਵਾਲੇ ਕਈ ਕਿਸਮਾਂ ਦੇ ਲੋਕ ਵੇਖੇ। ਕੋਈ ਦੋ ਰੁਪੈ ਦੇਣ ਤੋਂ ਝਗੜਾ ਕਰਕੇ, ਇਕ ਹੀ ਦੇ ਕੇ ਤੁਰ ਗਿਆ। ਕੋਈ ਪੰਜ ਰੁਪੈ ਮੰਗਿਆਂ ਵੀਹ ਸੁੱਟ ਕੇ ਚਲਾ ਗਿਆ। ਜੇ ਇਸ ਇਕ ਘੰਟੇ ਦਾ ਵੇਰਵਾ ਲਿਖਣਾ ਸ਼ੁਰੂ ਕਰ ਦਿਆਂ ਤਾਂ ਕਈ ਸਫ਼ੇ ਭਰੇ ਜਾਣਗੇ। ਪਰ ਨਹੀਂ-ਮੈਂ ਤਾਂ ਪਾਕਿਸਤਾਨ ਜਾਣਾਂ ਏਂ .... ਏਥੇ ਰਸਤੇ ਵਿਚ ਉਲਝ ਗਿਆ ਤਾਂ ਓਥੇ ਕਿਵੇਂ ਪੁੱਜਾਂਗਾ।

ਤਿੰਨ ਕੁ ਵਜੇ ਮਾਸਟਰ ਅਮਰੀਕ ਸਿੰਘ ਜੀ ਤੇ ਬਲੀ ਸਿੰਘ ਨੂੰ ਆਇਆਂ ਵੇਖ ਕੇ ਚਾਅ ਚੜ੍ਹ ਗਿਆ। ਥ੍ਰੀਵੀਲਰ ਤੇ ਗੁਰਦੁਆਰਾ ਪਲਾਹ ਸਾਹਿਬ ਨੇੜੇ ਸੂਬਾ ਮੋਹਕਮ ਸਿੰਘ ਜੀ ਦੇ ਘਰ ਅਣ-ਅਰਜੇ ਚਰਨ ਪਾਣ ਦੀ ਕਿਰਪਾ ਕੀਤੀ। ਏਹ ਸ੍ਰੀ ਸਤਿਗੁਰੂ ਰਾਮ ਸਿੰਘ ਦੀ ਵਡਿਆਈ ਹੈ, ਕਿ ਨਾਮਧਾਰੀ ਦੇ ਘਰ ਕੁਵੇਲੇ ਵੀ ਕੋਈ ਸਾਡੇ ਵਰਗਾ ਵੇਹਲਾ ਆ ਧਮਕੇ ਤਾਂ 'ਜੀ ਆਇਆਂ, ਦਾ ਭਰਵਾਂ ਹੁੰਗਾਰਾ ਮਿਲਦਾ ਹੈ।

1957 ਦੀ ਗੱਲ ਚੇਤੇ ਆ ਗਈ ਹੈ-ਚੁਹਾਣ ਕੇ, ਤੋਂ ਦੋ ਮੱਝਾਂ ਖਰੀਦ ਕੇ ਪਿੰਡ-ਦੇ ਇਕ ਮੁੰਡੇ ਬਲਕਾਰ ਸ਼ਿੰਘ ਸਣੇ 'ਤਪੇ' ਨੂੰ ਤੁਰ ਪਏ। ਰਸਤੇ ਵਿਚ ਸ਼ਾਇਦ ਸਾਨੂੰ ਢਿੱਲਵੀਂ ਦੁਪਹਿਰਾ ਹੋ ਗਿਆ। ਦਲੀਆ ਦਾਣਾ ਸਾਡੇ ਕੋਲ ਹੈਗਾ ਸੀ। ਕਈ ਵੱਡੀਆਂ ਵੱਡੀਆਂ ਡਿਓੜੀਆਂ ਵਿਚੋਂ ਸਾਨੂੰ ਟੋਕਰੀ ਤੂੜੀ ਤੋਂ ਜਵਾਬ ਮਿਲਿਆ। ਇਕ ਦਰਖਤ ਹੇਠ ਖਲੋ ਕੇ ਅਸਾਂ ਪਿੰਡ ਨੂੰ ਬੁਰਾ-ਭਲਾ ਬੋਲਣਾ ਸ਼ੁਰੂ ਕਰ ਦਿੱਤਾ। ਕੋਲੋਂ ਲੰਘਦਿਆਂ 'ਚੋਂ ਕੋਈ ਵੀ ਸੁਣ ਕੇ ਕੁਸਕਿਆ ਨਾ। ਇਕ ਘਰੋਂ ਕੂੜਾ ਸੁੱਟਣ ਆਈ ਬੀਬੀ ਨੇ ਸੁਣ, ਸਮਝ, ਕੇ ਆਖਿਆ-"ਵੀਰਨੋ, ਪਿੰਡ ਦੇ ਪਰਲੇ ਪਾਸੇ ਇਕ ਤਖਾਣਾਂ ਕੂਕਿਆਂ ਦਾ ਘਰ ਹੈ, ਓਥੇ ਤੁਹਾਨੂੰ ਤੂੜੀ-ਦਾਣਾ-ਰੋਟੀ-ਪਾਣੀ ਸਭ ਕੁਝ ਮਿਲੇਗਾ।"

ਸੂਬਾ ਜੀ ਨੇ ਰਿਸ਼ਤੇਦਾਰਾਂ ਨਾਲੋਂ ਵਧ ਆਦਰ ਸੇਵਾ ਕੀਤੀ। ਦੋ ਦਿਨ ਪਹਿਲਾਂ-ਮੈਂ ਫੋਨ ਤੇ ਸੂਬਾ ਜੀ ਨੂੰ ਪਾਕਿਸਤਾਨੀ ਕਰੰਸੀ ਵਟਾਣ ਵਾਸਤੇ ਬੇਨਤੀ ਕੀਤੀ ਸੀ, ਓਹ ਵੀ ਮਿਲ ਗਈ। 19 ਤਰੀਕ ਸਵੇਰ ਦਾ ਲੰਗਰ ਡਟ ਕੇ ਛਕਣ ਬਾਅਦ, ਅੱਠ ਵਜੇ ਸਟੇਸ਼ਨ ਨੇੜੇ ਜੀ.ਟੀ.ਰੋਡ ਤੇ-ਸੂਬਾ ਜੀ ਨੂੰ ਕਾਰ ਸਮੇਤ ਵੇਹਲਿਆਂ ਕੀਤਾ ਕਿ ਹੋਰ ਕੰਮਕਾਰ ਵੀ ਕਰ ਸੱਕਣ। ਹੋਰ ਕੰਮ ਸੀ-14-15 ਅਪ੍ਰੈਲ ਸ੍ਰੀ ਭੈਣੀ ਸਾਹਿਬ ਸੰਗਤਾਂ ਨੂੰ ਮੇਲੇ ਤੇ ਪੁਚਾਣ ਦਾ।

ਅੰਮ੍ਰਿਤਸਰੋਂ ਲੋਕਲ ਬੱਸ ਅਟਾਰੀ ਤੱਕ ਹੀ ਜਾਂਦੀ ਹੈ। ਅੱਗੋਂ ਵਾਘਾ ਬਾਡਰ ਤੱਕ ਦੋ ਕਿਲੋਮੀਟਰ ਰਿਕਸ਼ਾ ਤੇ ਜਾਣਾ ਪਿਆ। ਜੇ ਬਾਡਰ ਤੱਕ ਟੈਕਸੀ ਜਾ



Sri Satguru Jagjit Singh Ji eLibrary NamdhariElibrary@gmail.com

ਸਕਦੀ ਹੈ ਤਾਂ ਬੱਸ ਕਿਉਂ ਨਹੀਂ ਜਾ ਸਕਦੀ ? ਖ਼ੈਰ, ਅਸਾਂ ਚਾਅ ਵਿਚ 45 ਬੱਸ ਵਾਲੇ ਨੂੰ ਅਤੇ 30 ਰਿਕਸ਼ੇ ਵਾਲਿਆਂ ਨੂੰ ਦਿੱਤੇ । ਵਾਘੇ ਅਜੇ ਰਿਕਸ਼ੇ ਵਿਚੋਂ ਉਤਰੇ ਵੀ ਨਹੀਂ ਸਾਂ ਕਿ ਇਕ ਨੰਬਰ ਦੇ ਦੁਕਾਨਦਾਰ ਨੇ ਸਾਡੇ ਬੈਗ ਰਿਕਸ਼ਿਆਂ ਤੋਂ ਆਪੇ ਲਾਹ ਕੇ ਆਪਣੇ ਮੇਜ਼ਾਂ ਤੇ ਟਿਕਾ ਲਏ । ਸਾਡੇ ਚਾਹ-ਪਾਣੀ ਵਲੋਂ ਨਿਰਾਸ਼ ਹੋ ਕੇ ਉਸ ਨੇ ਆਖਿਆ-ਐਹ ਪਿਛਲੀ ਦੁਕਾਨ ਤੋਂ ਕਰੰਸੀ ਵਟਾ ਲਓ । ਸਾਡੀ ਚੁੱਪ ਤੋਂ ਖਿਝ ਕੇ ਆਂਹਦਾ-ਪਾਸਪੋਰਟ ਵਿਖਾਓ .... ਕਿਤੇ ਰੇਲ ਤੇ ਜਾਣਾ ਨਾ ਲਿਖਿਆ ਹੋਵੇ ? ਅਸਾਂ ਵੀ ਓਵੇਂ ਹੀ ਆਖਿਆ-ਸਾਨੂੰ ਪਤਾ ਏ ਕਿਵੇਂ ਜਾਣਾ ਹੈ .... ਤੂੰ ਬਹੁਤੀ ਲੀਡਰੀ ਨਾ ਝਾੜ !

ਦਸ ਵਜੇ ਕਾਊਂਟਰ ਤੇ ਗਏ ਤਾਂ ਉਹਨਾਂ ਇਕ ਫਾਰਮ ਦੇ ਕੇ ਆਖਿਆ-ਭਰ ਲਿਆਓ । ਮੈਂ ਆਖਿਆ-ਮੈਨੂੰ ਤੇ ਬਰੀਕ ਹਿੰਦੀ, ਅੰਗਰੇਜ਼ੀ ਸਮਝ ਨਹੀਂ ਔਂਦੀ, ਆਪੇ ਭਰ ਲਓ । ਮੈਂ ਦਸਖ਼ਤ ਕਰ ਦਿੱਤੇ ਹਨ, ਕਹਿਣ-ਫੀਸ ਲੱਗੇਗੀ । ਕਿਹਾ, ਜੋ ਸਰਕਾਰੀ ਹੋਏਗੀ, ਦੇ ਦਿਆਂਗੇ । ਤਾਂ ਹੀ ਭਾਈ ਲਾਲ ਜੀ, ਹਜੂਰੀ ਰਾਗੀ, ਚੂਲਾ ਟੁੱਟਣ ਕਰਕੇ ਵੀਲਚੇਅਰ ਤੇ, ਚਾਰ ਪੰਜ ਸਾਥੀਆਂ ਸਣੇ ਆ ਪਹੁੰਚੇ । ਕਹਿਣ ਲੱਗੇ-ਭੈਣੀ ਸਾਹਿਬ ਦਰਸ਼ਨ ਮੇਲਾ ਕਰਕੇ ਆਏ ਹਾਂ । ਬਿਨਾਂ ਫੀਸੋਂ ਸਾਡੇ ਫਾਰਮ ਭਰਕੇ ਅੱਗੇ ਤੋਰ ਦਿੱਤਾ ਗਿਆ। ਕਸਟਮ ਵਾਲਿਆਂ ਸਾਡੇ ਬੈਗ ਗਿਣਕੇ ਹੱਦੋਂ ਪਾਰ ਕਰ ਦਿੱਤਾ ।

ਮੁਸ਼ਕਿਲ ਤਾਂ ਏਧਰ ਵੀ ਕੋਈ ਨਾ ਆਈ .... ਓਧਰ ਤਾਂ ਪਾਸਪੋਰਟ ਦਰਜ ਕੀਤੇ, ਨਗ ਲਿਖੇ, ਕਿਹਾ-ਜਾਓ । ਸ੍ਰ. ਕਲਿਆਨ ਸਿੰਘ ਪੱਤਰਕਾਰ ਮਿਲ ਗਿਆ, ਕਹਿੰਦਾ-ਜਿਵੇਂ ਜੀ ਕਰੇ ਘੁੰਮੋ ਫਿਰੋ .... ਬਹੁਤ ਅਜ਼ਾਦੀ ਹੈ । ਬਾਬਿਆਂ ਨੂੰ ਕਿਤੇ ਰੋਕ-ਟੋਕ ਨਹੀਂ

ਚੈਕਿੰਗ ਏਰੀਏ ਤੋਂ ਬਾਹਰ ਇਕ ਟੈਕਸੀ ਵਾਲੇ ਨੂੰ ਪੁਛਿਆ, ਕਹਿੰਦਾ 700 ਲੈਨੇ ਆਂ .... ਤੁਸੀਂ ਪੰਜ ਸੌ ਦੇ ਦਿਆ ਜੇ ਲਾਹੌਰ ਦਾ । ਏਨੇ ਚਿਰ ਨੂੰ ਉਥੇ ਆਮ ਚੱਲਣ ਵਾਲੀ 4 ਨੰਬਰ ਖਟਾਰਾ ਬੱਸ ਆ ਗਈ । ਜਿਸਨੇ 42 ਰੁਪੈ ਨਾਲ ਤਿੰਨਾਂ ਨੂੰ ਲਾਹੌਰ ਪੁੱਜਦਾ ਕਰ ਦਿੱਤਾ । ਅੰਮ੍ਰਿਤਸਰ ਤੋਂ ਲਾਹੌਰ ਤਕ, ਨਜ਼ਰਾਂ ਵੇਖਦੀਆਂ, ਦਿਮਾਗ ਜਾਇਜ਼ਾ ਲੈਂਦਾ ਰਿਹਾ, ਤਿੰਨੇ ਆਪਸ ਵਿਚ ਗੱਲਾਂ ਕਰਦੇ ਗਏ । ਸਾਡੀਆਂ ਬਣਾਈਆਂ ਹੱਦਾਂ ਕਿੰਨਾ ਫਰਕ ਪਾ ਦੇਂਦੀਆਂ ਨੇ । ਓਹੋ ਜ਼ਮੀਨ, ਓਹੋ ਪਾਣੀ, ਏਧਰ ਸਬਜ਼ਾ ਜ਼ਾਰ, ਓਧਰ ਉਡਦੀ ਧੂੜ, ਸਕਿਊਰਟੀ ਦਫਤਰਾਂ, ਪਾਰਕਾਂ, ਦੁਕਾਨਾਂ, ਪਿੰਡਾਂ, ਬੱਸ ਤੇ ਚੜ੍ਹਨ ਵਾਲੇ ਮੁਸਾਫਰਾਂ ਤੱਕ, ਸਾਫ ਦਿੱਸਦਾ ਹੈ । ਲੋਕ ਤਾਂ ਓਹੀ ਪੰਜਾਬੀ ਹਨ, ਬੋਲੀ ਓਹੀ ਪੰਜਾਬੀ ਹੈ, ਹਕੂਮਤਾਂ ਦਾ ਫਰਕ ਹੈ, ਧਾਰਮਕ ਵਿਸ਼ਵਾਸਾਂ ਦਾ ਫਰਕ ਹੈ । ਕਰੀਬ ਹਰ ਇਕ ਦੇ ਗਲ, ਗੁੱਟਾਂ ਤਕ ਬਾਹੀਂ ਵਾਲੀ-ਗੋਡਿਆਂ ਤਕ ਲੰਮੀ ਕਮੀਜ਼ ਹੈ । ਕੱਪੜਾ ਥੋੜ੍ਹਾ ਚੰਗਾ ਮੰਦਾ ਹੋ ਸਕਦਾ ਹੈ । ਪੈਂਟ ਜਾਂ 'ਤਹਿਮਦ' ਕਿਸੇ ਵਿਰਲੇ ਦੇ ਲੱਕ ਹੋਏਗਾ । ਆਮ ਤੌਰ ਤੇ ਪਠਾਣੀ ਸਲਵਾਰ ਈ ਚਲਦੀ ਹੈ । ਇਸਲਾਮੀ ਤਰਜ਼ਿ ਜ਼ਿੰਦਗੀ ਦਾ ਨਜ਼ਾਰਾ ਹਰ ਥਾਂ ਨਜ਼ਰੀ ਪੈਂਦਾ ਹੈ । ਪਰ ਪੰਜਾਬੀ ਸੁਭਾਅ ਦਾ ਖੁਲ੍ਹਾਪਨ ਵੀ ਹਰ ਥਾਂ ਦਿਖਾਲੀ ਦੇਂਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਪਾਕਿਸਤਾਨੀ ਸ਼੍ਰੋਮਣੀ ਕਮੇਟੀ ਦੇ ਗੁਰਦੁਆਰੇ ਵਿਚ ਕਮਰਾ ਲੈ ਕੇ ਸਾਮਾਨ ਟਿਕਾਇਆ । ਫਿਰ 'ਯਾਦਗਾਰਿ-ਪਾਕਿਸਤਾਨ' ਵਲ ਫਿਰਨ-ਤੁਰਨ ਚਲੇ ਗਏ । ਬੜੀ ਵਧੀਆ ਸੈਰਗਾਹ ਬਣੀ ਹੋਈ ਹੈ । ਅਸੀਂ ਤਿੰਨੇ ਚਿੱਟੇ ਕੱਪੜਿਆਂ ਤੇ ਚਿੱਟੀਆਂ ਦਾਹੜੀਆਂ ਵਾਲੇ ਜ਼ਰੂਰ ਹੀ ਅਜੂਬਾ ਜਾਪਦੇ ਹੋਵਾਂਗੇ । ਕਿਉਂ ਜੋ ਕਈਆਂ ਨੇ ਸਾਡੀਆਂ ਫੋਟੋ ਖਿੱਚੀਆਂ। ਕਈਆਂ ਨੇ ਸਾਡੇ ਨਾਲ ਖਲੋ ਕੇ ਬੜੇ ਇਸਰਾਰ ਨਾਲ ਫੋਟੋ ਖਿਚਾਈਆਂ । ਇਕ ਪਰਿਵਾਰ ਨੇ, ਬੱਚੇ ਸਾਡੇ ਕੋਲ ਬਿਠਾ ਕੇ ਫੋਟੋ ਖਿੱਚੀਆਂ । ਇੰਜ ਓਥੇ ਹੀ ਅਸਾਂ ਆਪਣੇ ਫਿਲਮੀ ਕੈਮਰੇ ਨਾਲ ਕੁਝ ਫੋਟੋ ਲਈਆਂ । ਪਰ ਬਾਦ ਸਾਨੂੰ ਸਮਝ ਆਈ ਕੈਮਰਾ ਕੰਮ ਨਹੀਂ ਕਰਦਾ ਪਿਆ ! ਸੋਚ ਲਿਆ ਚਲੋ ਏਹ ਵੀ ਇਕ ਫਾਲਤੂ ਕੰਮ ਸੀ, ਜਿਸ ਤੋਂ ਬਚਾਅ ਹੋ ਗਿਆ ।

ਭੁੱਖ ਲੱਗਣ ਤੇ ਫਲ-ਫਰੂਟ ਕਿਤੋਂ ਨਜ਼ਰ ਨਾ ਆਇਆ । ਕਿਲੇ ਤੋਂ ਮਸਜਿਦ ਤੋਂ ਅੱਗੇ ਜਾ ਕੇ, ਇਕ ਚੌਂਕ ਵਿਚ ਇਕ ਇਕਲੌਤੀ ਦੁਕਾਨ ਤੇ ਜਾ ਬੈਠੇ । ਘੱਟੇ ਰੰਗ ਦੇ ਮਿੱਠੇ ਖਰਬੂਜੇ ਖਾਂਦਿਆਂ, ਨਾਮਧਾਰੀ ਸੀਡਜ਼ ਬੰਗਲੌਰ ਦੀ ਯਾਦ ਆ ਗਈ ।

ਚਾਲੀ ਰੁਪੈ ਕਿਲੋ ਰੇਟ ਨੇ, ਮਿਠਾਸ ਘਟਾਣ 'ਚ ਜਤਨ ਕੀਤਾ .... ਸੇਬ਼ ਦੇ ਰੇਟ (120 ਰੁਪੈ ਕਿਲੋ) ਨੇ ਤਾਂ ਸੇਬ ਅਸਲੋਂ ਹੀ ਫਿੱਕੇ ਕਰ ਦਿੱਤੇ ।

ਬਜ਼ਾਰ ਜਾਣ ਲੱਗਿਆਂ ਦੇਖਿਆ, ਡੇਰੇ ਦੇ ਗੇਟ ਤੇ ਪੀ.ਸੀ.ਓ. ਖੁਲ੍ਹੀ ਹੋਈ ਹੈ । ਜੱਕੋ-ਤੱਕੀ ਕਰਦਿਆਂ, ਹਾਂਸੀ ਚ ਮਿਲੇ ਕੁਝਰਾਂ ਵਾਲੇ ਦੇ ਜ਼ਾਹਿਦ ਮੁਮਤਾਜ਼ ਨੂੰ ਫੋਨ ਕਰਨ ਦਾ ਮਨ ਬਣਾਇਆ । ਜੱਕੋ-ਤੱਕੀ ਇਸ ਵਾਸਤੇ ਕਿ ਉਸਨੇ ਆਪਣਾ ਪਿਛੋਕੜ ਹੁਸ਼ਿਆਰਪੁਰ ਦੱਸਿਆ ਸੀ । .... ਤੇ ਮੇਰਾ ਨਿੱਜੀ ਤਜਰਬਾ ਇਸ ਸ਼ਹਿਰ ਬਾਰੇ ਇਸ ਤਰ੍ਹਾਂ ਦਾ ਸੀ, ਕਿ ਇਕ ਨਾਮਧਾਰੀ ਮਿੱਤਰ ਨੇ, ਇਕ ਕੰਮ ਦੇ ਮਸਲੇ' ਚ' ਮੈਨੂੰ ਏਨਾ ਪ੍ਰੇਸ਼ਾਨ ਕੀਤਾ, ਮੈਂ ਓਹਦੇ ਮੂੰਹ ਤੇ ਹੀ ਇੰਜ ਆਖਣ ਤੇ ਮਜਬੂਰ ਹੋ ਗਿਆ, ਸ਼ਹਿਰ ਦਾ ਨਾਂਅ 'ਹੁਸ਼ਿਆਰਪੁਰ' ਏਥੋਂ ਦੇ ਲੋਕਾਂ ਦੀਆਂ ਖ਼ਸਲਤਾਂ ਕਰਕੇ ਹੀ ਪਾਇਆ ਜਾਪਦਾ ਹੈ । ਮੁਮਤਾਜ਼ ਨੇ ਇਹ ਵੀ ਦੱਸਿਆ ਸੀ, ਇਸ ਇਲਾਕੇ 'ਚੋਂ ਜਾਣ ਵੇਲੇ ਮੈਂ ਚਾਰ ਕੁ ਮਹੀਨਿਆਂ ਦਾ ਹੀ ਸਾਂ । ਸੋ, ਏਹ ਸੋਚਕੇ ਹੌਂਸਲਾ ਕਰ ਲਿਆ, ਓਹਦੀ ਪਰਵਰਿਸ਼ ਤਾਂ ਕੁਝਰਾਂਵਾਲੇ ਦੀ ਪੌਣ-ਪਾਣੀ ਨਾਲ ਹੋਈ ਹੈ । ਓਹਦਾ ਅਸਰ ਜ਼ਰੂਰ ਹੋਇਆ ਹੋਏਗਾ । .... ਤੇ ਫੋਨ ਕੀਤਿਆਂ ਗੱਲ ਠੀਕ ਸਾਬਤ ਹੋ ਗਈ । ਫੋਨ ਤੇ 'ਸਾਧੂ ਸਿੰਘ ਕਿਸਾਨ' ਸੁਣ ਕੇ, ਜ਼ਾਹਿਦ ਚੇਤਾ ਕਰਦਾ ਜਾਪਿਆ .... ਤਾਂ ਮੈਂ ਆ ਵੇਖਿਆ ਨਾ ਤਾ, ਦੂਸਰਾ ਹਮਲਾ ਕਰ ਦਿੱਤਾ- "ਹਾਂਸੀ ਮੇਲੇ- ਦੋ ਕੁਝਰਾਂਵਾਲੀਏ ਬਾਬਿਆਂ ਦਾ ਚੇਤਾ ਕਰੋ !" ਬਸ ਫਿਰ ਕੀ ਸੀ, ਮੁਮਤਾਜ਼ ਆਪਣੇ ਅਸਲੀ ਰੰਗ ਵਿਚ ਆ ਗਿਆ, ਜੇਹੜੇ ਰੰਗ ਨੇ ਛੇਵੇਂ ਦਿਨ ਵਿਛੜਨ ਵੇਲੇ ਸਾਨੂੰ ਹੰਝੂਆਂ ਦੇ ਰੰਗ ਵਿਚ ਡੋਬ ਦਿੱਤਾ । ਉਹ ਵਕਤ ਚੇਤੇ ਆ ਕੇ ਹੁਣ ਵੀ ਅੱਖਾਂ ਸਿੱਲ੍ਹੀਆਂ ਹੋ ਗਈਆਂ ਨੇ । ਫੋਨ ਤੇ ਪੁੱਛਦਾ, "ਕਿਥੇ ਕੁ ਖਲੋਤੇ ਓਂ ?" ਅਸਾਂ ਲਾਹੌਰ ਗੁਰਦੁਆਰੇ ਦਾ ਗੇਟ ਦੱਸਿਆ ਤਾਂ



Sri Satguru Jagjit Singh Ji eLibrary NamdhariElibrary@gmail.com

ਕਹਿੰਦਾ- "ਬਸ ਹੁਣ ਕਿਤੇ ਜਾਇਓ ਨਾ .... ਮੈਂ ਆਇਆ ਕਿ ਆਇਆ ।"

ਅਸਾਂ ਪੀ.ਸੀ.ਓ. ਵਾਲੇ ਨੂੰ ਪੁਛਿਆ, "ਕਿੰਨਾ ਸਫ਼ਰ ਹੈ, ਤੇ ਕਿੰਨਾ ਵਕਤ ਲੱਗੇਗਾ ?" ਕਹਿੰਦਾ- "70-80 ਕਿਲੋਮੀਟਰ ਸਫ਼ਰ ਐ.... ਰਾਤ ਦਾ ਵਕਤ ਏ, ਦੋ ਘੰਟੇ ਤੋਂ ਵਧ ਈ ਲੱਗਣਗੇ ।" ਬਾਜ਼ਾਰੋਂ ਖਰਬੂਜ਼ੇ ਖਾ ਕੇ, ਦੋ ਤਿੰਨ ਸੌਦੇ ਲੈ ਕੇ, ਹਨੇਰੇ ਪਏ ਜਦੋਂ ਵਾਪਸ ਆਏ ਤਾਂ ਗੇਟ ਤੇ ਮੁਮਤਾਜ਼ ਸਾਡੇ ਬਾਰੇ ਹੀ ਪੁੱਛ-ਪੜਤਾਲ ਕਰਦਾ ਪਿਆ ਸੀ ।....

ਸਾਨੂੰ ਵੇਖ ਕੇ-ਆਓ ਬਾਬਿਓ ! ਸਾਮਾਨ ਕਿੱਥੇ ਜੇ ? ਸਾਡੇ ਬੈਗ ਕਾਰ ਦੀ ਡਿੱਗੀ ਚ ਰੱਖ ਕੇ-ਸਾਨੂੰ ਬਿਠਾਂਦਾ ਹੋਇਆ ਫੁਰਰ ਹੋ ਗਿਆ ।

ਹਨੇਰੇ ਵਿੱਚ ਦੱਸੀ ਗਿਆ-ਇਹ ਸ਼ਾਹਦਰਾਏ-ਇਹ ਮੁਰੀਦ ਕੇ- ਇਹ ਕਾਮੋਕੇ- ਇਹ ਰੋਡ ਏਮਨਾਬਾਦ ਜਾ ਰਹੀ ਏ । ਇਹ ਸੱਜੇ ਹੱਥ 'ਠੇਰੀ ਸਾਂਸੀ' ਦਾ ਸਟੇਸ਼ਨ ਹੈ । ਸੁਣ ਕੇ-ਮੇਰੇ ਮੂੰਹੋਂ ਅਚਾਨਕ ਵੱਡਾ ਸਾਰਾ ਹੌਕਾ ਨਿਕਲ ਗਿਆ । ਕਹਿੰਦਾ-ਜਾਪਦੈ ! ਕਿਸੇ ਪੁਰਾਣੀ ਯਾਦ ਨੇ ਸਿਰ ਚੁੱਕਿਐ । ਏਹ ਕੁਝਰਾਂ ਵਾਲੇ ਦਾ ਥਾਣਾਂ ਸਦਰ ਹੈ । ਮਾ: ਜੀ ਨੇ ਆਖਿਆ-ਏਹਦੇ ਨਾਲ ਹੀ ਗੌਰਮਿੰਟ ਸਕੂਲ ਹੋਂਦਾ ਸੀ ਜਿਦ੍ਹੇ ਵਿਚੋਂ ਮੈਂ ਦੱਸਵੀਂ ਕਰ ਕੇ ਗਿਆ ਸਾਂ ।

ਮੁਮਤਾਜ਼ ਕਹਿੰਦਾ-ਸੀ-ਨਹੀਂ : ਹੈ ਵੇ । ਐਹ ਜੀ.ਟੀ.ਰੋਡ ਦੇ ਨਾਲ ਬਿਲਡਿੰਗ ਦੀ ਕੰਧ ਏ,

ਥਾਣੇਂ ਸਾਂਹਵੇ ਬੜਾ ਖੁੱਲ੍ਹਾ ਦੁਸੈਹਰਾ ਗ੍ਰਾਊਂਡ ਹੋਂਦਾ ਸੀ, ਹੁਣ ਤਾਂ ਆਬਾਦੀ ਨੇਂ ਹੀ ਸਾਰਾ ਮੱਲਿਆ ਪਿਐ ।

ਐਹ ਆ ਗਿਆ ਸ਼ਹਿਰ ਦਾ ਰੇਲਵੇ ਸਟੇਸ਼ਨ-ਜੋ ਏਥੇ ਹੋਂਦਾ ਸੀ, ਹੁਣ ਬੰਦ ਕਰ ਦਿੱਤਾ ਗਿਆ ਹੈ । ਦੂਸਰੇ ਨੂੰ ਵੱਡਾ ਕਰ ਦਿੱਤਾ ਹੈ । ਸ਼ਹਿਰ ਦੇ ਦੋਹੀਂ ਪਾਸੀਂ ਦੁਰੇਡੇ ਬਾਈਪਾਸ ਹਨ-ਅਖੀਰਲਾ ਚੌਂਕ ਪਿੰਡੀ ਚੌਂਕ ਹੈ-ਜਿਥੋਂ ਬਾਈਪਾਸ ਜੀ.ਟੀ. ਰੋਡ ਨਾਲ ਮਿਲਦੇ ਹਨ ।

ਮੁਮਤਾਜ਼ ਆਪ ਮੁਹਾਰੇ ਗੱਲਾਂ ਕਰੀ ਜਾ ਰਿਹਾ ਸੀ-ਤੇ ਮੇਰਾ ਖ਼ੂਨ ਸਿਰ ਨੂੰ ਚੜ੍ਹੀ ਜਾ ਰਿਹਾ ਸੀ-ਕੀ ਮੈਂ ਆਪਣੇ ਬਚਪਨ ਦੇ ਮਿੱਠੇ ਸ਼ਹਿਰ ਵਿਚ ਆ ਗਿਆ ਹਾਂ ? ਮੇਰੀ ਜ਼ਿੰਦਗੀ ਦਾ ਸਭ ਤੋਂ ਪਿਆਰਾ ਸੁਪਨਾਂ ਸਾਕਾਰ ਹੋ ਰਿਹੈ ?

ਤਾਂਹੀਓ ਜ਼ਾਹਿਦ ਨੇਂ ਮੋੜ ਕੱਟਦਿਆ ਆਖਿਆ-ਇਹ ਸਾਡੇ ਮਰਹੂਮ ਵਾਲਿਦ ਸਾਹਿਬ ਦਾ ਵਸਾਇਆ- 'ਨਿਆਜ਼ ਹਾਊਸ ਹੈ । ਇਸ ਨੂੰ ਰਵਾਜ ਮੁਤਾਬਕ ਅਸੀ ਗਰੀਬ ਖਾਨਾ ਕਹਿਣ ਤੋਂ ਗੁਰੇਜ਼ ਕਰਨੇਂ ਆਂ-ਕਿਓ ਕੇ ਇਹ ਸਾਡੇ ਦਰਿਆ ਦਿਲ ਵ੍ਾਲਿਦ ਸਾਹਿਬ ਦੇ ਨਾਂ ਤੇ ਵੱਸਿਆ ਹੋਇਆ ਦੌਲਤ ਖਾਨਾਂ ਹੈ । ਏਥੇ ਕਿਸੇ ਚੀਜ਼ ਦੀ ਘਾਟ ਨਹੀਂ-ਰੋਟੀ-ਪਾਣੀ-ਲਿਆਕਤ-ਸ਼ਫਕਤ ਏਥੇ ਡੁਲ੍ਹ ਡੁਲ੍ਹ ਪੈਂਦੀਆਂ ਨੇਂ ।



Sri Satguru Jagjit Singh Ji eLibrary NamdhariElibrary@gmail.com

ਸ਼ਾਮ ਨੂੰ ਦਸ ਵਜੇ ਘਰੋਂ ਮਿਠਾਈ ਵਗੈਰਾ ਖਿਲਾ ਕੇ-11 ਵਜੇ-ਕੁਨਬੇ ਵਿਚ ਇਸ ਵੇਲੇ ਸਭ ਤੋਂ ਉਮਰ ਦਰਾਜ਼ ਆਪਣੇ ਚੱਚਾ ਜਾਨ ਦੇ ਘਰ ਲੈ ਗਿਆ। ਅਸਾਂ ਆਖਿਆ ਸਵੇਰੇ ਮਿਲ ਪੈਂਦੇ-ਰਾਤ ਕੁਵੇਲੇ ਬਜ਼ੁਰਗਾਂ ਨੂੰ ਬੇ ਅਰਾਮ ਕਰਾਂਗੇ-ਪਰ ਕਾਹਨੂੰ ਜੀ! ਸਾਡੇ ਜਾਂਦਿਆ ਨੂੰ 90 ਸਾਲਾ ਸਿੱਧਾ ਸਤੌਰ ਜਵਾਨ-ਸਾਡੀ ਇੰਤਜ਼ਾਰ ਵਿਚ ਚਿਹਲ ਕਦਮੀ ਕਰੀ ਜਾ ਰਿਹਾ ਸੀ।

ਸਾਡੇ ਤਿੰਨਾਂ ਦੇ-ਵਾਰੀ-ਵਾਰੀ ਤਿੰਨ ਵਾਰ ਗਲੇ ਮਿਲਿਆ-ਜਿਵੇਂ ਕਦੀ ਪੁਰਾਣੀਆਂ ਸਹੇਲੀਆਂ ਪਿਆਰ ਨਾਲ ਰਾਮ ਸੱਤ ਕਰਿਆ ਕਰਦੀਆਂ ਸਨ। ਬੜੇ ਮੋਹ ਨਾਲ ਖੁਸ਼ਆਮਦੀਦ ਆਖੀ-ਅੱਲਾ ਤਾਲਾ ਦਾ ਸ਼ੁਕਰ ਏ-ਏਹ ਰਬਾਨੀ ਸੂਰਤਾ-ਭਾਵੇਂ ਦੇਰ ਬਾਦ ਈ ਸਹੀ-ਆਣ ਮਿਲੀਆਂ ਨੇਂ।

ਇਹਨਾਂ ਸਾਡੇ ਅਗੇ ਏਨੀ ਕਿਸਮ ਦੀ ਬਰਫੀ ਪਰੋਸੀ-ਅਸਾਂ ਵੇਖ ਕੇ ਸ਼ੰਕਾ ਜਾਹਰ ਕੀਤਾ-ਕੋਈ ਅੰਡੇ ਵਾਲੀ ਚੀਜ਼ ਨਾਂ ਹੋਵੇ। ਬਜ਼ੁਰਗ ਨੇਂ ਫੁਰਮਾਇਆ-ਮੈਨੂੰ ਪਤਾ ਹੈ-ਨਾਮਧਾਰੀਏ ਵੈਸ਼ਨੋਂ ਹੋਂਦੇ ਨੇ-ਤੁਸੀ ਬੇਫਿਕਰ ਹੋਕੇ ਖਾਓ! ਅਸਾਂ ਓਹ ਮਿਠਾਈਆਂ ਸਿਰਫ ਟੈਸਟ ਹੀ ਕੀਤੀਆਂ-ਸਵੇਰ ਨੂੰ ਮੇਰੇ ਪੇਟ ਵਿਚ ਉਸਲ ਵੱਟੇ ਲੈਣ ਲੱਗ ਪਈਆਂ।

ਰਾਤ ਕਵੇਲੇ ਘਰ ਆਏ ਤਾਂ 4-5 ਘਰ ਦੇ ਮਰਦ, 8-7 ਹੋਰ ਦੋਸਤ ਸਾਡੀ ਇੰਤਜ਼ਾਰ ਵਿਚ ਬੈਠੇ ਸਨ। ਸਾਰੇ ਇਸ ਤਰਾਂ ਬਗਲ ਗੀਰ ਹੋ ਕੇ ਮਿਲੇ-ਜਿਵੇਂ ਚਿਰਾਂ ਦੇ ਵਿਛੜੇ ਦੋਸਤ ਹੋਣ। ਇਹ ਪੰਜ ਭਰਾ ਹਨ-ਸਭ ਤੋਂ ਵੱਡਾ ਇਹੋ ਜ਼ਾਹਿਦ ਮੁਮਤਾਜ਼ ਹੈ, ਜੋ ਐਡਵੋਕੇਟ ਹੈ-ਪਰ ਇਸ ਦੀ ਵਕਾਲਤ-ਸਾਡੇ ਵਿਰਕ ਵਾਂਗ-ਆਮ ਲੋਕਾਂ ਤੇ ਸਜਣੈਗੀਆਂ ਦੀ ਭੇਟ ਚੜ੍ਹੀ ਰਹਿੰਦੀ ਹੈ। ਇਸ ਤੋਂ ਛੋਟਾ ਡੀ.ਐਸ.ਪੀ. ਹੈ-ਜਿਸਦੀ ਜ਼ਬਾਨ ਇਤਨੀ ਮੁਲਾਇਮ ਹੈ-ਬਰਦੀ ਪਾਇਆਂ ਬਿਨਾਂ ਪਤਾ ਨਹੀ ਲੱਗਦਾ ਕਿ ਪੁਲਿਸ ਅਫਸਰ ਹੈ। ਇੱਕ ਡਾਕਟਰ ਹੈ-ਇੱਕ ਸਿਖਿਆ ਸ਼ਾਸਤਰੀ ਹੈ-ਇੱਕ ਬੜੀ ਲੰਮੀ ਚੌੜੀ ਕਈ ਪਿੰਡਾਂ-ਸ਼ਹਿਰਾ ਵਿਚ ਖਿੰਡੀ ਜਾਇਦਾਦ ਨੂੰ ਸੰਭਾਲਣ ਦਾ ਜ਼ਿੰਮੇਵਾਰ ਹੈ। ਇਕ ਵਜੇ ਮਾ: ਜੀ ਦੇ ਝੂਲੇ ਚੜ੍ਹੇ ਸੀਸ ਨੇਂ-ਇਸ ਮਹਿਫਿਲ ਚੋਂ ਇਜਾਜ਼ਤ ਦਿਲਾਈ। ਕਹਿੰਦੇ-ਤਿੰਨ ਵਜੇ ਤਕ ਰਤਜਗਾ ਸਾਡੀ ਨਿੱਤ ਦੀ ਆਦਤ ਹੈ। ਤੁਸੀ ਸੌਂ ਜਾਓ-ਥੱਕੇ ਹੋਏ ਓ!

ਦੱਸ ਤਰੀਕ-ਦੱਸ ਵਜੇ ਐਲਾਨ ਹੋ ਗਿਆ-ਤਿਆਰ ਹੋ ਜਾਓ! ਤੁਹਾਡੇ ਨਾਨਕੇ 'ਕੁੱਲ ਬਾਜਵੇ, ਦੀ ਜ਼ਿਆਰਤ ਕਰਾ ਲਿਆਣੀ ਏ। ਅਸਾਂ ਸੋਚਿਆ-ਕੋਈ ਟੈਕਸੀ ਵਗੈਰਾ ਤਾਂ ਆਈ ਨਹੀਂ-ਬਾਜ਼ਾਰੋਂ ਲੈਣੀ ਹੋਇਗੀ। ਪਰ ਨਹੀਂ-ਜ਼ਾਹਿਦ ਆਪਣੀ ਗੱਡੀ ਲੈ ਕੇ-ਆਪ ਹੀ ਜਾ ਰਿਹਾ ਸੀ। 'ਡਸਕੇ, ਦੇ ਰਸਤੇ ਵਿਚ-ਨੰਦੀ ਪੁਰ ਦੀ ਝਾਲ ਔਂਦੀ ਸੀ-ਜਿਦ੍ਹੇ ਉਤੇ ਹੁਣ ਨਿੱਕਾ ਜਿਹਾ ਬਿਜਲੀ ਘਰ ਬਣਾਇਆ ਗਿਆ ਹੈ। ਡਸਕੇ ਤੋਂ ਪਸਰੂਰ ਨੂੰ ਚੱਲੇ ਤਾਂ ਸੜਕ ਪੱਕੀ-ਪਰ ਖਸਤਾ ਹਾਲ। ਪਸਰੂਰੋਂ ਥੋੜੇ ਕਿਲੋ ਮੀਟਰ ਪਹਿਲਾਂ ਇਕ ਵੱਡੀ ਨਹਿਰ ਆਈ-ਇੰਜ ਲਗਦੈਂ-ਜਿਵੇ-ਏਹਨਾਂ ਕੋਲ ਸਾਡੇ ਨਾਲੋਂ ਪਾਣੀ ਬਹੁਤਾ ਹੋਵੇ।



Sri Satguru Jagjit Singh Ji eLibrary NamdhariElibrary@gmail.com

ਨਵੀਆਂ ਨਹਿਰਾ, ਸੂਏ ਬਹੁਤ ਕੱਢੇ ਹੋਏ ਨੇ-ਪਰ ਨਹਿਰਾਂ-ਸੜਕਾਂ ਦੀ ਸਾਂਭ-ਸੰਭਾਲ ਸਾਡੇ ਵਰਗੀ ਨਹੀਂ। ਪੁਰਾਣੇ ਖੂਹ ਤਾਂ ਅਸਲੋਂ ਖ਼ਤਮ ਹੋ ਗਏ ਨੇਂ-ਟਿਊਵੈਲ ਵੀ ਵਿਰਲੇ ਹੀ ਨੇਂ। ਨਹਿਰੀ ਪਾਣੀ ਹੀ ਏਨਾ ਏਂ ਜਿਵੇ ਵਾਧੂ ਫਿਰਦਾ ਹੋਵੇ।

ਪੁੱਛ ਪੁਛਾ ਕੇ ਆਪਣੇ ਨਾਣਕੇ ਕੁੱਲ ਬਾਜਵੇ ਅੱਪੜ ਗਏ। ਸਾਡੀ ਤੀਸਰੀ ਜ਼ਿੰਦਾ ਮਾਤਾ ਦੇ ਪੇਕੇ-ਥੋੜਾ ਜਿਹਾ ਮਨ ਬਦਲ ਕੇ, ਓਥੇ ਈ ਰਹਿ ਗਏ ਸਨ। ਮੇਰਾ ਹਾਣੀ ਮਾਮਾਂ ਲੱਖਾ ਸਿੰਘ-ਓਥੇ ਗਿਆਂ ਪਤਾ ਲੱਗਾ-ਦੋ-ਢਾਈ ਸਾਲ ਹੋਏ ਨੇ ਫੌਤ ਹੋ ਗਿਆ ਹੈ। ਹੋਰ ਪੁਰਾਣਾ ਜਾਣੂੰ ਕੋਈ ਲੱਭਿਆ ਨਾਂ। ਛੋਟੇ ਮਾਂਮੇ ਬੀਰੂ ਸਿੰਘ-ਨਵਾਂ ਨਾਂ ਇਨੈਤ ਅਲੀ ਨੂੰ ਮਿਲ ਕੇ-ਦੋ ਘੰਟਿਆਂ ਚ ਵਾਪਸ ਮੁੜ ਪਏ। ਉਂਜ ਮਾਮਿਆਂ ਦੇ ਸਿਆਣੇ ਨੌਜਵਾਨ ਪੁੱਤ-ਪੋਤਿਆਂ ਨੇ ਦੱਸਿਆ-ਸਾਡੇ ਵਡਿਆਂ ਨੇ ਏਥੇ ਰਹਿ ਕੇ ਗ਼ਲਤੀ ਕੀਤੀ ਹੈ।

ਵਾਪਸ ਕੁਝਰਾਂਵਾਲੇ (ਗੁਜਰਾਂ ਵਾਲੇ) ਆ ਕੇ, ਜ਼ਾਹਿਦ ਨੇ ਇਕ ਨਿਹਾਇਤ ਖੂਬਸੂਰਤ ਸਫੈਦ ਰੇਸ਼ ਬੜੀ ਮਿੱਠੀ ਪੰਜਾਬੀ ਬੋਲਣ ਵਾਲੇ ਇਨਸਾਨ ਨਾਲ ਮੁਲਾਕਾਤ ਦਾ ਸ਼ਰਫ ਹਾਸਲ ਕਰਾਇਆ, ਜਿਸ ਦੇ ਫਾਰਸੀ ਦੇ ਸ਼ਿਅਰ, ਸ਼ਹਿਰ ਦੇ ਖਾਸ ਥਾਵਾਂ ਤੇ ਖੁਦੇ ਹੋਏ ਹਨ। ਫਿਰ ਇਕ ਹੋਰ ਜ਼ਾਹਿਦ ਮਲਿਕ ਦੇ ਘਰ ਲੈ ਗਿਆ, ਉਚਾ ਲੰਮਾ ਜਵਾਨ, ਪਰ ਮੇਰੀ ਜਾਚੇ ਸਿਹਤ ਵਧੀਆ ਨਹੀਂ ਸੀ। ਬਾਅਦ ਗੱਲਾਂ ਕਰਦਿਆਂ ਪਤਾ ਲੱਗਾ-ਅਮੀਰੀ ਬਹੁਤ ਹੈ .... ਬਾਹਰੋਂ ਵੀ ਬਹੁਤ ਪੈਸਾ ਆਉਂਦਾ ਹੈ। ਇੰਜ ਲੱਗਿਆ, ਅਮੀਰੀ ਨੇ ਰੋਗਾਂ ਦੀ ਅਲਾਮਤ ਅਖ਼ਤਿਆਰ ਕਰ ਲਈ ਹੈ। ਇਸ ਨੇ, ਇਕ ਯੂਨੀਵਰਸਿਟੀ, ਦੂਸਰੀ ਕਾਲਜ ਪੜ੍ਹਦੀ ਦੋ ਨੌਜਵਾਨ ਲੜਕੀਆਂ ਨੂੰ ਘਰੋਂ ਬੁਲਾ ਕੇ, ਸਾਨੂੰ ਸਲਾਮ ਕਰਾਈ। ਅਸਾਂ ਤੰਦਰੁਸਤ ਰਹਿਣ ਤੇ ਵਧੀਆ ਪੜ੍ਹਾਈ ਕਰਨ ਦੀ, ਰੱਬ ਤੋਂ ਉਨ੍ਹਾਂ ਦੇ ਹੱਕ ਵਿਚ ਦੁਆ ਮੰਗੀ ਤਾਂ, ਬੱਚੀਆਂ ਬੜੀਆਂ ਖੁਸ਼ ਹੋਈਆਂ।

ਵੱਡਾ ਜ਼ਾਹਿਦ, ਛੋਟੇ ਜ਼ਾਹਿਦ ਵਾਲੀ ਨਵੀਂ ਨਕੋਰ ਕੋਰੋਲਾ ਕਾਰ ਵਿਚ ਸਾਨੂੰ ਬਿਠਾ ਕੇ ਆਪ ਲਾਹੌਰ, ਦੋ ਹੋਰ ਭਾਰਤੋਂ ਆ ਰਹੇ ਸਾਹਿਤਕਾਰ ਦੋਸਤਾਂ ਨੂੰ ਲੈਣ ਚਲਾ ਗਿਆ। ਇੰਜ ਲਗਦੈ, ਇਸ ਨੂੰ ਅਦਬੀ ਆਮਦ ਬਿਨਾਂ ਹੋਰ ਕੋਈ ਕੰਮ ਈ ਨਹੀਂ। ਅਸੀਂ ਕੋਰੋਲਾ ਵਿਚ ਫਿਰੋਜ਼ਵਾਲਾ ਪੁਲ ਨੂੰ ਇਕ ਊਬੜ-ਖਾਬੜ ਬਾਜ਼ਾਰ ਵਿਚੋਂ ਹੋ ਲਏ। ਮੈਨੂੰ ਪਿੰਡ ਹੀ ਪਤਾ ਲੱਗਾ ਸੀ, ਮੇਰੇ ਸੋਹਣੇ ਦੋਸਤ 'ਬਸ਼ੀਰ' ਨੇ ਇਸ ਬਾਜ਼ਾਰ ਵਿਚ, ਦਰਜੀ ਦੀ ਵੱਡੀ ਦੁਕਾਨ ਚਲਾਈ ਹੋਈ ਹੈ। ਦੁਕਾਨਾਂ ਦੇ ਬੋਰਡ ਪੜ੍ਹਦੇ ਗਏ, ਜਿਥੇ ਵੀ ਰਤਾ ਸ਼ੱਕ ਪਿਆ, ਗੱਡੀ ਰੋਕ ਲਈ। ਬਥੇਰੀ ਪੁੱਛ-ਪੜਤਾਲ ਕੀਤੀ, ਕਿਤੋਂ ਸੂਹ ਨਾ ਮਿਲੀ। ਪੁਲ ਤੋਂ ਕਿੱਲਾ ਕੁ ਪਹਿਲਾਂ ਹੀ, ਨਹਿਰ ਦੇ ਨਾਲ ਬਣੇ ਬਾਈਪਾਸ ਤੇ ਕਾਰ ਮੋੜ ਲਈ। ਪਿੱਪਲੀ ਵਾਲਾ ਪੁਲ ਤੋਂ ਨਹਿਰ ਪਾਰ ਕਰਕੇ, ਇਸੇ ਨਾਂਅ ਦੇ ਨਿੱਕੇ ਪਿੰਡ ਵਿਚੋਂ, ਜਦੋਂ ਚੜ੍ਹਦੇ ਨੂੰ ਮੂੰਹ ਕੀਤਾ, ਅੱਧੇ ਕੁ ਮੀਲ ਤੇ ਮੇਰਾ ਪਿੰਡ 'ਹਿੰਦੂ ਚੱਕ' ਦਿਸਣ ਲੱਗ ਪਿਆ। ਏਹ ਓਹੋ ਰਸਤਾ, ਪਹਿਲਾਂ ਪਗਡੰਡੀ ਸੀ, ਜਿਦ੍ਹੇ ਤੋਂ ਲੰਘਦਿਆਂ ਮੈਂ ਬਸ਼ੀਰ ਨਜ਼ੀਰ ਨੂੰ ਆਖਿਆ ਸੀ,



Sri Satguru Jagjit Singh Ji eLibrary NamdhariElibrary@gmail.com

"ਇਹ ਪਿੰਡ ਦੁਬਾਰਾ ਨਹੀਂ ਵੇਖ ਸੱਕਣਾ !" ਮੇਰੀ ਆਖੀ ਗੱਲ-ਪੁੱਠੇ ਪਾਸੇ ਨੂੰ ਸੱਚ ਹੋ ਗਈ । ਜਦੋਂ ਪਿੰਡ ਜਾ ਕੇ ਪਤਾ ਲੱਗਾ ਪਿੰਡ ਤਾਂ ਵੇਖ ਲਿਆ .... ਪਰ ਮੇਰੇ ਓਹ ਦੋਵੇਂ ਜਿਗਰੀ ਯਾਰ, ਮੇਰੇ ਔਣ ਤੋਂ ਪਹਿਲਾਂ-ਪਿੰਡ ਹੀ ਨਹੀਂ, ਏਹ ਜਹਾਨ ਵੀ ਛੱਡ ਚੁੱਕੇ ਨੇ । ਕਾਲਜਾ ਧੱਕ ਕਰਕੇ ਰਹਿ ਗਿਆ । ਜੇ ਪਹਿਲਾਂ ਪਤਾ ਲੱਗ ਜਾਂਦਾ, ਉਨ੍ਹਾਂ ਤੋਂ ਖਾਲੀ ਏਹ ਪਿੰਡ ਵੇਖਣ ਈ ਨਾ ਔਂਦਾ । ਨਾ ਉਹ ਖੂਹ ਨਾ ਉਹ ਪਿੱਪਲ ਬੋਹੜਾਂ ! ਕੁਝ ਵੀ ਤੇ ਨਹੀਂ ਸੀ ਬਚਿਆ ਵੇਖਣ ਨੂੰ ! ਨਾ ਭੈਣ ਭਰਜਾਈ ਦਾਰਾਂ .... ਨਾ ਮੇਰੀ ਸਭ ਤੋਂ ਸੋਹਣੀ ਤੇ ਮਟਕੀਲੀ ਭਾਬੀ ਆਇਸ਼ਾਂ । ਗਲੀਆਂ ਵਿਚੋਂ ਲੰਘਦਿਆਂ ਆਪਣਾ ਘਰ ਤਾਂ ਲੱਭ ਲਿਆ, ਪਰ ਉਹ ਵੀ ਚਾਰ-ਪੰਜ ਹਿੱਸਿਆਂ ਵਿਚ ਵੰਡਿਆ ਹੋਇਆ । ਇਕ ਗੱਲ ਨੇ ਥੋੜ੍ਹੀ ਤਸਕੀਨ ਦਿੱਤੀ, ਕਿ ਹਿੰਦੂ ਚੱਕ ਵਿਚਲੇ ਨਵੇਂ ਆਏ ਜ਼ਿਮੀਂਦਾਰਾਂ ਦੇ ਦਿਲਾਂ ਵਿਚ 'ਸਿੰਘ ਜੀ' ਦੀ ਬੜੀ ਬੁਲੰਦ ਸ਼ਖ਼ਸੀਅਤ ਵਾਲੀ ਜਗ੍ਹਾ, ਸਾਡੇ ਪੁਰਾਣੇ ਮਿੱਤਰਾਂ ਨੇ ਬਣਾ ਰੱਖੀ ਹੈ। ਸਾਰੇ ਪਿੰਡ ਵਿਚ ਜਲੂਸ ਵਾਂਗ ਫਿਰਨ ਪਿੱਛੋਂ .... ਤੇ ਕਿਲਾ ਮੱਲਾ ਸਿੰਘ ਦਾ ਦੌਰਾ ਕਰਨ ਬਾਅਦ-ਸ਼ਾਮ ਨੂੰ ਸ਼ਹਿਰ ਵਲ ਮੁੜਦਿਆਂ ਹੋਇਆਂ 'ਚਾਤ੍ਰਿਕ' ਦਾ ਇਹ ਬੰਦ ਮੇਰੀ ਜ਼ੁਬਾਨ 'ਤੇ ਆ ਰਿਹਾ ਸੀ –

"ਸਿੱਕਾ ਸੱਧਰਾਂ ਦਾ ਜਦ ਤੀਕਰ,
ਦਿਲ ਵਿਚ ਰਿਹਾ ਵਸੇਰਾ ।
ਦਰਦਾਂ, ਆਹਾਂ, ਚੀਸਾਂ, ਚੁੱਭਕਾਂ
ਲਾਈ ਰੱਖਿਆ ਡੇਰਾ ।
ਮਿਲੀ ਮੁਰਾਦ ਤੇ ਲਾਟਾਂ ਬੁਝੀਆਂ,
ਸੁੰਞਾਂ ਹੋ ਗਿਆ ਵੇਹੜਾ ।
ਸਮਝ ਪਈ ਉਸ ਦੂਰੀ ਵਿਚ ਸੀ
ਵਸਲੋਂ ਸੁਆਦ ਵਧੇਰਾ ।"

ਪਰ ਏਥੇ ਹੀ ਬਸ ਨਹੀਂ ਹੋ ਗਈ । ਦੂਸਰੇ ਦਿਨ-ਮੁਮਤਾਜ਼ ਸਾਨੂੰ ਗੁੱਜਰਾਂਵਾਲਾ ਯੂਨੀਵਰਸਿਟੀ ਕੈਂਪਸ ਵਿਚ, ਡਿਗਰੀ ਵੰਡ ਦੇ ਵੱਡੇ ਇਕੱਠ ਵਿਚ ਲੈ ਗਿਆ । ਜਿਥੇ ਰਾਤੀਂ ਆਏ, ਜ਼ਾਹਿਦ ਦੇ ਮੂੰਹ ਬੋਲੇ ਬੇਟੇ ਰਮਨਦੀਪ, ਤੇ ਫਿਰ ਗੁਰਤੇਜ ਕੁਹਾਰ ਨੇ ਵਧੀਆ ਨਜ਼ਮਾਂ ਨਾਲ ਵਾਹਵਾ ਖੱਟੀ । ਬਲੀ ਸਿੰਘ ਨੇ ਗਿਣੇ-ਮਿੱਥੇ ਫਿਕਰਿਆਂ ਵਿਚ ਆਪਣੀ ਗੱਲ ਆਖੀ । ਤੇ ਮਾਸਟਰ ਜੀ ਦੇ ਆਲਮਾਨਾ ਲੈਕਚਰ ਬਾਅਦ ਮੇਰੀ ਵਾਰੀ ਆਈ, ਤਾਂ ਮੈਂ ਆਖਿਆ- ਜੇ ਸੱਠ ਸਾਲ ਦਾ ਲੰਮਾ ਵਿਛੋੜਾ ਨਾ ਪੈਂਦਾ, ਇਸ ਮਿਲਾਪ ਦਾ ਮਜ਼ਾ ਨਹੀਂ ਸੀ ਔਣਾ ।"

ਮੇਰਾ ਗਲਾ ਭਰਿਐ ਤੇ ਅੱਖਾਂ ਡਬਡਬਾ ਗਈਆਂ ਨੇ । ਕਿਉਂ ਜੋ ਕਲ੍ਹ ਮੇਰੀ ਕਵਿਤਾ ਦੀ ਚੌਥੀ ਸਤਰ ਮਰ ਗਈ ਹੈ । ਜੇ ਮੈਂ ਆਖ ਸਕਿਆ .... ਤਿੰਨ ਸਤਰਾਂ ਮਨਜ਼ੂਰ



Sri Satguru Jagjit Singh Ji eLibrary NamdhariElibrary@gmail.com

ਕਰ ਲੈਣੀਆਂ :

"ਕੁੜਰਾਂ ਵਾਲੇ ਦੀ ਮਿੱਠੀਏ ਬੋਲੀਏ ਨੀ,
ਤੈਨੂੰ ਸੁਣਨ ਸੁਣਾਨ ਤੇ ਜੀ ਕਰਦੈ ।
ਚਾਚਾ ਅਬਦੁੱਲਾ ਮਿਲੇਂ ਇਕ ਵਾਰ ਆਕੇ,
ਘੁਟ ਘੁਟ ਜੱਫੀਆਂ ਪਾਣ ਤੇ ਜੀ ਕਰਦੈ ।
ਗਾਲਾਂ ਮਾਸੀ ਦੀਆਂ ਘਿਓ ਦੀਆਂ ਹੋਣ ਨਾਲਾਂ
ਉਥੇ ਜਾਕੇ ਖਾਣ ਤੇ ਜੀ ਕਰਦੈ ।।'

ਮੇਰੇ ਯਾਰ ਬਸ਼ੀਰ ਨਜ਼ੀਰ ਦੋਵੇ, ਤੇ ਕਲ੍ਹ ਜਦੋਂ ਮੈਂ ਪਿੰਡ ਉਹਨਾਂ ਨੂੰ ਮਿਲਣ ਗਿਆ, ਤਾਂ ਓਹ ਮੇਰੀ ਪਹੁੰਚ ਤੋਂ ਬਹੁਤ ਦੂਰ ਜਾ ਚੁੱਕੇ ਸਨ । ਮੇਰੇ ਹਟਕੋਰੇ ਬੱਚਿਆਂ ਦੀਆਂ ਤਾਲੀਆਂ ਵਿਚ ਗੁੰਮ ਹੋ ਗਏ ।

ਸ਼ਾਮ ਨੂੰ 'ਤਲਵੰਡੀ ਰਾਹਵਾਲੀ' ਪੇਂਡੂ ਅਦਬੀ ਦੋਸਤਾਂ ਦੀ ਮਹਿਫਿਲ ਵਿਚ ਅੱਪੜੇ ਤਾਂ ਕੁਝ ਲੇਟ ਹੀ, ਫਿਰ ਵੀ ਉਨ੍ਹਾਂ ਢੋਲ ਦੀ ਥਾਪ ਨਾਲ ਸਵਾਗਤ ਕੀਤਾ । ਇਥੋਂ ਦੇ ਸਟੇਜ ਸਕੱਤਰ ਚੌਧਰੀ ਬਾਦਲ ਦੀ ਖੁੱਲ੍ਹੀ-ਡੁੱਲ੍ਹੀ ਪੰਜਾਬੀ ਨੇ ਬੜਾ ਲੁਤਫ-ਅੰਦੋਜ਼ ਕੀਤਾ। ਏਥੇ ਇਕ ਮੁੰਡੇ ਨੇ ਆਪਣਾ ਇਕ ਗੀਤ ਗੌਂ ਕੇ ਸੁਣਾਇਆ ਤੇ ਬਿਰਹਾ ਵਿਚ ਗੜੁੱਚ ਕਰ ਦਿੱਤਾ -

"ਲੈ ਚੱਲੇ ਨੀ ਖੇੜੇ ਮੈਨੂੰ ਨਾਲ,
ਧੀਦੋ ਵੇ ਮੈਨੂੰ ਆਪ ਰੱਖ ਲੈ ।"

12 ਤਰੀਕ ਨੂੰ ਬਲੀ ਸਿੰਘ ਕਹਿਣ ਲੱਗਾ - ਜ਼ਾਹਿਦ ਸਾਹਿਬ ਨੂੰ ਅਰਜ਼ ਕਰੀਏ.... ਕੱਲ੍ਹ ਨੂੰ ਵਾਪਸ ਜਾਣ ਦੀ ਇਜਾਜ਼ਤ ਦੇ ਦੇਣ, ਤਾਂ ਅੱਜ ਲਾਲੇਪੁਰੋਂ ਹੋ ਕੇ ਸ਼ਾਮ ਨੂੰ ਲਾਹੌਰ ਚਲੇ ਜਾਈਏ । 10 ਕੁ ਵਜੇ ਮੁਮਤਾਜ਼ ਸਾਡੇ ਕਮਰੇ ਵਿਚ ਆਇਆ, ਤਾਂ ਮੈਂ ਉਹਨੂੰ ਕੋਲ ਬਿਠਾ ਕੇ ਸ੍ਰੀ ਭੈਣੀ ਸਾਹਿਬ ਵਾਲੇ ਪ੍ਰੋਗਰਾਮ ਦਾ ਕਾਰਡ ਪੜ੍ਹ ਕੇ, ਉਹਦੇ ਵੱਲ ਵੇਖਿਆ । .... ਤਾਂ ਕਹਿੰਦਾ, ਅੱਜ ਜੋ ਚਾਰ ਕਾਲਜਾਂ ਸਕੂਲਾਂ ਵਿਚ ਤੁਹਾਨੂੰ ਲਿਜਾਣ ਦੀ ਹਾਮੀ ਭਰ ਚੁੱਕਿਆਂ, ਤਾਂ ਉਸ ਦਾ ਕੀ ਬਣੇਗਾ ? ਸਾਡੇ ਕਮਰਿਓਂ ਬਾਹਰ ਨਿਕਲਣ ਵੇਲੇ ਅੱਗੋਂ ਡਾਂਗ ਫੜ ਕੇ ਖੜੋ ਗਿਆ - "ਬਾਬਿਓ ! ਤੁਸੀਂ ਕੱਲੇ ਬਹਿ ਕੇ ਆਪਣੀ ਵੱਖਰੀ ਖਿਚੜੀ ਪਕਾਣ ਲੱਗ ਪਏ ਓ । ਅੱਜ ਤੋਂ ਤਿੰਨਾਂ ਦਾ ਡੇਰਾ ਵੱਖੋ ਵੱਖਰਾ ਕਰ ਦਿੱਤਾ ਜਾਇਗਾ " ਉਹਦੇ ਚਾਰੇ ਭਰਾ ਤੇ ਦੋ ਤਿੰਨ ਦੋਸਤ ਹੱਸ ਹੱਸ ਦੋਹਰੇ ਹੋ ਰਹੇ ਸਨ । ਤਾਂ ਮੈਨੂੰ 'ਜੱਸ-ਜੀਵਨ' ਵਿਚ ਲਿਖੀ ਇਕ ਸਾਧ ਵੱਲੋਂ, ਡਾਂਗ ਨਾਲ, ਸਿੱਖਾਂ ਸਾਧਾਂ ਨੂੰ ਰੋਕਣ ਦੀ ਸਾਖੀ ਸਾਕਾਰ ਹੋ ਗਈ ਜਾਪੀ ।

ਅੱਜ ਸਭ ਤੋਂ ਪਹਿਲਾਂ ਇਕ ਸਰਕਾਰੀ ਕਾਲਜ ਵਿਚ ਫੰਕਸ਼ਨ ਹੋਇਆ । ਸਿਰ ਮੂੰਹ ਲਪੇਟੇ ਬਕਾਲ ਬੁੱਕਲ ਮਾਰੀ ਇਕ ਲੜਕੀ ਸਟੇਜ ਦੇ ਫਰਜ਼ ਇਸ ਖੁਸ਼-ਅਸਲੂਬੀ



Sri Satguru Jagjit Singh Ji eLibrary NamdhariElibrary@gmail.com

ਨਾਲ ਸਰ-ਅੰਜਾਮ ਦੇ ਰਹੀ ਸੀ ਕਿ ਵੇਖ ਸੁਣ ਕੇ ਹੈਰਾਨੀ ਹੋ ਰਹੀ ਸੀ । ਪਰਿੰਸੀਪਲ ਕਿਸੇ ਨੂੰ ਕੋਈ ਹਦਾਇਤ ਨਹੀਂ ਸੀ ਦੇ ਰਿਹਾ । ਬੱਚੇ ਆਪਣੇ ਆਪ ਸਾਰਾ ਪ੍ਰੋਗਰਾਮ ਸੰਭਾਲਦੇ ਪਏ ਸਨ । ਇਕ ਚਿੱਟੀ ਦਾਹੜੀ ਵਾਲੇ ਬਹੁਤ ਹੀ ਖੂਬਸੂਰਤ ਮੌਲਵੀ ਨੇ ਪੰਜਾਬੀ ਦੀ ਬਹੁਤ ਵਧੀਆ ਕਵਿਤਾ ਸੁਣਾਈ । ਫਿਰ ਇਸ ਕਵਿਤਾ ਵਾਲੀ ਉਰਦੂ 'ਚ ਛਪੀ ਕਿਤਾਬ ਸਾਰਿਆਂ ਨੂੰ ਪੇਸ਼ ਕੀਤੀ । ਬਾਅਦ ਵਿਚ ਜਦੋਂ ਮੁਮਤਾਜ਼ ਨੇ ਸਾਨੂੰ ਚਿੱਟੇ ਫਰਿਸ਼ਤੇ ਆਖਿਆ, ਬੱਚੀਆਂ ਤਾਂ ਸਾਨੂੰ ਚਿੰਬੜ ਹੀ ਗਈਆਂ .... "ਬਾਬਾ ਜੀ ਸਾਨੂੰ ਨੇਕ ਦੁਆ ਦਿਓ ! ਸਾਡੀਆਂ ਕਾਪੀਆਂ ਤੇ ਕੁਝ ਨਾ ਕੁਝ ਲਿਖ ਦਿਓ, ਜਾਂ ਸਾਡੇ ਸਿਰਾਂ 'ਤੇ ਹੱਥ ਹੀ ਰੱਖ ਦਿਓ ।" ਇਨ੍ਹਾਂ ਵਿਚ ਸਿਰ-ਮੂੰਹ ਲਪੇਟੀ, ਦੇਵੀਆਂ ਵੀ ਲਗਦੀਆਂ ਸਨ ਤੇ ਖੁੱਲ੍ਹੇ ਕੇਸਾਂ ਵਾਲੀਆਂ ਪਰੀਆਂ ਵੀ ਜਾਪਦੀਆਂ ਸਨ ।

ਇਸ ਤੋਂ ਬਾਅਦ ਇਕ ਪ੍ਰਾਈਵੇਟ ਨਿੱਜੀ ਕਾਲਜ ਵਿਚ ਅੱਪੜੇ । ਏਥੋਂ ਦੀ ਸਟੇਜ ਸਕੱਤਰ ਇਕ ਬੱਚੀ ....ਨਾ ਮੂੰਹ ਸਿਰ ਲਪੇਟਿਆ, ਨਾ ਖੁੱਲ੍ਹੇ ਕੇਸ, ਸਾਡੇ ਭਾਰਤੀ ਬੇਟੀਆਂ ਵਾਂਗ ਸਿਰ ਤੇ ਜੂੜਾ, ਪਰ ਚੁੰਨੀ ਸਿਰੋਂ ਢਿਲਕਣ ਨਹੀਂ ਦਿੱਤੀ । ਇਸ ਨੇ ਹਰ ਕਿਸੇ ਨੂੰ ਪੇਸ਼ ਕਰਨ ਲੱਗਿਆਂ ਉਰਦੂ ਦੇ ਢੁਕਵੇਂ ਸ਼ਿਅਰ ਆਖੇ ਕਿ ਅਸੀਂ ਕੀ, ਸਾਰੇ ਈ ਹੈਰਾਨ ਰਹਿ ਗਏ ।

ਫਿਰ ਇਕ ਸਕੂਲ ਵਿਚ ਗਏ ਤਾਂ ਉਥੇ ਵੀ ਸਟੇਜ ਇਕ ਲੜਕੀ ਸੰਭਾਲੀ ਬੈਠੀ ਸੀ । ਜਿਹੜੇ ਥਾਂ ਵੀ ਗਏ, ਉਥੇ ਈ ਇੰਜ ਲੱਗੇ ਜਿਵੇਂ ਮੁੱਖ ਮਹਿਮਾਨ ਮੁਮਤਾਜ਼ ਹੀ ਹੈ । .... ਤੇ ਇਸ ਮੁਮਤਾਜ਼ ਨੇ ਅੱਗੋਂ ਸਾਨੂੰ ਬਾਬਿਆਂ ਤੋਂ ਅੱਗੇ 'ਚਿੱਟੇ ਫਰਿਸ਼ਤੇ' ਕਹਿ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ । ਵੈਸੇ ਤਾਂ ਇਹ ਸਾਰੀ ਇੱਜ਼ਤ ਦਾ ਸ਼ਰਫ ਸਤਿਗੁਰੂ ਰਾਮ ਸਿੰਘ ਦੇ ਬਾਣੇ ਤੇ ਜੀਵਨ-ਜਾਚ ਨੂੰ ਜਾਂਦਾ ਹੈ । ਬੱਚੀਆਂ ਤਾਂ ਸਗੋਂ ਭੋਲੀਆਂ ਹੁੰਦੀਆਂ ਹਨ .... ਦੂਸਰੇ ਥਾਂ ਜਾਣ ਤੋਂ ਲੇਟ ਕਰ ਦੇਂਦੀਆਂ ।

ਅਜੇ ਇਕ ਮੋਟਰਸਾਈਕਲ (ਯਾਮਾ) ਕੰਪਨੀ ਵਿਚ ਵੀ ਜਾਣਾ ਸੀ । ਅਸਾਂ ਵੇਖਿਆ ਕਿ ਬਹੁਤ ਸਿਆਣੇ ਜਿਹੇ ਜਾਪਦੇ ਸੱਜਣ, ਕਰੀਬਨ ਸਵੇਰ ਤੋਂ ਹੀ ਮੁਮਤਾਜ਼ ਨਾਲ ਨੇੜੇ ਹੋ ਕੇ ਘੜੀ-ਮੁੜੀ ਜਿਵੇਂ ਕੋਈ ਅਰਜ਼-ਦਾਸ਼ਤ ਮਨਜ਼ੂਰ ਕਰਾ ਰਹੇ ਹੋਣ । ਫੈਕਟਰੀ ਤੋਂ ਬਾਅਦ ਉਹ ਸੱਜਣ ਖੁਸ਼ ਰੌਅ ਵਿਚ ਰੁਖਸਤ ਹੋ ਗਏ, ਤਾਂ ਮੁਮਤਾਜ਼ ਨੇ ਸਾਨੂੰ ਦੱਸਿਆ ਕਿ ਗੌਰਮਿੰਟ ਸਕੂਲ-ਕਮ-ਕਾਲਜ ਵਾਲੇ, ਇਸ ਦਾ ਦੋ ਸੌ ਸਾਲਾ ਜਸ਼ਨ ਮਨਾ ਰਹੇ ਹਨ । ਉਹ ਚਾਹੁੰਦੇ ਹਨ ਕਿ ਇਥੋਂ ਸੱਠ ਸਾਲ ਪਹਿਲਾਂ ਪੜ੍ਹ ਕੇ ਜਾਣ ਵਾਲੇ ਤਾਲਿਬ ਇਲਮ ਦਾ ਅਸੀਂ ਸਪੈਸ਼ਲ ਫੰਕਸ਼ਨ ਵਿਚ ਸਨਮਾਨ ਕਰੀਏ ।

ਯੂਨੀਵਰਸਿਟੀ ਕੈਂਪਸ ਵਾਲੇ ਲੈਕਚਰ ਵਿਚ ਮਾਸਟਰ ਜੀ ਨੇ ਹਓਕਾ ਭਰਿਆ ਸੀ ਕਿ ਸੱਠ ਸਾਲ ਪਹਿਲਾਂ ਮੈਂ ਗੁਜਰਾਂ ਵਾਲੇ ਦੇ ਸਰਕਾਰੀ ਸਕੂਲ ਵਿਚੋਂ ਦਸਵੀਂ ਕਰ ਕੇ ਗਿਆ ਸਾਂ ਤੇ ਸੱਜਣ ਪ੍ਰਿੰਸੀਪਲ ਸਾਹਿਬ ਉਦੋਂ ਦੇ ਹੀ ਜ਼ਾਹਿਦ ਮੁਮਤਾਜ਼ ਮਗਰ ਲੱਗੇ ਹੋਏ



Sri Satguru Jagjit Singh Ji eLibrary NamdhariElibrary@gmail.com

ਸਨ। ਸਾਰੀ ਗੱਲ ਸਮਝ ਕੇ ਅਸਾਂ ਤਿੰਨਾਂ ਆਪਸ ਵਿਚੀਂ ਨਜ਼ਰਾਂ ਮਿਲਾਈਆਂ ਕਿ ਇਕ ਦਿਨ ਹੋਰ ਲੇਟ ਹੋ ਗਏ ਆਂ।

ਸ਼ਾਮ ਨੂੰ ਖਾਣੇ ਦੀ ਮੇਜ਼ ਦੁਆਲੇ ਬੈਠੇ ਸਾਂ, ਮੁਮਤਾਜ਼ ਅੰਦਰੋਂ ਇਕ ਬੜੀ ਖੂਬਸੂਰਤ ਕੁੱਲੇ ਵਾਲੀ ਸਜੀ ਹੋਈ ਦਸਤਾਰ ਲੈ ਕੇ ਆਇਆ ਤੇ ਅਚਾਨਕ ਮੇਰੇ ਪੈਰਾਂ ਤੇ ਰੱਖ ਕੇ ਆਖਣ ਲੱਗਾ - "ਬਾਬਿਓ ! ਨਾ ਜਾਓ ਓਏ"। ਅਸੀਂ ਤਾਂ ਹੱਕੇ ਬੱਕੇ ਰਹਿ ਗਏ। ਫਿਰ ਮੈਂ ਪੱਗ ਚੁੱਕ ਕੇ ਉਹਦੇ ਹੱਥ ਫੜਾਂਦਿਆਂ ਬੇਨਤੀ ਕੀਤੀ - ਬਸ ਮੁਮਤਾਜ਼ ! ਜਦੋਂ ਤੂੰ ਆਖੇਗਾ, ਉਦੋਂ ਹੀ ਜਾਵਾਂਗੇ - ਤੇ ਅਸੀਂ ਬਗਲਗੀਰ ਹੋ ਗਏ। ਅੱਖਾਂ ਸਾਰਿਆਂ ਦੀਆਂ ਗਿੱਲੀਆਂ ਹੋ ਗਈਆਂ। ਏਨੀ ਬੇਲੌਸ ਮੁਹੱਬਤ-ਕਿਸੇ ਨੂੰ ਕੋਈ ਕਰ ਸਕਦਾ ਏ ?

ਸ਼ਾਮ ਨੂੰ ਹਨੇਰੇ ਪਏ ਕਹਿਣ ਆ ਗਿਆ, "ਜਲਦੀ ਕਰੋ ਗੁਜਰਾਂ ਵਾਲੇ ਦੇ ਡੀ. ਸੀ. ਓ. ਰਾਓ ਸਾਹਿਬ (ਡਿਪਟੀ ਕਮਿਸ਼ਨਰ) ਇੰਤਜ਼ਾਰ ਕਰਦੇ ਪਏ ਨੇ। ਕਾਰ ਤੇ ਲੱਦ ਕੇ ਡੀ. ਸੀ., ਘਰ ਲੈ ਗਿਆ। ਅੱਗੇ ਸੱਚੀਂ ਈ ਉਡੀਕ ਹੋ ਰਹੀ ਸੀ। ਗੌਰਮਿੰਟ ਸਕੂਲ ਦੇ ਪ੍ਰਿੰਸੀਪਲ ਤੇ ਕੁਝ ਮੁਅਜ਼ਜ਼ ਮਹਿਮਾਨ ਆਏ ਬੈਠੇ ਸਨ। ਰਾਉ ਸਾਹਿਬ ਨੌਜਵਾਨ ਬੜੇ ਜ਼ਿੰਦਾਦਿਲ ਅਫ਼ਸਰ ਹਨ। ਅੱਗੋਂ ਉਠ ਕੇ ਬੜੇ ਤਪਾਕ ਨਾਲ ਮਿਲੇ ਡੇਢ-ਦੋ-ਕੁ ਘੰਟੇ ਦੀ ਸ਼ੇਅਰੋ-ਸ਼ਾਇਰੀ ਬਾਅਦ ਕਹਿਣ ਲੱਗੇ-ਕੋਈ ਹੋਰ ਕੰਮ ਜਾਂ ਸੇਵਾ ਹੋਵੇ ਤਾਂ ਦੱਸੋ। ਮੈਂ ਆਖਿਆ "ਸਾਨੂੰ ਮੁਮਤਾਜ਼ ਦੀ ਕੈਦ ਤੋਂ ਨਿਜਾਤ ਲੈ ਦਿਓ।" ਹੱਸ ਕੇ ਉਹਦੇ ਵੱਲ ਵੇਖਿਓ ਨੇ .... ਤਾਂ ਕਹਿੰਦਾ - ਮੇਰੀ ਅਪੀਲ ਹੈ, ਇਨ੍ਹਾਂ ਨੂੰ ਇਕ ਮਹੀਨੇ ਦੀ ਕੈਦ ਕਰਕੇ, ਮੇਰੇ ਘਰ ਬੰਦ ਕਰ ਦਿਓ। ਕੋਈ ਹਾਸਾ ਮਚਿਆ ? ਬਾਅਦ ਪ੍ਰਿੰਸੀਪਲ ਨੇ ਡੀ. ਸੀ. ਨੂੰ ਅਰਜ਼ ਕੀਤੀ, ਸਕੂਲ ਵੱਲੋਂ ਜੋ ਮੋਮੈਂਟੋ ਇਨ੍ਹਾਂ ਨੂੰ ਅਰਜ਼ ਕਰਨੈ ਹਨ, ਓਹਦੇ ਵਾਸਤੇ ਵਕਤ ਕੱਢੋ ! ਰਾਓ ਸਾਹਿਬ ਦੇ ਹਾਂ ਕਹਿਣ 'ਤੇ ਵਕਤ ਮੁਕੱਰਰ ਹੋ ਗਿਆ। 14 ਤਰੀਕ ਸਵੇਰੇ ਗਿਆਰਾਂ ਵਜੇ।

ਰਾਤ 11 ਵਜੇ ਘਰ ਆ ਕੇ ਸੌ ਕੁ ਮਹਿਮਾਨਾਂ ਸਾਹਵੇਂ ਗਜ਼ਲ ਮਹਿਫਿਲ ਸ਼ੁਰੂ ਹੋ ਗਈ, ਜੋ ਸਵੇਰੇ ਦੋ ਵਜੇ ਤੱਕ ਚੱਲਦੀ ਰਹੀ। ਇਸ ਮਹਿਫਿਲ ਵਿਚ ਹੀ, ਇਕ ਨੌਜਵਾਨ ਦੀ ਚੀਨੀ ਬੀਵੀ ਆਈ। ਏਹ ਮੁਮਤਾਜ਼ ਦੀ ਮੂੰਹ-ਬੋਲੀ ਬੇਟੀ ਬਣੀ ਹੋਈ ਸੀ। ਇਸ ਚੀਨੀ ਮੂੰਹ-ਬੋਲੀ ਬੇਟੀ ਤੋਂ ਭਾਰਤ ਦੇ ਮੂੰਹ-ਬੋਲੇ ਬੇਟੇ ਰਮਨਦੀਪ ਨੂੰ ਰੱਖੜੀ ਬੰਨ੍ਹਾਈ ਗਈ। ਜਾਣੋਂ ਸਾਡੇ ਸਾਹਵੇਂ ਇਕ ਇੰਟਰਨੈਸ਼ਨਲ ਪਰਿਵਾਰ ਸਾਕਾਰ ਹੋਇਆ ਬੈਠਾ ਹੈ ਇਹ ਇਨਸਾਨੀਅਤ ਦੀ ਮੂੰਹ-ਬੋਲਦੀ ਤਸਵੀਰ ਸੀ।

ਏਹ ਜ਼ਾਹਿਦ ਮੁਮਤਾਜ਼ ਕੈਂਪਸ ਦੇ ਹਜ਼ਾਰਾਂ, ਸੈਂਕੜੇ ਸਹਾਫੀਆਂ ਸਾਹਵੇ ਮੌਲਵੀਆਂ ਦੀ ਫੌਜੀ ਹਕੂਮਤ ਵਿਚ ਇੰਜ ਲਲਕਾਰੇ ਮਾਰਦਾ ਸੀ। "ਬਚਿਓ, ਪੜ੍ਹੋ ! ਖੂ ਪੜ੍ਹੋ ! ਡਿਗਰੀਆਂ ਲੈ ਕੇ ਜੱਜ ਬਣੋ, ਡੀ.ਸੀ. ਬਣੋ ....ਪ੍ਰਿੰਸੀਪਲ ਬਣੋ, ਦਿਮਾਗ ਖੁੱ ਰੱਖੋ, ਇਨ੍ਹਾਂ ਮੜੇ ਮੌਲਵੀਆਂ ਦੀ ਪ੍ਰਵਾਹ ਨਾ ਕਰੋ। ਜਿੱਥੇ ਕਿਸੇ ਨੂੰ ਕੋਈ ਦਿੱਕਤ ਆ


Sri Satguru Jagjit Singh Ji eLibrary NamdhariElibrary@gmail.com

ਸਨ । ਸਾਰੀ ਗੱਲ ਸਮਝ ਕੇ ਅਸਾਂ ਤਿੰਨਾਂ ਆਪਸ ਵਿਚੀਂ ਨਜ਼ਰਾਂ ਮਿਲਾਈਆਂ ਕਿ ਇਕ ਦਿਨ ਹੋਰ ਲੇਟ ਹੋ ਗਏ ਆਂ ।

ਸ਼ਾਮ ਨੂੰ ਖਾਣੇ ਦੀ ਮੇਜ਼ ਦੁਆਲੇ ਬੈਠੇ ਸਾਂ, ਮੁਮਤਾਜ਼ ਅੰਦਰੋਂ ਇਕ ਬੜੀ ਖੂਬਸੂਰਤ ਕੁੱਲੇ ਵਾਲੀ ਸਜੀ ਹੋਈ ਦਸਤਾਰ ਲੈ ਕੇ ਆਇਆ ਤੇ ਅਚਾਨਕ ਮੇਰੇ ਪੈਰਾਂ ਤੇ ਰੱਖ ਕੇ ਆਖਣ ਲੱਗਾ – "ਬਾਬਿਓ ! ਨਾ ਜਾਓ ਓਏ" । ਅਸੀਂ ਤਾਂ ਹੱਕੇ ਬੱਕੇ ਰਹਿ ਗਏ। ਫਿਰ ਮੈਂ ਪੱਗ ਚੁੱਕ ਕੇ ਉਹਦੇ ਹੱਥ ਫੜਾਂਦਿਆਂ ਬੇਨਤੀ ਕੀਤੀ – ਬਸ ਮੁਮਤਾਜ਼ ! ਜਦੋਂ ਤੂੰ ਆਖੇਗਾ, ਉਦੋਂ ਹੀ ਜਾਵਾਂਗੇ – ਤੇ ਅਸੀਂ ਬਗ਼ਲਗੀਰ ਹੋ ਗਏ । ਅੱਖਾਂ ਸਾਰਿਆਂ ਦੀਆਂ ਗਿੱਲੀਆਂ ਹੋ ਗਈਆਂ । ਏਨੀ ਬੇਲੌਸ ਮੁਹੱਬਤ-ਕਿਸੇ ਨੂੰ ਕੋਈ ਕਰ ਸਕਦਾ ਏ ?

ਸ਼ਾਮ ਨੂੰ ਹਨੇਰੇ ਪਏ ਕਹਿਣ ਆ ਗਿਆ, "ਜਲਦੀ ਕਰੋ ਗੁਜਰਾਂ ਵਾਲੇ ਦੇ ਡੀ. ਸੀ. ਓ. ਰਾਓ ਸਾਹਿਬ (ਡਿਪਟੀ ਕਮਿਸ਼ਨਰ) ਇੰਤਜ਼ਾਰ ਕਰਦੇ ਪਏ ਨੇ । ਕਾਰ ਤੇ ਲੱਦ ਕੇ ਡੀ. ਸੀ., ਘਰ ਲੈ ਗਿਆ । ਅੱਗੇ ਸੱਚੀਂ ਈ ਉਡੀਕ ਹੋ ਰਹੀ ਸੀ । ਗੌਰਮਿੰਟ ਸਕੂਲ ਦੇ ਪ੍ਰਿੰਸੀਪਲ ਤੇ ਕੁਝ ਮੁਅਜ਼ਜ਼ ਮਹਿਮਾਨ ਆਏ ਬੈਠੇ ਸਨ । ਰਾਉ ਸਾਹਿਬ ਨੌਜਵਾਨ ਬੜੇ ਜ਼ਿੰਦਾਦਿਲ ਅਫਸਰ ਹਨ । ਅੱਗੋਂ ਉਠ ਕੇ ਬੜੇ ਤਪਾਕ ਨਾਲ ਮਿਲੇ ਡੇਢ-ਦੋ-ਕੁ ਘੰਟੇ ਦੀ ਸ਼ੇਅਰੋ-ਸ਼ਾਇਰੀ ਬਾਅਦ ਕਹਿਣ ਲੱਗੇ-ਕੋਈ ਹੋਰ ਕੰਮ ਜਾਂ ਸੇਵਾ ਹੋਵੇ ਤਾਂ ਦੱਸੋ । ਮੈਂ ਆਖਿਆ "ਸਾਨੂੰ ਮੁਮਤਾਜ਼ ਦੀ ਕੈਦ ਤੋਂ ਨਿਜਾਤ ਲੈ ਦਿਓ ।" ਹੱਸ ਕੇ ਉਹਦੇ ਵੱਲ ਵੇਖਿਓ ਨੇ .... ਤਾਂ ਕਹਿੰਦਾ – ਮੇਰੀ ਅਪੀਲ ਹੈ, ਇਨ੍ਹਾਂ ਨੂੰ ਇਕ ਮਹੀਨੇ ਦੀ ਕੈਦ ਕਰਕੇ, ਮੇਰੇ ਘਰ ਬੰਦ ਕਰ ਦਿਓ । ਕੋਈ ਹਾਸਾ ਮਚਿਆ ? ਬਾਅਦ ਪ੍ਰਿੰਸੀਪਲ ਨੇ ਡੀ. ਸੀ. ਨੂੰ ਅਰਜ਼ ਕੀਤੀ, ਸਕੂਲ ਵੱਲੋਂ ਜੋ ਮੋਮੈਂਟੋ ਇਨ੍ਹਾਂ ਨੂੰ ਅਰਜ਼ ਕਰਨੈ ਹਨ, ਓਹਦੇ ਵਾਸਤੇ ਵਕਤ ਕੱਢੋ ! ਰਾਓ ਸਾਹਿਬ ਦੇ ਹਾਂ ਕਹਿਣ 'ਤੇ ਵਕਤ ਮੁੱਕਰਰ ਹੋ ਗਿਆ । 14 ਤਰੀਕ ਸਵੇਰੇ ਗਿਆਰਾਂ ਵਜੇ ।

ਰਾਤ 11 ਵਜੇ ਘਰ ਆ ਕੇ ਸੌ ਕੁ ਮਹਿਮਾਨਾਂ ਸਾਹਵੇਂ ਗ਼ਜ਼ਲ ਮਹਿਫ਼ਿਲ ਸ਼ੁਰੂ ਹੋ ਗਈ, ਜੋ ਸਵੇਰੇ ਦੋ ਵਜੇ ਤੱਕ ਚੱਲਦੀ ਰਹੀ । ਇਸ ਮਹਿਫ਼ਿਲ ਵਿਚ ਹੀ, ਇਕ ਨੌਜਵਾਨ ਦੀ ਚੀਨੀ ਬੀਵੀ ਆਈ । ਏਹ ਮੁਮਤਾਜ਼ ਦੀ ਮੂੰਹ-ਬੋਲੀ ਬੇਟੀ ਬਣੀ ਹੋਈ ਸੀ । ਇਸ ਚੀਨੀ ਮੂੰਹ-ਬੋਲੀ ਬੇਟੀ ਤੋਂ ਭਾਰਤ ਦੇ ਮੂੰਹ-ਬੋਲੇ ਬੇਟੇ ਰਮਨਦੀਪ ਨੂੰ ਰੱਖੜੀ ਬੰਨ੍ਹਾਈ ਗਈ । ਜਾਣੋਂ ਸਾਡੇ ਸਾਹਵੇਂ ਇਕ ਇੰਟਰਨੈਸ਼ਨਲ ਪਰਿਵਾਰ ਸਾਕਾਰ ਹੋਇਆ ਬੈਠਾ ਹੈ । ਇਹ ਇਨਸਾਨੀਅਤ ਦੀ ਮੂੰਹ-ਬੋਲਦੀ ਤਸਵੀਰ ਸੀ ।

ਏਹ ਜ਼ਾਹਿਦ ਮੁਮਤਾਜ਼ ਕੈਂਪਸ ਦੇ ਹਜ਼ਾਰਾਂ, ਸੈਂਕੜੇ ਸਹਾਫ਼ੀਆਂ ਸਾਹਵੇਂ, ਮੌਲਵੀਆਂ ਦੀ ਫੌਜੀ ਹਕੂਮਤ ਵਿਚ ਇੰਜ ਲਲਕਾਰੇ ਮਾਰਦਾ ਸੀ । "ਬਚਿਓ, ਪੜ੍ਹੋ ! ਖੂਬ ਪੜ੍ਹੋ ! ਡਿਗਰੀਆਂ ਲੈ ਕੇ ਜੱਜ ਬਣੋ, ਡੀ.ਸੀ. ਬਣੋ ....ਪ੍ਰਿੰਸੀਪਲ ਬਣੋ, ਦਿਮਾਗ ਖੁੱਲ੍ਹੇ ਰੱਖੋ, ਇਨ੍ਹਾਂ ਮੜੇ ਮੌਲਵੀਆਂ ਦੀ ਪ੍ਰਵਾਹ ਨਾ ਕਰੋ । ਜਿੱਥੇ ਕਿਸੇ ਨੂੰ ਕੋਈ ਦਿੱਕਤ ਆਵੇ,



Sri Satguru Jagjit Singh Ji eLibrary NamdhariElibrary@gmail.com

ਮੈਨੂੰ ਦੱਸੋ ! ਮੈਂ ਤੁਹਾਡੇ ਨਾਲ ਹਾਂ ।" ਇਤਨਾ ਬੇ-ਬਾਕ ਤਾਂ ਅਸੀਂ ਏਥੇ ਲੋਕਰਾਜ ਵਿਚ ਵੀ ਨਹੀਂ ਬੋਲ ਸਕਦੇ । 2 ਵਜੇ ਸਿਆਲਕੋਟ ਜ਼ਿਲ੍ਹੇ ਦੇ ਪਿੰਡ 'ਸਤਰਾਹ, ਤੋਂ ਆਏ ਚੌਲ ਮਿੱਲਾਂ ਵਾਲੇ ਰਾਣਾ ਸਾਹਿਬ ਨੇ, ਤਰਲੇ ਮਿੰਨਤਾਂ ਕਰਕੇ ਮੁਮਤਾਜ਼ ਨੂੰ ਮਨਾਲਿਆ, ਕਿ ਕੱਲ੍ਹ ਸ਼ਾਮ ਦੀ ਮਹਿਫਲ 'ਸਤਰਾਹ' ਹੋਵੇਗੀ ।

ਅੱਜ ਇਕ ਸਰਕਾਰੀ ਕਾਲਜ ਵੱਲ ਜਾਣ ਤੋਂ ਪਹਿਲਾਂ, ਦੋ ਕਿਲੋ ਗੁਲਾਬ ਦੀਆਂ ਪੱਤੀਆਂ ਤੇ ਇਕ ਵਧੀਆ ਹਰੀ ਚਾਦਰ ਲੈ ਕੇ, ਰਸਤੇ ਵਿਚ ਪੈਂਦੇ ਜ਼ਾਹਿਦ ਕੇ ਨਿੱਜੀ ਕਬਰਸਤਾਨ ਵਿਚ ਪਹੁੰਚੇ । ਏਹਨਾਂ ਦੇ ਵਾਲਿਦ ਨਿਆਜ਼ ਸਾਹਿਬ ਦੀ ਕਬਰ ਤੇ ਚਾਦਰ ਚੜ੍ਹਾ ਕੇ, ਪੱਤੀਆਂ ਬਖੇਰੀਆਂ । ਸਾਰਿਆਂ ਖੁਦਾ ਅੱਗੇ ਉਨ੍ਹਾਂ ਦੀ ਆਤਮਕ ਸ਼ਾਂਤੀ ਵਾਸਤੇ ਦੁਆ ਮੰਗੀ ।

ਇਕ ਸਰਕਾਰੀ ਕਾਲਜ ਵਿਚ ਥੋੜ੍ਹਾ ਠਹਿਰ ਕੇ ਮਾਸਟਰ ਅਮਰੀਕ ਸਿੰਘ ਜੀ ਦੇ ਸਕੂਲੇ ਬੱਚਿਆਂ ਦੇ ਵੱਡੇ ਇਕੱਠ 'ਚ ਪੁੱਜੇ । ਮਾਸਟਰ ਜੀ ਆਪਣੇ ਲੰਗਰ, ਪੜ੍ਹਨ ਕਮਰੇ, ਆਪਣੀ ਸੀਟ ਤੇ ਬੈਠ ਕੇ ਭਾਵੁਕ ਹੋ ਗਏ । ਆਪਣੇ ਸਕੂਲ ਦੇ ਦਰੋ-ਦੀਵਾਰਾਂ ਨੂੰ ਦਿਵਾਨਿਆਂ ਹਾਰ ਚੁੰਮਦੇ ਫਿਰਨ । ਪ੍ਰਿੰਸੀਪਲ, ਸਟਾਫ ਤੇ ਬੱਚਿਆਂ ਸਣੇ ਮਾਸਟਰ ਜੀ ਦੇ ਪਿੱਛੇ-ਪਿੱਛੇ ਤੁਰੇ ਫਿਰਦੇ ਰਹੇ । ਸਟੇਜ ਤੇ ਕੁਝ ਕਹਿਣ ਦੀ ਵਾਰੀ ਆਈ, ਮਾਸਟਰ ਜੀ ਤੋਂ ਗੱਲ ਨਾ ਹੋਵੇ । ਇਕ ਪੰਜਾਬੀ ਨੇ ਕਮਾਲ ਦੀ ਕਵਿਤਾ ਆਖੀ । ਦੋ ਤਿੰਨ ਹਜ਼ਾਰ ਬੱਚਿਆ ਮਾਸਟਰ ਜੀ ਦਾ ਤਾਲੀਆਂ ਨਾਲ ਭਰਪੂਰ ਸਵਾਗਤ ਕੀਤਾ । ਪਿਛਲੇ ਪਹਿਰ ਜ਼ਾਹਿਦ ਮਲਿਕ ਨਾਲ ਲਾਲੇਪੁਰ ਗਏ । ਮਾਸਟਰ ਜੀ ਦਾ ਘਰ ਨਾ ਲੱਭੇ ! ਇਕ ਆਦਮੀ ਆ ਕੇ ਆਂਹਦਾ - ਆਓ ਮੈਂ ਲੱਭ ਕੇ ਦਿਆਂ ।" ਇਕ ਘਰ ਦਾ ਦਰਵਾਜ਼ਾ ਖੜਕਾ ਕੇ ਆਂਹਦਾ - "ਨਿਕਲੋ ਓਏ ਘਰੋਂ ਬਾਹਰ, ਮਕਾਨ ਦੇ ਮਾਲਕ ਆ ਗਏ ਜੇ !" ਘਰ ਵਾਲੇ ਹੈਰਾਨ ਜਹੇ ਬਾਹਰ ਆਏ ਤਾਂ ਹਾਸੜ ਮੱਚ ਗਈ । ਮਾਸਟਰ ਜੀ ਘਰ ਦੀ ਦੋ ਬੁੱਕ ਮਿੱਟੀ ਚੁੱਕ ਲਿਆਏ । ਮਿੱਟੀ ਤਾਂ ਮੈਂ ਵੀ ਆਪਣੇ ਗ੍ਰਾਂ ਦੀ ਲਿਔਂਦਾ .... ਪਰ ਨਜ਼ੀਰ ਬਸ਼ੀਰ ਤੇ ਰਹਿਮਤ ਦੇ ਵਿਛੋੜੇ ਨੇ ਬੇਦਿਲ ਬੇਵਤਨਾ ਈ ਕਰ ਦਿੱਤਾ ਸੀ ।

6 ਵਜੇ ਨੂੰ ਗੁਜਰਾਂ ਵਾਲੇ ਆ ਕੇ ਖਰੀਦਾਰੀ ਜਿਹੀ ਕੀਤੀ । ਸ਼ਾਮ 7 ਵਜੇ 'ਸਤਰਾਹ ਪੁਜਣਾ ਸੀ । ਮੁਮਤਾਜ਼ ਦੇ ਚਾਰੇ ਭਰਾ, ਪੰਜ ਸੱਤ ਦੋਸਤ, ਚਾਰ-ਪੰਜ ਕਾਰਾਂ, ਇਕ ਡੀ.ਐਸ.ਪੀ. ਦੀ ਨੀਲੀ ਬੱਤੀ ਵਾਲੀ ਗੱਡੀ, ਸਵਾ ਸੱਤ ਵਜੇ ਤੋਂ ਬਾਅਦ ਘਰੋਂ ਨਿਕਲੇ । ਸਫਰ ਤਾਂ 40-45 ਕਿਲੋਮੀਟਰ ਹੀ ਸੀ, ਪਰ ਸੜਕ ਏਨੀ ਟੁੱਟੀ-ਭੱਜੀ ਕਿ 9 ਵਜੇ ਮਸੀਂ ਪਹੁੰਚੇ । ਅੱਗੇ ਸੜਕ ਤੇ, ਰਾਤ ਡੇਢ ਦੋ ਸੌ ਆਦਮੀ ਢੋਲ ਵਜਾ ਕੇ ਭੰਗੜਾ ਪਾਂਦੇ ਨਜ਼ਰ ਆਏ । ਸੋਚਿਆ ਕਿਸੇ ਬਾਰਾਤ ਦੀ ਇੰਤਜ਼ਾਰ ਕਰਦੇ ਪਏ ਹੋਣਗੇ । ਨੇੜੇ ਜਾ ਕੇ ਗੱਡੀਆਂ ਤੋਂ ਉਤਰੇ, ਤਾਂ ਉਹ ਸਾਡੇ ਗਲਾਂ ਵਿਚ ਹਾਰ ਪਾ ਕੇ ਸਾਨੂੰ ਵਿਚ ਲੈ ਕੇ, ਅਸਲੀ ਸਿਆਲਕੋਟੀ ਭੰਗੜਾ ਪਾਂਦੇ ਤੁਰ ਪਏ । ਢੋਲ ਵਾਲੇ ਦਾ ਹੱਥ ਏਨਾ ਸਧਿਆ ਹੋਇਆ ਸੀ ਕਿ



Sri Satguru Jagjit Singh Ji eLibrary NamdhariElibrary@gmail.com

ਸਾਡੇ ਪੈਰ ਵੀ ਤਾਲ ਦੇਣ ਤੇ ਮਜਬੂਰ ਹੋ ਗਏ । ਚੌਲ ਮਿੱਲਾਂ ਵਾਲੇ ਰਾਣਾ ਸਾਹਿਬ ਦਾ ਇਕ ਭਰਾ, ਡੇਢ ਕੁਅੰਟਲ ਤੋਂ ਉਤੇ ਹੋਏਗਾ । ਪਰ ਉਹ ਏਨੇ ਹੌਲੇ ਪੈਰ ਭਜਾ ਫਿਰੇ, ਜਿਵੇਂ 40 ਕਿਲੋ ਵਜ਼ਨ ਹੋਵੇ । ਉਂਝ ਰੋਟੀ ਖਾਣ ਲੱਗਿਆਂ ਦਾਲ ਸਬਜ਼ੀ ਸੇਵੀਆਂ ਦਾ ਡੌਂਗਾ ਈ ਕੱਲਾ ਕਾਬੂ ਕਰ ਲਵੇ ।

ਰਾਤ 11:30 ਵਜੇ ਤੁਰਨ ਲੱਗਿਆਂ ਸਾਨੂੰ ਹਰ ਇਕ ਨੂੰ ਇਕ ਇਕ ਥੈਲਾ 40 ਕਿਲੋ ਵਧੀਆ ਬਾਸਮਤੀ ਚੌਲਾਂ, ਸ਼ਾਨਦਾਰ ਸੂਟਾਂ ਨਾਲ, ਪਾਕਿਸਤਾਨ ਦੀ ਮਸ਼ਹੂਰ ਮਲਮਲ, 376 ਦੀਆਂ ਦਸਤਾਰਾਂ ਭੇਟ ਕੀਤੀਆਂ । ਅਸਾਂ ਕੋਈ ਗੱਲ ਕਰਨੀ ਚਾਹੀ ਤਾਂ ਮੁਮਤਾਜ਼ ਦਾ ਯੱਕ ਹੁਕਮ ਹੋਇਆ - ਬੋਲਣਾ ਨਹੀਂ । ਰਾਤ ਘਰੇ ਆ ਕੇ 2 ਵਜੇ ਤੱਕ ਚੁਟਕਲੇਬਾਜ਼ੀ ਚਲਦੀ ਰਹੀ । ਪਰਿਵਾਰ ਵਿਚ ਬੈਠਿਆਂ, ਮੁੰਡਾ ਭੈਣ ਅੱਗੇ ਬਾਤ ਪਾਂਦਾ ਹੈ । ਪਿਓ ਚੁਟਕਲਾ ਸਮਝਕੇ ਧੀ ਨੂੰ ਆਂਹਦਾ - ਕੰਜਰਾਂ ਦੀਏ, ਬੁੱਝੀਂ ਨਾ .... ਚੁੱਪ ਕਰ ਜਾ । ਅੰਗਰੇਜ਼ਾਂ, ਹਿੰਦੂਆਂ, ਸਿੱਖਾਂ ਨਾਲ ਖ਼ੁਦਾ ਦੀ ਗੱਲ ਅੜ ਗਈ, ਬਾਕੀ ਮੰਨ ਗਏ, ਮੁਸਲਮਾਨ ਅੜੇ ਰਹੇ .... ਹੁਣ ਤਰਲੇ ਕਰਦੇ ਨੇ, ਰੱਬ ਮੰਨਦਾ ਨਹੀਂ ।

14 ਸਵੇਰੇ 10 ਵਜੇ ਸਾਰਾ ਪਰਿਵਾਰ 'ਕੱਠਾ ਹੋ ਗਿਆ । ਡੀ.ਐਸ.ਪੀ. ਡਾਕਟਰ ਆਦਿ ਗਲੇ ਮਿਲਦਿਆਂ ਦੀਆਂ ਅੱਖੀਂ ਗਿੱਲੀਆਂ ।

ਰਾਓ ਸਾਹਿਬ ਡੀ.ਸੀ. ਦੇ ਗਏ । ਉਸ ਨੇ ਦਫਤਰੋਂ ਉਠ ਕੇ ਮੀਟਿੰਗ ਹਾਲ ਵਿਚ ਕਾਲਜਾਂ ਸਕੂਲਾਂ ਦੇ ਪ੍ਰਿੰਸੀਪਲਾਂ ਸਣੇਂ ਸਾਨੂੰ ਤਿੰਨਾਂ ਨੂੰ ਮੋਮੈਂਟੋ ਦੇ ਕੇ, ਫੋਟੋ ਖਿਚਵਾਕੇ, ਸਟਾਫ ਨੂੰ ਹੁਕਮ ਕੀਤਾ - "ਸਾਰੀਆਂ ਫੋਟੋਆਂ ਦੀ ਐਲਬਮ ਬਣਾ ਕੇ ਮੁਮਤਾਜ਼ ਸਾਹਿਬ ਨੂੰ ਦੇ ਦਿਓ" । ਫਿਰ ਮੈਨੂੰ ਕਹਿੰਦਾ, "ਮੁਮਤਾਜ਼ ਸਾਹਿਬ ਤੋਂ ਰਿਹਾਈ ਮਿਲ ਗਈ ?" ਮੈਂ ਆਖਿਆ, "ਜੇ ਰਿਹਾਈ ਮਿਲੀ ਏ ਤਾਂ ਜਾਣ ਤੇ ਜੀ ਨਹੀਂ ਕਰਦਾ ।" ਤੇ ਮੇਰੇ ਨਾਲ ਬਗਲਗੀਰ ਹੋ ਗਿਆ । ਵਾਹਗੇ ਨੂੰ ਜਾਣ ਵਾਲੀ ਕੋਰੋਲਾ ਵਿਚ ਸਮਾਨ ਧਰ ਕੇ ਬਹਿਣ ਲੱਗਿਆਂ, ਮੈਂ ਤੇ ਮੁਮਤਾਜ਼ ਨੇ ਮੋਢੇ ਭਿਉਂ ਲਏ .... ਅੱਖਾਂ ਸਾਰਿਆਂ ਨੇ ਭਰ ਲਈਆਂ ।

ਇਹ ਸਾਡਾ ਛੇਵਾਂ ਦਿਨ ਸੀ !!

ਜੁਲਾਈ 2007



Sri Satguru Jagjit Singh Ji eLibrary NamdhariElibrary@gmail.com

# ਜਨਕ-ਨੰਦਨੀ

ਮਹਾਂਭਾਰਤ ਵਿੱਚ ਲਿਖਿਆ ਹੈ-ਪਾਂਡਵਾਂ ਦੇ ਇਕ ਜੱਗ ਸਮੇਂ ਜਦੋਂ ਕੰਮਾਂ-ਕਾਰਾਂ ਦੀਆਂ ਜ਼ਿੰਮੇਂਵਾਰੀਆਂ ਲੱਗਣ ਲੱਗੀਆਂ, ਤਾਂ ਸ਼੍ਰੀ ਕ੍ਰਿਸ਼ਨ ਜੀ ਨੇ, ਰਿਸ਼ੀਆਂ ਦੇ ਚਰਨ ਧੋਣ ਦੀ ਸੇਵਾ, ਮੰਗ ਕੇ ਪ੍ਰਾਪਤ ਕਰ ਲਈ। ਪਾਂਡਵ ਹਰ ਕੰਮ ਇਹਨਾਂ ਦੀ ਸਲਾਹ ਨਾਲ ਕਰਦੇ ਸਨ। ਜੱਗ ਦੇ ਭੰਡਾਰ ਤੇ ਉਚੇਚਾ ਪਾਂਡਵਾਂ ਨਾਲ ਮਨੋਂ ਖਾਰ ਖਾਂਦੇ ਦੁਰਯੋਧਨ ਨੂੰ ਲਗਾਇਆ ਗਿਆ। ਸ਼੍ਰੀ ਕ੍ਰਿਸ਼ਨ-ਸਖਾ ਅਰਜਨ ਵੱਲੋਂ, ਕਾਰਨ ਪੁੱਛਣ 'ਤੇ ਕਹਿਣ ਲੱਗੇ- ਵਿਰੋਧੀ ਹੋਣ ਕਰਕੇ ਜਿੰਨਾਂ ਵੱਧ ਵਰਤਾਇਗਾ, ਓਨਾਂ ਤੁਹਾਡਾ ਜੱਸ ਬਹੁਤ ਹੋਇਗਾ। ਦੂਸਰੀ ਗੱਲ, ਜਿਸ ਦਾ ਉਸ ਨੂੰ ਵੀ ਪਤਾ ਨਹੀਂ- ਉਸ ਦੇ ਹੱਥਾਂ 'ਤੇ ਇਹੋ ਜਿਹੇ ਰੇਖਾ ਚੱਕਰ ਹਨ ਕਿ ਜਿਤਨਾ ਵੱਧ ਵਰਤਾਇਗਾ-ਓਨਾ ਭੰਡਾਰਾ ਵੱਧ ਭਰੇਗਾ। ਭਾਵ ਤੋਟ ਨਹੀਂ ਆਵੇਗੀ।

ਬਿਲਕੁਲ ਏਸੇ ਤਰ੍ਹਾਂ ਦੀ ਗੱਲ, ਸਾਡੇ ਅਜੋਕੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਦੇ ਡਾਇਰੈਕਟਰ ਸੀ.ਆਰ.'ਮੁਦਗਿਲ' ਬਾਰੇ ਕੀਤੀ ਜਾ ਸਕਦੀ ਹੈ। ਇਹਨਾਂ ਜਦੋਂ ਤੋਂ ਦਫਤਰ ਵਿੱਚ ਪੈਰ ਪਾਇਆ ਹੈ-ਓਦੋਂ ਤੋਂ ਹੀ ਇਹਨਾਂ ਦਾ ਪੈਰ ਏਥੇ ਟਿਕਦਾ ਹੀ ਨਹੀਂ ਪਿਆ। ਦਰਯੋਧਨ ਦੇ ਹੱਥਾਂ ਵਾਂਗ ਮੁਦਗਿਲ ਦੇ ਪੈਰਾਂ ਵਿੱਚ ਇਹੋ ਜਿਹਾ 'ਪੈਰ ਚੱਕਰ ਹੈ, ਕਿ ਜਿਤਨਾ ਇਹ ਬਹੁਤਾ ਫਿਰਨਗੇ-ਉਤਨੀ ਹੀ ਪੰਜਾਬੀ ਬੋਲੀ ਦੀ ਸੇਵਾ, ਬਹੁਤੀ ਕਰ ਸੱਕਣਗੇ। ਅੱਜ ਜੀਵਨ ਨਗਰ-ਕੱਲ੍ਹ ਕਰਨਾਲ ਪਰਸੋਂ ਪਾਣੀਪਤ-ਚੌਥੇ ਚੰਡੀਗੜ੍ਹ। ਫਿਰ ਕੁਰੂਖੇਤਰ ਤਾਂ ਇਸ ਤਰ੍ਹਾਂ ਹੈ ਜਿਵੇਂ ਹਰ ਪਾਸੇ ਜਾਣ ਦਾ ਰਸਤਾ ਏਥੋਂ ਹੀ ਨਿਕਲਦਾ ਹੋਵੇ।

ਮਹਾਂਭਾਰਤ ਵੇਲੇ ਓਦੋਂ ਦੇ ਗਿਆਤ-ਸੰਸਾਰ ਦੇ ਸੂਰਮੇ ਏਥੇ ਆਕੇ ਜੁੱਝ ਮਰੇ। (ਓਦੋਂ ਦੇਸ਼ਾਂ ਦੀਆਂ ਇਹ ਸੌੜੀਆਂ ਸਰਹੱਦਾਂ ਅਜੇ ਹੋਂਦ ਵਿੱਚ ਨਹੀਂ ਸਨ ਆਈਆਂ) ਹੁਣ ਹਿੰਦੁਸਤਾਨ ਦੇ ਕਈ ਪ੍ਰਾਂਤਾਂ ਅਤੇ ਹੋਰ ਕਈ ਦੇਸ਼ ਦੇਸ਼ਾਂਤਰਾਂ ਦੇ ਵਿਦਵਾਨਾਂ, ਏਥੇ ਆ ਕੇ ਸੁਖਦ ਸਾਹਿਤਕ ਆਦਾਨ ਪ੍ਰਦਾਨ ਕੀਤਾ। ਜਿਦ੍ਹੇ ਨਾਲ ਏਹ ਜੀਵਨ ਹੋਰ ਗੂੜ੍ਹਾ ਰੰਗੀਨ ਹੋ ਗਿਆ। ਸਦੀਆਂ ਤੋਂ ਵਿਦੇਸ਼ਾਂ ਵਿੱਚ ਫਿਰਦੇ ਰੋਮਾਂ ਲੋਕਾਂ ਨੇ ਸਾਂਭ ਰੱਖੇ ਪੰਜਾਬੀ ਸ਼ਬਦ ਭੰਡਾਰ ਦਾ ਵਿਖਾਵਾ ਕੀਤਾ। ਭਾਰਤ ਦੇ ਪੂਰਬੀ ਪ੍ਰਾਂਤ 'ਆਸਾਮ, ਦੀ ਸਰਕਾਰੀ ਸੰਸਥਾ 'ਟੈਗੋਰ ਕਲਚਰਲ ਸੁਸਾਇਟੀ ਦੇ ਡਾਇਰੈਕਟਰ, ਕਲਾਕਾਰਾਂ ਕਵੀਆਂ ਦਾ ਇਕ ਵੱਡਾ ਗਰੁੱਪ ਲੈ ਕੇ ਆਏ ਹੋਏ ਸਨ। ਕੁਰੂਖੇਤਰੋਂ-ਜਗਾਧਰੀ, ਪੌਂਟਾ ਸਾਹਿਬ-ਹਰਿਦੁਆਰ ਦੇ ਯੋਗਾ ਸਵਾਮੀ ਰਾਮਦੇਵ ਦੇ ਨਵੇਂ ਬਣੇ ਕੰਪਲੈਕਸ ਤੇ ਜੜ੍ਹੀ ਬੂਟੀ ਕੇਂਦਰ ਦਾ ਭ੍ਰਮਣ ਕਰਕੇ ਜਾਣ ਸਮੇਂ ਉਹਨਾਂ, ਸਾਨੂੰ ਓਥੇ ਆਉਣ ਦਾ ਸੱਦਾ ਦਿੱਤਾ। ਉਸ ਨਿਮੰਤ੍ਰਣ ਨੂੰ ਸਵੀਕਾਰਦਿਆਂ 20 ਸਤੰਬਰ 2006 ਦਿਨੇ ਦੋ ਵਜੇ ਰਾਜਧਾਨੀ ਐਕਸਪਰੈਸ ਗੁਹਾਟੀ ਨੂੰ ਰਵਾਨਾ ਹੋ ਗਈ



Sri Satguru Jagjit Singh Ji eLibrary NamdhariElibrary@gmail.com

। ਸ੍ਰੀ ਸੀ.ਆਰ. ਮੁਦਗਿਲ ਦੀ ਅਗਵਾਈ ਵਿੱਚ ਡਾ. ਕਾਂਗ, ਸੁਰਜੀਤ, ਗਾਸੋ, ਕੋਮਲ, ਕਿਸਾਨ ਆਦਿ 17 ਦੇ ਗਰੁੱਪ ਨੇ, ਏ.ਸੀ. ਸੀਟਾਂ ਸਾਂਭ ਲਈਆਂ । 21 ਵਾਲਾ ਦਿਨ ਰੇਲ ਵਿੱਚ ਹੀ ਗੁਜ਼ਾਰਨਾ ਪਿਆ । ਗੁਜ਼ਾਰਨਾ, ਇਸ ਕਰਕੇ ਕਹਿ ਰਿਹਾਂ ਕਿ ਰੇਲ ਪ੍ਰਬੰਧਕਾਂ ਨੇ ਇਸ ਤਰ੍ਹਾਂ ਦਾ ਖਾਣ ਪੀਣ ਦਾ ਪ੍ਰੋਗਾਮ ਨਿਸਚਿਤ ਕੀਤਾ ਹੋਇਆ ਹੈ ਕਿ ਸੌਂਤਲ ਮੁਸਾਫਰਾਂ ਨੂੰ ਚੱਜ ਨਾਲ ਦਿਨੇ ਸੌਣ ਦਾ ਵਕਤ ਹੀ ਨਹੀਂ ਦੇਂਦੇ । ਚਾਹ, ਕੌਫੀ, ਜੂਸ, ਜੈਮ, ਚੌਲ, ਦਾਲ, ਅਚਾਰ, ਸਬਜ਼ੀਆਂ ਆਦਿ ਏਨਾਂ ਕੁਝ-ਇਕ ਜਗ੍ਹਾ ਬੈਠਾ ਬੰਦਾ ਕਿਵੇਂ ਖਾ ਸਕਦਾ ਹੈ ? ਪੌਣੀ ਸਦੀ ਵਾਲੇ ਕਿਸਾਨ, ਕੋਮਲ ਤਾਂ ਇਕ ਦੋ ਵਾਰ ਬਾਹੀਂ ਖੜ੍ਹੀਆਂ ਕਰ ਗਏ । ਹਵਾਈ ਜਹਾਜ਼ ਨਾਲੋਂ, ਸੇਵਕ-ਸੇਵਕਾਵਾਂ ਦਾ ਹੀ ਫਰਕ ਸੀ । ਸ਼ਾਮ ਨੂੰ ਛੇ ਕੁ ਵਜੇ ਗੁਹਾਟੀ ਪਹੁੰਚੇ । ਅਗਵਾਨੀ ਵਾਸਤੇ ਆਏ ਟੈਗੋਰ ਕਲਚਰਲ ਸੁਸਾਇਟੀ ਦੇ ਡਾਇਰੈਕਟਰ ਇਕ ਨਿੱਕੀ ਕਵਿੱਤਰੀ 'ਅਰਚਨਾ' ਆਦਿ ਨੇ ਸਟੇਸ਼ਨ ਤੋਂ ਸਾਨੂੰ ਗੱਡੀਆਂ ਰਾਹੀਂ ਸਰਕਟ ਹਾਊਸ ਜਾ ਉਤਾਰਿਆ । ਭਾਰਤ ਦੇ ਸਭ ਤੋਂ ਚੌੜੇ, ਸਮੁੰਦਰ ਵਰਗੇ ਵਿਸ਼ਾਲ ਦਰਿਆ 'ਬ੍ਰਹਮਪੁੱਤਰ' ਦੇ ਐਨ ਕੰਢੇ ਤੇ ਬਣੇ, ਕਈ ਮੰਜ਼ਿਲੇ ਸਰਕਟ ਹਾਊਸ ਦੀ ਤੀਸਰੀ ਛੱਤੇ ਸਾਡਾ ਨਿਵਾਸ ਹੋਇਆ । ਤਿੰਨ ਜਾਂ ਚਾਰ ਜਣੇ, ਇਕ-ਇਕ ਫਲੈਟ ਵਿੱਚ ਟਿਕ ਗਏ, ਮੇਰੇ ਨਾਲ ਕਰਨਾਲ ਦੇ ਕਾਮਰੇਡ 'ਕੋਮਲ' ਦਾ ਗੁਣਾ ਪਿਆ, ਜੋ ਮਿਲਦੇ ਵਿਚਾਰਾਂ ਪੱਖੋਂ, ਬਹੁਤ ਵਧੀਆ ਰਿਹਾ । ਬਾਈ ਸਤੰਬਰ ਨੂੰ ਇਕ ਕਾਲਜ ਕਲੱਬ ਵਿੱਚ ਕਮਾਲ ਦਾ ਕਵੀ ਦਰਬਾਰ ਹੋਇਆ । 'ਕਮਾਲ' ਦਾ ਇਸ ਪੱਖੋਂ ਕਿ ਕੁਛ ਕਵੀ ਆਸਾਮੀ, ਕੁਛ ਪੰਜਾਬੀ, ਵਾਰੋ-ਵਾਰੀ ਕਵਿਤਾ ਬੋਲਦੇ । ਓਹਨਾਂ ਦੀ ਗੱਲ ਸਾਨੂੰ-ਸਾਡੀ ਓਹਨਾਂ ਨੂੰ ਸਮਝ ਨਾ ਆਵੇ, ਪਰ ਤਾਲੀਆਂ ਦੀ ਬੋਲੀ ਤਾਂ ਸਰਬ ਸਾਂਝੀ ਹੈ । ਹਾਲ ਕਾਲਜੀਏਟਾਂ ਨਾਲ ਭਰਿਆ ਪਿਆ ਸੀ । ਤਾਲੀਆਂ ਦੀ ਗੂੰਜ ਅਦਭੁੱਤ ਸਮਾਂ ਸਿਰਜ ਦੇਂਦੀ । ਫਿਰ ਲਾਲ ਕਿਨਾਰੀ ਤੇ, ਬੁਣੇ ਹੋਏ ਸੋਹਣੇ ਬਾਰਡਰ ਵਾਲੇ-ਖੂਬਸੂਰਤ ਕ੍ਰੀਮ ਕਲਰ ਪਟਕਿਆਂ ਨਾਲ ਸਨਮਾਨ ਸਮਾਰੋਹ ਕੀਤਾ ਗਿਆ ।ਤੇਈ ਤਾਰੀਖ਼ ਨੂੰ ਇਕ ਬੜੇ ਮਸ਼ਹੂਰ 'ਕਾਮਾਖਿਆ ਦੇਵੀ' ਦੇ ਮੰਦਰ ਗਏ । ਦਰਸ਼ਨਾਰਥੀਆਂ ਦੀਆਂ ਲੰਮੀਆਂ ਲਾਈਨਾਂ ਵੇਖ ਕੇ ਅਚੰਭਤ ਹੋ ਗਏ । ਬਾਹਰੋਂ, ਇਤਿਹਾਸ ਦੀ ਜਾਣਕਾਰੀ ਲੈ ਕੇ ਹੀ ਸੰਤੁਸ਼ਟ ਹੋ ਗਏ । ਇਤਨੀ ਅਸ਼ਲੀਲ ਕਥਾ, ਕਿ ਬਿਆਨ ਕਰਨੀ ਚੰਗੀ ਨਹੀਂ ਲੱਗਦੀ । ਜਿਵੇਂ ਹਿਮਾਚਲ ਤੇ ਜੰਮੂ ਵਿੱਚ ਨੈਣਾਂ ਦੇਵੀ, ਚਿੰਤਪੁਰਨੀ, ਵੈਸ਼ਨੋਂ ਦੇਵੀ, ਵਗੈਰਾ ਸੱਤ ਦੇਵੀਆਂ ਦੇ ਸਥਾਨ ਹਨ, ਇਵੇਂ ਆਸਾਮ ਵਿੱਚ ਵੀ ਬਹੁਤ ਦੇਵੀ ਮੰਦਰ ਹਨ । 'ਵੈਸ਼ਨੋਂ ਦੇਵੀ, ਬਾਰੇ ਕਥਾ ਮਸ਼ਹੂਰ ਹੈ, ਕੋਈ ਦੁਸ਼ਟ ਇਸਦੇ ਪਿੱਛੇ ਪੈ ਗਿਆ ਤਾਂ ਇਹ ਜੰਗਲਾਂ, ਪਹਾੜਾਂ ਵਿੱਚ ਲੁੱਕਦੀ ਫਿਰੀ । ਭੂਚਾਲ ਨਾਲ ਬਣੀ ਇਸ ਪਹਾੜ ਦੀ ਖੁੰਦਰ ਵਿੱਚ ਵੜ ਕੇ ਲੁੱਕ ਗਈ ਤਾਂ ਜਾਬਰ ਲੱਭ ਨਾ ਸਕਿਆ । ਇੰਜ ਲੱਗਦਾ ਹੈ- ਕਬੀਲਾ ਜੁਗ ਵੇਲੇ ਮਨੁੱਖੀ ਸਮਾਜ ਇਸਤ੍ਰੀਆਂ ਦੀ ਅਗਵਾਈ ਵਿੱਚ ਹੀ ਵਿਚਰਦਾ ਸੀ । ਬਾਲ ਜਨਮ ਸਮੇਂ, ਔਰਤ ਸਰੀਰ ਵਿੱਚ ਕੁਝ ਕਮਜ਼ੋਰੀ ਆਉਣੀ ਕੁਦਰਤੀ ਵਰਤਾਰਾ ਹੈ ।



Sri Satguru Jagjit Singh Ji eLibrary NamdhariElibrary@gmail.com

ਇਸ ਵਕਤ ਦਾ ਲਾਭ ਲੈ ਕੇ ਮਰਦ ਨੇ ਹੌਲੇ-ਹੌਲੇ ਟੋਲੇ ਦੀ ਅਗਵਾਈ ਹਥਿਆ ਲਈ। ਏਹ ਸਮਾਂ ਆਦਮੀਆਂ ਵੱਲੋਂ ਔਰਤਾਂ ਹੱਥੋਂ ਸਰਦਾਰੀ ਖੋਹਣ ਦਾ ਜਾਪਦਾ ਹੈ। ਜਿਹੜੀਆਂ ਸ਼ਹਿਜ਼ੋਰ ਤੇ ਜੰਗਜੂ ਸਨ, ਓਹਨਾਂ ਨੇ ਮਹਿਖੇ, ਸੁੰਭ ਆਦਿ ਜਿਹੇ ਵਿਰੋਧੀਆਂ ਨੂੰ ਮਾਰ ਮੁਕਾਇਆ, ਤਾਂ ਮਰਦਾਂ ਨੇ ਉਹਨਾਂ ਦੀਆਂ ਵਾਰਾਂ ਗਾਈਆਂ। ਜਿਹੜੀਆਂ ਕਮਜ਼ੋਰ ਸਨ- ਉਹਨਾਂ ਦੇ ਸਥਾਨ ਬਣਾ ਕੇ, ਪੂਜਣਾ ਸ਼ੁਰੂ ਕਰ ਦਿੱਤਾ। ਭਾਵ ਚੇਤੰਨ ਤੋਂ-ਜੜ੍ਹ ਦੇਵੀ ਦਾ ਰੁਤਬਾ ਦੇ ਕੇ, ਅਧੀਨ ਕਰ ਲਿਆ। ਅੱਜ ਸ਼ਾਮ ਨੂੰ ਟੈਗੋਰ ਕਲਚਰਲ ਕਲੱਬ ਵਿੱਚ ਇਕ ਨਾਟਕ ਵੇਖਣ ਦਾ ਪਰੋਗਰਾਮ ਬਣਿਆਂ। ਜੋ ਇਸ ਯਾਤਰਾ ਦਾ ਹਾਸਲ ਹੋ ਨਿੱਬੜਿਆ। ਵੱਡੇ ਹਾਲ ਵਿੱਚ-ਵੱਡਾ ਸਟੇਜ-ਪਹਿਲਾਂ ਭੰਗੜੇ ਦੀ ਕਿਸਮ ਦਾ, ਢੋਲਾਂ ਨਾਲ ਸਮੂਹ ਨਾਚ। ਆਗੂ ਢੋਲੀ ਨੇ, ਸਿਰ ਤੇ ਸਥਾਨਕ ਪੋਂਡੂਆ ਵਾਲੀ ਪਗੜੀ ਬੰਨ੍ਹ ਕੇ ਸੋਹਣਾ ਸਮਾਂ ਸਿਰਜਿਆ। ਢੋਲ ਦੀ ਥਾਪ=ਰੋਕ ਆਗੂ ਨੇ ਢੋਲਾ ਜਾਂ ਬੋਲੀ ਪਾਣੀ, ਫਿਰ ਇਕਦਮ ਕਈ ਢੋਲਾਂ ਨੇ ਗੜਗੱਜ ਪਾ ਦੇਣੀ। ਆਗੂ ਢੋਲੀ ਦਾ ਨਖ਼ਰਾ, ਓਹਦੀਆਂ ਕਲਾਸਕੀ ਥਾਪਾਂ, ਜਿਵੇਂ ਕੋਈ ਜਰਨੈਲ ਅਨੁਸ਼ਾਸਤ ਸੈਨਾ, ਜੰਗ ਵਿੱਚ ਝੋਕ ਰਿਹਾ ਹੋਵੇ। ਤਾਂਹੀਓਂ ਤੰਦਰਾ ਟੁੱਟੀ- ਜਦੋਂ ਓਹ ਸਾਰਿਆਂ ਨੂੰ ਸਮੇਟ ਅੱਖੋਂ ਓਝਲ ਹੋ ਗਿਆ। ਭਰੇ ਹੋਏ ਥੀਏਟਰ ਵਿੱਚ ਤਾਲੀਆਂ ਦੀ ਗੂੰਜ ਨੇ ਕਲਾ ਨੂੰ ਚੰਗਾ ਹੁੰਗਾਰਾ ਭਰਿਆ।

ਫਿਰ ਵਾਰੀ ਆਈ-ਸੰਸਾਰ ਪ੍ਰਸਿੱਧ ਨਾਟਕ 'ਜਨਕ ਨੰਦਨੀ' ਦੇ ਸਵੈਮਾਨ ਸਿਖ਼ਰ ਦੀ। ਇਕ ਹੋਰ ਵਿਦਵਾਨ, ਅਸਮੀ ਵਿੱਚ ਨਾਟਕ ਬਾਰੇ ਲੰਮਾ ਵਖਿਆਨ ਦੇ ਕੇ ਹਟਿਆ। ਅਸਾਂ ਸਮਝਿਆ, ਸੂਤਰ ਧਾਰ ਹੋਇਗਾ। ਪਰ ਜਦੋਂ 28-30 ਪਾਤਰ ਸਟੇਜ ਤੇ ਆਏ, ਉਹਨਾਂ ਦੀ ਕਲਾ ਨੇ ਸਪੱਸ਼ਟ ਕੀਤਾ-ਕੋਈ ਹਦਾਇਤਕਾਰ ਨਹੀਂ-ਕੋਈ ਸਟੇਜ ਸੱਜਾ ਨਹੀਂ। ਕੋਈ ਪਰਦਾ ਨਹੀਂ ਡਿਗਿਆ। ਮਟਮੈਲਾ ਚਾਨਣ ਤੇ ਅਗਲਾ ਸੀਨ ਚਾਲੂ। ਆਪੇ ਕਲਾਕਾਰਾਂ ਨੇ ਬਾਹੀਂ ਉਚੀਆਂ ਨੀਵੀਆਂ ਕਰ ਕੇ ਸ਼ਾਹੀ ਮਹੱਲ, ਜੰਗਲ-ਬੀਆਬਾਨ, ਤਪਸੀ ਝੁੱਗੀਆਂ, ਜੰਗ ਦਾ ਮੈਦਾਨ ਸਾਕਾਰ ਕਰ ਦੇਣਾ। ਬੋਲੀ ਦੀ ਸਮਝ ਨਾ ਆਉਣ ਤੇ ਵੀ ਸਾਰਾ ਪਤਾ ਲੱਗ ਰਿਹਾ ਸੀ। ਵਾਰ ਵਾਰ ਸ੍ਰੀ ਰਾਮਚੰਦਰ ਵੱਲੋਂ ਕੀਤੀ ਪ੍ਰੀਖਿਆ 'ਚੋਂ ਸਫਲ ਹੋ ਕੇ, ਜਨਕ ਨੰਦਨੀ ਨੇ ਅਗਲੀ ਵਾਰੀ ਵਾਸਤੇ ਫਿਰ ਤਿਆਰ ਹੋਣਾ। ਅਸਚਰਜ ਵਿਸਮਾਦ, ਕਰੁਣਾ, ਕ੍ਰੋਧ ਸਾਡੇ ਹਿਰਦਿਆਂ 'ਤੇ ਅਸਰ ਅੰਦਾਜ਼ ਹੋ ਰਹੇ ਸਨ। ਇਕ ਰੂਪ ਮਤੀ ਨੇ-ਵਿੱਚ ਵਾਰ ਬਾਂਹ ਉਲਾਰ ਕੇ, ਮਟਕ ਨਾਲ ਗੌਂ ਕੇ, ਕਮਾਲ ਦਾ ਸਮਾਂ ਸਿਰਜ ਦੇਣਾ ਜਿਵੇਂ ਕੋਈ ਹੀਰ ਗਾ ਰਹੀ ਹੋਵੇ। 'ਜਨਕ ਨੰਦਨੀ' ਦਾ ਪਾਰਟ ਕਰਨ ਵਾਲੀ ਕੋਮਲ ਜਿਹੀ ਬੱਚੜੀ ਨੇ ਤਾਂ ਮੰਤਰ ਮੁਗਧ ਕੀਤੀ ਰਖਿਆ। ਖੜੀ ਖੜੋਤੀ ਨੇ-ਅੱਖਾਂ ਮੀਟ ਕੇ, ਦੋਹਾਂ ਹਥੇਲੀਆਂ ਉਤੇ ਇਸ ਤਰ੍ਹਾਂ ਸਿਰ ਉਲਾਰ ਦੇਣਾ, ਜਿਵੇਂ ਕੋਈ ਮਹਾਰਾਣੀ ਸ਼ਾਹੀ ਸੇਜ 'ਤੇ ਆਰਾਮ ਫਰਮਾ ਰਹੀ ਹੋਵੇ। ਲਵ-ਕੁਸ਼ ਤੋਂ ਹਾਰ ਕੇ-ਚਾਰੇ ਭਾਈਆਂ ਸਮੇਤ, ਸਾਰੀ ਸੈਨਾ ਮੂਰਛਤ ਹੋਈ ਪਈ ਹੈ। 'ਸੀਤਾ' ਨੂੰ ਪਤਾ ਲੱਗਦਾ ਹੈ। ਬਾਲਮੀਕ ਜੀ ਨੂੰ ਬੇਨਤੀ



Sri Satguru Jagjit Singh Ji eLibrary NamdhariElibrary@gmail.com

ਕਰ ਕੇ ਅੰਮ੍ਰਿਤ ਛਿਟਕਾਂਦੀ ਹੈ । ਸੁਚੇਤ ਹੋਣ ਬਾਅਦ, ਸੀਤਾ-ਬੱਚਿਆਂ ਸਮੇਤ ਅਜੁੱਧਿਆ ਪਹੁੰਚਦੀ ਹੈ । ਦਰਾਣੀਆਂ ਦੇ ਕਹਿਣ 'ਤੇ ਦੀਵਾਰ ਉਤੇ ਰਾਵਣ ਦਾ ਚਿੱਤਰ ਬਣਾਂਦੀ ਹੈ । ਤਾਹੀਓਂ ਰਾਮ ਜੀ ਆਉਂਦੇ ਹਨ । ਵੇਖ ਕੇ ਚੇਹਰੇ ਤੇ ਸ਼ੰਕਾ ਦੇ ਵੱਟ ਪੈ ਜਾਂਦੇ ਹਨ । ਸੀਤਾ ਨੇ ਰਾਮ ਜੀ ਦਾ ਸ਼ੰਕਾ ਮਹਿਸੂਸ ਕਰ ਲਿਆ । ਜਜ਼ਬੇ ਗੁੱਧੇ ਬੋਲਾਂ ਨਾਲ, ਆਖਰੀ ਪ੍ਰੀਖਿਆ ਦੇਣ ਪਾਰੋਂ, ਧਰਤੀ 'ਚੋਂ ਵਿਰਲ ਮੰਗਦੀ ਹੈ । ਓਧਰ ਭੂਚਾਲ ਆ ਕੇ ਜ਼ਮੀਨ ਫਟਦੀ ਹੈ - ਓਧਰ ਲਵ-ਕੁਸ਼ ਨੂੰ ਅੱਗੇ ਕਰਕੇ, ਰਾਮ ਜੀ-ਖਿੜਕਦੇ ਬੋਲਾਂ ਨਾਲ ਤਰਲੇ ਕਰਦੇ ਹਨ। 'ਜਨਕ ਨੰਦਨੀ' ਧਰਤ ਸਮਾਧ ਲੈਂਦੀ ਹੈ ਤਾਂ ਰਾਮ ਜੀ ਕੋਲ ਖੜੋਤੇ-ਬੇਵੱਸ ਕੰਬਦੇ ਰਹਿ ਜਾਂਦੇ ਹਨ । ਸਾਰਾ ਹਾਲ ਤਾਲੀਆਂ ਦੀ ਗੂੰਜ ਨਾਲ ਉਠ ਖੜਾ ਹੋਇਆ । ਅਸੀਂ ਸਾਰੇ ਹੀ ਆਪ ਮੁਹਾਰੇ ਸਟੇਜ 'ਤੇ ਜਾ ਚੜ੍ਹੇ । ਕਲਾਕਾਰਾਂ ਨੂੰ ਮੁਕਤ ਕੰਠ ਮੁਬਾਰਕਾਂ -ਸ਼ਾਬਾਸ਼ੀਆਂ ਭੇਟ ਕੀਤੀਆਂ । ਸਟੇਜ 'ਤੇ ਹੀ ਜਦੋਂ ਨਾਟਕ ਰਚੇਤਾ ਨਾਲ ਜਾਣਕਾਰੀ ਹੋਈ, ਹੈਰਾਨ ਹੀ ਰਹਿ ਗਏ । ਸਾਡੇ ਨਾਲ ਫਿਰਨ ਵਾਲਾ, ਇਕ ਨਿਮਾਣਾ ਜਿਹਾ ਸੇਵਕ-ਜਾਂ ਕਲਰਕ ਜਾਪਦਾ ਇਨਸਾਨ, ਏਡਾ ਮਹਾਨ ਨਾਟਕਕਾਰ ਹੋ ਸਕਦਾ ਹੈ ? ਅਸਾਂ ਆਵਾਜ਼ ਦੇਣੀ 'ਰਾਜਬੰਸੀ' । ਯੇ ਕਾਮ ਹੈ-ਕਹਿਣ ਤੋਂ ਪਹਿਲਾਂ ਇਸਨੇ ਹਾਜ਼ਰ ਹੋ ਜਾਣਾ । ਇਤਨਾ ਮਹਾਨ, ਇਤਨਾ ਗੁਣਵਾਨ ਫਿਰ ਇਤਨਾ ਨਿਰਮਾਣ । ਮੈਂ ਤਾਂ ਆਪਣੀ ਜ਼ਿੰਦਗੀ ਵਿੱਚ ਇਹੋ ਜਿਹੇ ਥੋੜ੍ਹੇ ਹੀ ਵੇਖੇ ਹਨ । ਰਾਤ ਕੁਵੇਲੇ ਸੌਣ-ਤੱਕ ਨਾਟਕ ਬਾਰੇ ਚਰਚਾ ਚਲਦੀ ਰਹੀ । 24 ਸਤੰਬਰ ਸਵੇਰੇ ਇਕ ਸਪੈਸ਼ਲ ਬੱਸ 'ਤੇ 40-45 ਜਣੇ, ਵਿੱਚ ਕੁਝ ਸਾਹਿਤਕਾਰ ਬੀਬੀਆਂ ਵੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਗੁਰਦੁਆਰੇ 'ਧੁਬਰੀ ਸਾਹਿਬ' ਦੇ ਦਰਸ਼ਨਾਂ ਲਈ ਰਵਾਨਾ ਹੋਏ । ਗੁਹਾਟੀ ਤੋਂ 'ਧੁਬਰੀ ਸਾਹਿਬ' 300 ਕਿਲੋਮੀਟਰ ਤੋਂ ਵੱਧ ਸਫਰ ਹੈ । ਸਾਰਾ ਦਿਨ ਲਗਾਤਾਰ ਚਲਦੇ ਰਹੇ । ਰਸਤੇ ਵਿੱਚ ਨਾਰੀਅਲ, ਕੇਲਿਆਂ ਦੇ ਖੇਤ, ਕਿਤੇ-ਕਿਤੇ ਧਾਨ ਵੀ । ਬਹੁਤਾ ਕਰਕੇ ਪਾਣੀ ਹੀ ਪਾਣੀ ਦਿਸਹੱਦੇ ਤੱਕ, ਜਿਵੇਂ ਸਮੁੰਦਰ ਹੋਵੇ । ਨਿੱਕੀਆਂ ਬੇੜੀਆਂ ਇਕੱਲੇ ਹੀ ਲਈ ਫਿਰਦੇ ਵੇਖੇ, ਜਿਵੇਂ ਕੋਈ ਮਾਰੂਤੀ ਭਜਾਈ ਫਿਰਦਾ ਹੋਵੇ । ਗੁਰਦੁਆਰੇ ਦੁਆਲੇ ਸ਼ਹਿਰ ਵੱਸਿਆ ਪਿਆ ਹੈ । ਰੇਲਵੇ ਸਟੇਸ਼ਨ ਵੀ ਹੈ । ਪਿਛਲੇ ਪਹਿਰ ਪਹੁੰਚੇ, ਇਕ ਸਥਾਨਕ ਕਵੀ ਸੰਸਥਾ ਨਾਲ ਮਿਲਣਾ ਹੋਇਆ । ਕਵੀ ਦਰਬਾਰ ਹੋਣ ਬਾਅਦ ਸਨਮਾਨ ਭੇਂਟ ਕੀਤੇ ਗਏ । ਰਾਤ ਕੁਵੇਲੇ ਇਕ ਟਿੱਬੇ ਜਿਹੇ ਉਤੇ ਬਣੇ ਗੁਰਦੁਆਰੇ ਵਿੱਚ ਕਵੀ ਦਰਬਾਰ ਹੋਇਆ ।

ਇਹਦੇ ਬਾਰੇ ਸਾਖੀ ਹੈ ਕਿ - ਏਧਰਲੇ ਲੋਕਾਂ ਦੇ ਜਾਦੂ-ਟੂਣੇ ਤੋਂ ਡਰਦਿਆਂ, ਰਾਜਾ ਜੈ ਸਿੰਘ, ਨੌਵੇਂ ਗੁਰੂ ਜੀ ਨੂੰ ਬੇਨਤੀ ਕਰ ਕੇ ਆਪਣੇ ਹਮਰਾਹ ਲੈ ਆਇਆ । ਬ੍ਰਹਮਪੁੱਤਰ ਦੇ ਦੋਵਾਂ ਕੰਢਿਆਂ 'ਤੇ ਫੌਜਾਂ ਡੱਟ ਕੇ ਖੜੋ ਗਈਆਂ । ਸਤਿਗੁਰਾਂ ਦੇ ਜਤਨਾਂ ਕਰਕੇ ਆਸਾਮੀ ਰਾਜੇ ਨੇ ਅਧੀਨਤਾ ਸਵੀਕਾਰ ਕਰ ਲਈ । ਸੁਲਾਹ ਬਾਅਦ ਰਾਜਾ ਜੈ ਸਿੰਘ ਨੇ, ਫੌਜ ਨੂੰ ਹੁਕਮ ਦਿੱਤਾ-ਹਰ ਜਵਾਨ ਆਪਣੀ ਢਾਲ ਵਿੱਚ ਮਿੱਟੀ ਭਰ ਕੇ ਏਥੇ



Sri Satguru Jagjit Singh Ji eLibrary NamdhariElibrary@gmail.com

ਸੁੱਟਦਾ ਜਾਵੇ । ਕਹਿੰਦੇ ਹਨ-ਇਕ ਲੱਖ ਜਵਾਨ ਸੀ, ਇਸ ਕਰਕੇ ਇਹ ਏਡਾ ਉਚਾ ਟਿੱਬਾ ਬਣ ਗਿਆ । ਇਸ ਟਿੱਬੇ ਉਤੇ-ਸਤਿਗੁਰਾਂ ਨੂੰ ਸੁਸ਼ੋਭਿਤ ਕਰਕੇ-ਹਰ ਇਕ ਨੇ ਭੇਟ ਧਰ ਕੇ ਨਮਸਕਾਰ ਕੀਤੀ । ਗੁਰੂ ਘਰੋਂ ਪੀਲੇ ਪਰਨਿਆਂ ਦਾ ਸਤਿਕਾਰ ਮਿਲਿਆ । ਰਾਤ 10.30 ਵਜੇ ਲੰਗਰ ਛੱਕਿਆ । ਸਥਾਨਕ ਸੱਜਣ ਕਹਿਣ, ਰਾਤ ਸਫ਼ਰ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ । ਅਸਾਂ ਅਗਲਾ ਦਿਨ ਬਚਾਉਣ ਪਾਰੋਂ ਰਾਤ 11 ਵਜੇ ਧਾਈ ਕਰ ਲਈ । ਅਗਲੇ ਦਿਨ 8 ਵਜੇ ਗੁਹਾਟੀ ਨੇੜੇ ਸ੍ਰ. ਹਿੰਦਬੀਰ ਸਿੰਘ ਨੇ ਆਪਣੇ ਨਵੇਂ ਪੈਟਰੋਲ ਪੰਪ ਤੇ ਸੰਗਤ ਨੂੰ ਚਾਹ ਬਿਸਕੁਟਾਂ ਦਾ ਲੰਗਰ ਛੱਕਾਇਆ । ਧੁਬਰੀ ਸਾਹਿਬ ਤੇ ਗੁਹਾਟੀ ਵਿੱਚ ਵਧੀਆ ਚਾਰ ਮੰਜ਼ਲੇ ਗੁਰਦੁਆਰੇ ਹਨ । ਦੋਵੇਂ ਜਗ੍ਹਾ ਪੰਜਾਬੀ ਸਰਦਾਰ ਕਾਫ਼ੀ ਹਨ । ਕਾਰੋਬਾਰ ਵੀ ਚੰਗੇ ਹਨ । ਗੁਰੂ ਘਰੋਂ ਲੰਗਰ ਅਤੁੱਟ ਮਿਲਦਾ ਹੈ । ਗੁਹਾਟੀ ਸ਼ਾਮ ਨੂੰ ਕਵੀ ਦਰਬਾਰ ਹੋ ਕੇ ਸਨਮਾਨ ਮਿਲੇ । ਗੁਰੂ ਘਰੋਂ ਬਸੰਤੀ ਸਿਰੋਪੇ-ਹੋਰ ਸੰਸਥਾਵਾਂ ਤੋਂ ਆਸਾਮੀ ਤਰੀਕੇ ਦੇ, ਲਾਲ ਕਿਨਾਰਿਆਂ ਅਤੇ ਗੂੜ੍ਹੇ ਲਾਲ ਬੁਣੇ ਹੋਏ ਬਾਡਰਾਂ ਵਾਲੇ ਨੀਮ ਬਦਾਮੀ ਚੁੰਨੀਆਂ ਵਰਗੇ ਪਰਨੇ ਭੇਟ ਕੀਤੇ ਜਾਂਦੇ । ਟੈਗੋਰ ਥੀਏਟਰ ਵਿੱਚ, ਬਾਂਸ ਦੇ ਬੁਣੇ ਹੋਏ-ਮਖ਼ਮਲ ਦੀ ਲਾਲ ਕਿਨਾਰੀ ਵਾਲੇ ਗੋਲ ਟੋਪ, ਸਿਰਾਂ 'ਤੇ ਸਜਾ ਕੇ ਫੋਟੋ ਉਤਾਰੀਆਂ ਗਈਆਂ ।

ਛੱਬੀ ਤਾਰੀਖ਼ ਸਵੇਰੇ 7 ਵਜੇ, ਰੇਲ 'ਤੇ ਸਵਾਰ ਹੋਣ ਸਮੇਂ-ਡਾਇਰੈਕਟਰ 'ਰਾਜ ਬੰਸੀ', ਨਿੱਕੀ ਅਰਚਨਾ ਆਦਿ ਬੱਚੀਆਂ ਨੇ ਵਿਛੜਨ ਵੇਲੇ ਨੂੰ ਕਰੁਣਾ ਰਸ ਨਾਲ ਭਿਓਂ ਦਿੱਤਾ । ਬੱਚੀਆਂ ਦੇ ਹੰਝੂਆਂ ਨੇ ਸਾਡੇ ਵਿਚੋਂ ਵੀ ਮੁਦੱਗਲਿ ਆਦਿ ਕਈਆਂ ਦੀਆਂ ਅੱਖਾਂ ਡੁਲਾ ਦਿੱਤੀਆਂ । ਭਰੇ ਮਨ-ਸੀਟਾਂ ਤੇ ਆ ਕੇ ਵੀ ਕਈ ਚਿਰ ਕੋਈ ਗੱਲ ਨਾ ਹੋ ਸਕੀ । ਇਸ ਵਾਰ ਕਾਮਰੇਡ ਕੋਮਲ-ਸੁਦਰਸ਼ਨ ਗਾਸੋ, ਸੀ ਆਰ.ਮੁਦਗਿਲ ਅਤੇ ਮੈਨੂੰ ਇੱਕ ਜਗਹ ਬਹਿਣ ਦਾ ਅਵਸਰ ਮਿਲ ਗਿਆ । ਏ.ਸੀ. ਰੇਲ ਵਿੱਚ ਫਿਰ ਜੂਸ, ਜੈਮ ਵਾਲਾ ਦੌਰ ਸ਼ੁਰੂ ਹੋ ਗਿਆ । ਜ੍ਹਿਦੇ ਆਸਰੇ ਅਸੀਂ ਵਿਛੋੜੇ ਦੀ ਪਕੜ 'ਚੋਂ ਨਿਕਲ ਸਕੇ । ਪੰਜਾਬੀ ਦਾ ਅਖਾਣ ਹੈ-'ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ' । ਹੁਣ ਡਾਇਰੈਕਟਰ ਮੁਦਗਿਲ ਨਵੇਂ ਰੂਪ ਵਿੱਚ ਜਲਵਾ ਗਰ ਹੋਇਆ । ਪਹਿਲਾਂ ਤਾਂ ਇਸ ਨੂੰ-ਇਕ ਬਹੁਤ ਕਿਤਾਬਾਂ ਦੇ ਲਿਖਾਰੀ ਜਾਂ ਅਕਾਦਮੀ ਅਧਿਕਾਰੀ ਵਜੋਂ ਹੀ ਵੇਖਿਆ ਸੀ । ਜਾਂ ਕੁਝ ਖੁੱਲ੍ਹੀਆਂ-ਢਿੱਲੀਆਂ ਕਵਿਤਾਵਾਂ ਨਜ਼ਰੀਂ ਪਈਆਂ ਸਨ । ਪਰ ਇਹ ਲਤੀਫ਼ਾ ਗੋ ਦਾ ਰੂਪ, ਵਿਲੱਖਣ ਜਿਹਾ ਸਾਮ੍ਹਣੇ ਆਇਆ । ਵਾਰੀ ਤਾਂ 'ਕੋਮਲ' ਨੇ ਵੀ ਚੰਗੀ ਵਾਹੀ । ਇਸ ਵਿਦਵਾਨ ਪੰਡਿਤ ਦੀਆਂ ਅਨੇਕ ਸ਼ਕਲਾਂ ਵਿੱਚੋਂ-ਘੁਮੰਤੂ ਬ੍ਰਹਿਮਣ ਵਾਲੀ ਸ਼ਕਲ ਸਭ ਤੋਂ ਵਧੇਰੇ ਸਾਰਥਕ ਹੈ, ਜਿਸ ਕਰਕੇ ਹਰਿਆਣੇ ਵਿੱਚ ਪੰਜਾਬੀ ਬੋਲੀ ਦਾ ਭਰਪੂਰ ਪ੍ਰਚਾਰ ਹੋ ਰਿਹਾ ਹੈ । ਅੱਲਾਹ ਕਰੇ ਜ਼ੋਰਿ ਕਲਮ ਔਰ ਜ਼ਿਆਦਾ ਵੀ, ਤੇ ਰੱਬ ਕਰੇ ਇਹ ਤੰਦਰੁਸਤ ਰ੍ਹਵੇ ਤੇ ਇਸ ਦਾ ਪੈਰ ਚੱਕਰ, ਇੰਜੇ ਈ ਚੱਲਦਾ ਕਰੇ । ਆਮੀਨ ।

*************



Sri Satguru Jagjit Singh Ji eLibrary NamdhariElibrary@gmail.com

# ਉਤਸ਼ਾਹ ਦਾ ਕਮਾਲ !

326 ਦੇ ਕੇਸ 'ਚੋਂ ਜ਼ਮਾਨਤੀ ਹੋ ਕੇ, ਜਦੋਂ ਬਾਪੂ ਜੀ ਨੇ ਸੱਤ ਮਹੀਨੇ ਸ੍ਰੀ ਭੈਣੀ ਸਾਹਿਬ ਨਿਰੰਤਰ ਨਿਵਾਸ ਰੱਖਿਆ, ਤਾਂ ਸਾਡੀ ਸੁੱਘੜ ਸੁੰਦਰ ਜਣਨੀ ਬੇਬੇ ਕਰਤਾਰ ਕੌਰ ਜੀ ਸਮੇਤ, ਮੈਨੂੰ ਤੇ ਛੋਟੇ ਪਿਆਰੇ ਵੀਰ ਬਲੀ ਸਿੰਘ ਨੂੰ ਵੀ, ਉਹ ਸੁਭਾਗ ਸਮਾਂ ਕਮ-ਉਮਰੇ ਹੋਣ ਕਰਕੇ, ਸੁਤੇ-ਸਿੱਧ ਪ੍ਰਾਪਤ ਹੋ ਗਿਆ । ਮੈਂ ਓਦੋਂ ਸ਼ਾਇਦ ਦਸ-ਗਿਆਰਾਂ ਸਾਲ ਦਾ ਹੋਵਾਂਗਾ, ਉਸ ਵੇਲੇ ਦੀਆਂ ਉਥੋਂ ਦੀਆਂ ਯਾਦਾਂ-ਖੇਡਾਂ ਦਾ ਧੁੰਦਲਕਾ ਜਿਹਾ ਚੇਤਾ ਕਦੇ ਕਦੇ ਆ ਜਾਂਦਾ ਏ । ਪਰ ਜਿਹੜੀ ਗੱਲ ਚਿਲਕੋਰਾਂ ਮਾਰਦੀ ਅੱਜ ਤੱਕ ਜਿਉਂ ਦੀ ਤਿਉਂ ਸਾਪ੍ਰਤੱਖ ਏ, ਉਹ ਏ-ਬਾਪੂ ਜੀ ਵਲੋਂ ਮੈਨੂੰ ਏਹ ਆਦੇਸ਼, ਕਿ "ਜੇ ਲਿਖਣਾ ਸਿੱਖਣਾ ਈ ਤਾਂ ਮਾਸਟਰ ਨਿਹਾਲ ਸਿੰਘ ਜੀ ਕੋਲ ਜਾਇਆ ਕਰ ।" ....... ਅਤੇ ਮਾਸਟਰ ਜੀ ਦਾ ਇਹ ਕਹਿਣਾ ਕਿ "ਜਿਵੇਂ ਤੂੰ ਕੰਠੋਂ ਆਦਿ ਗ੍ਰੰਥ ਦਾ ਇਕ ਪੱਤਰਾ ਸੁਣਾ ਕੇ, ਪੰਥ 'ਚੋਂ ਪਹਿਲਾ ਇਨਾਮ ਪ੍ਰਾਪਤ ਕੀਤਾ ਏ, ਇੰਝ ਹੀ ਲਿਖਣ ਤੇ ਵੀ ਏਨੀ ਮਿਹਨਤ ਕਰ ਕਿ ਸ਼ਬਦ ਚੰਗਿਆੜੇ ਛੱਡਦੇ ਜਾਪਣ ।"

ਮੈਂ ਲਿਖਣ ਦਾ ਆਲਸੀ ਹੋਣ ਕਰਕੇ, ਇਹ ਅਭਿਲਾਸ਼ਾ ਮਨ ਵਿੱਚ ਹੀ ਲੈ ਕੇ ਚਲਾ ਜਾਣਾ ਏਂ, ਕਿ ਮਾਸਟਰ ਜੀ ਦੀ ਸਿੱਖਿਆ ਤੇ ਅਮਲ ਨਾ ਕਰਨ ਕਰਕੇ, ਐਵੇਂ ਕਿਵੇਂ ਹੀ ਰਹਿ ਗਿਆ ।

ਪਾਠ ਪੱਤਰੇ ਵਾਲੀ ਗੱਲ, ਨਵ-ਉਮਰਾਂ ਨੂੰ ਸਿੱਖਿਆ ਤੇ ਉਤਸ਼ਾਹ ਦੇਣ ਪਾਰੋਂ, ਕਲਮਬੰਦ ਕਰਨ ਦਾ ਉਪਰਾਲਾ ਕਰਦਾ ਹਾਂ –

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਪਹਿਲੇ ਸਵਾ ਲੱਖ ਪਾਠ ਸ਼ੁਰੂ ਕਰਨ ਦੀ ਕਿਰਪਾ ਕੀਤੀ, ਤਾਂ ਸਾਡੇ ਇਲਾਕੇ ਵਿੱਚ ਪੱਤਰੇ ਵੰਡਣ ਦਾ ਸ਼ੁਭ ਤੇ ਕਠਿਨ ਕੰਮ ਬਾਪੂ ਜੀ ਦੇ ਜ਼ਿੰਮੇ ਲੱਗਾ ।

ਮੈਂ ਆਪਣੇ ਪੱਤਰੇ ਦਾ ਪਾਠ, ਆਂਢ-ਗੁਆਂਢ ਨਾਲੋਂ ਪਹਿਲਾਂ ਸੰਪੂਰਨ ਕਰ ਲਿਆ, ਤਾਂ ਇਕ ਪੱਤਰਾ ਹੋਰ ਮਿਲ ਗਿਆ । ਉਸਦੇ ਸੰਪੂਰਨ ਹੋਣ ਤੋਂ ਪਹਿਲਾਂ ਹੀ 'ਸਤਿਜੁਗ' ਵਿੱਚ ਐਲਾਨ ਹੋ ਗਿਆ, ਕਿ ਜਿਹੜਾ ਆਪਣਾ ਪੱਤਰਾ ਕੰਠੋਂ, ਲਗਾਂ-ਮਾਤਰਾਂ ਸਮੇਤ ਸ਼ੁੱਧ ਸੁਣਾਏਗਾ, ਉਸਨੂੰ ਪਹਿਲਾ ਨੰਬਰ 25, ਦੂਸਰਾ 21, ਤੀਸਰਾ 15 ਇਨਾਮ ਦਿੱਤਾ ਜਾਏਗਾ ।"

ਬਾਪੂ ਜੀ ਕਹਿਣ ਲੱਗੇ, "ਸਾਧੂ ਸਿੰਘਾ ਮੇਹਨਤ ਕਰ ....... ਪਹਿਲਾ ਨੰਬਰ ਤੇਰੀ ਝੋਲੀ ਵਿੱਚ ਈ ਪਿਐ !" ਮੈਂ ਗਿੜਗਿੜਾਇਆ ਕਿ ਸਾਰੇ ਪੰਥ ਵਿੱਚ ਹਜ਼ਾਰਾਂ ਪਾਠੀ ਹੋਣਗੇ, ਮੈਨੂੰ ਕਿਸ ਪਹਿਲਾ ਨੰਬਰ ਲੈਣ ਦੇਣਾ ਏ ।



Sri Satguru Jagjit Singh Ji eLibrary NamdhariElibrary@gmail.com

ਪੱਤਰਾਂ ਪਾਠਾਂ ਸਮੇਂ ਕੁਝ ਸ਼ਰਾਰਤੀਆਂ ਨੇ ਵਾਵੇਲਾ ਖੜ੍ਹਾ ਕਰ ਦਿੱਤਾ ਸੀ ਕਿ – "ਨਾਮਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ-ਅੰਗ ਭੰਗ ਕਰ ਦਿੱਤਾ ਏ ।" ਜਦੋਂਕਿ ਜਿਲਦਾਂ ਬੰਨ੍ਹਣ ਤੋਂ ਪਹਿਲਾਂ, ਪ੍ਰੈਸ ਵਿਚੋਂ ਹੀ ਪੱਤਰੇ ਮੰਗਵਾਏ ਗਏ ਸਨ । ਫਿਰ ਵੀ ਸ੍ਰੀ ਸਤਿਗੁਰੂ ਜੀ ਦਾ ਹੁਕਮ ਆਉਣ ਤੇ ਵੰਡਣ ਵਾਲਿਆਂ ਨੇ, ਛਾਪੇ ਹੋਏ ਪੱਤਰੇ ਵਾਪਸ ਲੈ ਕੇ ਉਹਨਾਂ ਤੋਂ ਕਲਮੀ ਉਤਾਰਾ ਕਰਕੇ ਦੁਬਾਰਾ ਸੰਗਤਾਂ ਦੀ ਭੇਟ ਕੀਤੇ ਸਨ । ਅਤੇ ਇਹ ਉਤਾਰਾ ਕਰਨ ਸਮੇਂ, ਬਾਪੂ ਜੀ ਨੇ ਲਿਖਣ ਵੇਲੇ, ਮੈਨੂੰ ਸ਼ੁੱਧ ਉਚਾਰਨ ਦਾ ਅਭਿਆਸ ਕਰਾਇਆ ਸੀ, ਜੋ ਮੇਰੇ ਬੜਾ ਕੰਮ ਆਇਆ ।

ਆਦਿ ਗ੍ਰੰਥ ਸਾਹਿਬ ਦਾ ਅਖੰਡ-ਪਾਠੀ ਤਾਂ ਬਾਪੂ ਜੀ ਨੇ ਮੈਨੂੰ 8-9 ਸਾਲ ਦੀ ਉਮਰ ਵਿੱਚ ਹੀ ਬਣਾ ਲਿਆ ਹੋਇਆ ਸੀ । ਮੈਂ ਪਿੰਡ ਵਿੱਚ ਹੁੰਦੇ ਖੁਲ੍ਹਿਆਂ ਦੇ ਪਾਠਾਂ ਵਿੱਚ, ਕਦੀ ਕਦੀ ਰੌਲ ਲਾਇਆ ਵੀ ਕਰਦਾ ਸਾਂ । ਬਾਪੂ ਜੀ ਵਲੋਂ ਮੈਨੂੰ ਇਸ ਤਰ੍ਹਾਂ ਮਿਹਨਤ ਕਰਾਈ ਗਈ, ਕਿ ਆਪਣੇ ਨਿਜੀ ਗੁਰਦੁਆਰੇ ਦੇ ਪਿਛਵਾੜੇ ਬੈਠ ਕੇ, ਉਹਨਾਂ ਦੂਸਰੀ ਜਿਲਦ ਲੈ ਕੇ, ਸ਼ੁੱਧ ਉਚਾਰਨ ਅਤੇ ਔਕੜ-ਬਿਹਾਰੀ ਤੱਕ ਦੀ ਸ਼ੁੱਧਤਾ ਵੇਖਣੀ । ਹੌਲੇ-ਹੌਲੇ ਇੰਝ ਹੋ ਗਿਆ ਕਿ ਮੈਂ ਅੱਖੀਆਂ ਮੀਟ ਕੇ ਬੈਠ ਜਾਣਾਂ, ਤਾਂ ਮੈਨੂੰ ਇਉਂ ਲੱਗਣਾ ਜਿਵੇਂ ਪੱਤਰਾ ਮੇਰੇ ਸਾਹਵੇਂ ਖੜੋਤਾ ਹੋਇਆ ਏ ....... ਤੇ ਮੈਂ ਉਹਦੇ ਤੋਂ ਵੇਖ ਕੇ ਪੜ੍ਹਦਾ ਪਿਆਂ ।

ਇਕ ਗੱਲ ਬਾਪੂ ਜੀ ਨੇ ਮੈਨੂੰ ਇਹ ਪਕਾਈ ਕਿ ਸੁਣਨ ਲੱਗਿਆਂ ਚੇਤੇ ਰੱਖੀਂ, ਪਈ ਮੇਰੇ ਨਾਲੋਂ ਸ਼ੁੱਧ ਹੋਰ ਕਿਸੇ ਨੂੰ ਆਉਂਦਾ ਈ ਨਹੀਂ ।

ਜਦੋਂ ਇਮਤਿਹਾਨ ਦਾ ਵਕਤ ਆਇਆ ਤਾਂ ਬੜੇ ਬੜੇ ਧੁਰੰਧਰ ਪਾਠੀ ਸੀ ਓ ਕੰਬੇ ਲੈਂਦੇ ਡਿੱਠੇ । ਪਹਿਲੀ ਛਾਨਣੀ 'ਚੋਂ ਬਹੁਤੇ ਕਿਰ ਗਏ । ਅਤੇ ਫਾਈਨਲ ਵਿੱਚ ਤਾਂ ਮੇਰੇ ਨਾਲ ਸੰਤ ਦਿਆਲ ਸਿੰਘ ਜੀ ਲੁਹਾਰਾਂ ਵਾਲੇ (ਜੋ ਸੰਤ ਪ੍ਰੀਤਮ ਸਿੰਘ ਜੀ ਪੱਦੀ ਖਾਲਸਾ ਦੇ ਵਾਰੇ ਵਾਲੇ ਜਥੇ ਵਿੱਚ, ਵਾਜੇ ਵਾਲੇ ਕਰਕੇ ਜਾਣੇ ਜਾਂਦੇ ਰਹੇ, ਅਤੇ ਹੁਣ ਨੈਰੋਬੀ ਅਫਰੀਕਾ 'ਚੋਂ ਹੋ ਕੇ ਇੰਗਲੈਂਡ ਵਿੱਚ ਜਥੇਦਾਰੀ ਦੇ ਵਾਜੇ ਵਜਾ ਰਹੇ ਹਨ) ਅਤੇ ਤੀਸਰੇ ਕਰਤਾਰ ਸਿੰਘ ਜੀ ਮਹਿਸਮਪੁਰ ਵਾਲੇ ਪੁੱਜੇ । ਕਿਸੇ ਹੌਲੇ ਜਿਹੇ ਆਖਿਆ, "ਕੁੰਢੀਆਂ ਦੇ ਸਿੰਗ ਫਸ ਗਏ !" ਉਮਰੋਂ ਛੋਟਾ ਹੋਣ ਕਰਕੇ, ਮੈਨੂੰ ਬਾਅਦ ਵਿੱਚ ਸੁਣਿਆ ਗਿਆ । ਹਰ ਵਾਰ ਬਾਪੂ ਜੀ ਸਰੋਤਿਆਂ ਵਿੱਚ ਸ਼ਾਮਲ ਹੋ ਕੇ, ਬਾਅਦ ਵਿੱਚ ਮੇਰਾ ਦਿਲ ਵਧਾਉਂਦੇ ਰਹੇ ਕਿ – "ਤਕੜਾ ਰਹੋ, ਸਤਿਗੁਰੂ ਕਿਰਪਾ ਨਾਲ ਫਤਹਿ ਨਜ਼ਰ ਆਉਂਦੀ ਪਈ ਏ ।"

ਮੈਂ ਜਦੋਂ ਪਾਠ ਸ਼ੁਰੂ ਕੀਤਾ, ਚੌਫੇਰਿਓਂ ਆਵਾਜ਼ਾਂ ਆਉਣ ਲੱਗ ਪਈਆਂ ਕਿ – "ਸਾਨੂੰ ਪਾਠੀ ਨਜ਼ਰ ਨਹੀਂ ਆ ਰਿਹਾ !" ਤਾਂ ਸਤਿਗੁਰੂ ਜੀ ਦੇ ਹੁਕਮ ਨਾਲ, ਮੈਨੂੰ ਆਲਿਮ ਜੀ ਦੇ ਪੱਟ ਉਤੇ ਬਿਠਾਇਆ ਗਿਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਤ ਜੱਜ–



Sri Satguru Jagjit Singh Ji eLibrary NamdhariElibrary@gmail.com

ਪੱਤਰਾਂ ਪਾਠਾਂ ਸਮੇਂ ਕੁਝ ਸ਼ਰਾਰਤੀਆਂ ਨੇ ਵਾਵੇਲਾ ਖੜ੍ਹਾ ਕਰ ਦਿੱਤਾ ਸੀ ਕਿ - "ਨਾਮਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ-ਅੰਗ ਭੰਗ ਕਰ ਦਿੱਤਾ ਏ ।" ਜਦੋਂਕਿ ਜਿਲਦਾਂ ਬੰਨ੍ਹਣ ਤੋਂ ਪਹਿਲਾਂ, ਪ੍ਰੈਸ ਵਿਚੋਂ ਹੀ ਪੱਤਰੇ ਮੰਗਵਾਏ ਗਏ ਸਨ । ਫਿਰ ਵੀ ਸ੍ਰੀ ਸਤਿਗੁਰੂ ਜੀ ਦਾ ਹੁਕਮ ਆਉਣ ਤੇ ਵੰਡਣ ਵਾਲਿਆਂ ਨੇ, ਛਾਪੇ ਹੋਏ ਪੱਤਰੇ ਵਾਪਸ ਲੈ ਕੇ, ਉਹਨਾਂ ਤੋਂ ਕਲਮੀ ਉਤਾਰਾ ਕਰਕੇ ਦੁਬਾਰਾ ਸੰਗਤਾਂ ਦੀ ਭੇਟ ਕੀਤੇ ਸਨ । ਅਤੇ ਇਹ ਉਤਾਰਾ ਕਰਨ ਸਮੇਂ, ਬਾਪੂ ਜੀ ਨੇ ਲਿਖਣ ਵੇਲੇ, ਮੈਨੂੰ ਸ਼ੁੱਧ ਉਚਾਰਨ ਦਾ ਅਭਿਆਸ ਕਰਾਇਆ ਸੀ, ਜੋ ਮੇਰੇ ਬੜਾ ਕੰਮ ਆਇਆ ।

ਆਦਿ ਗ੍ਰੰਥ ਸਾਹਿਬ ਦਾ ਅਖੰਡ-ਪਾਠੀ ਤਾਂ ਬਾਪੂ ਜੀ ਨੇ ਮੈਨੂੰ 8-9 ਸਾਲ ਦਾ ਉਮਰ ਵਿੱਚ ਹੀ ਬਣਾ ਲਿਆ ਹੋਇਆ ਸੀ । ਮੈਂ ਪਿੰਡ ਵਿੱਚ ਹੁੰਦੇ ਖੁਲ੍ਹਿਆਂ ਦੇ ਪਾਠਾਂ ਵਿੱਚ, ਕਦੀ ਕਦੀ ਰੌਲ ਲਾਇਆ ਵੀ ਕਰਦਾ ਸਾਂ । ਬਾਪੂ ਜੀ ਵਲੋਂ ਮੈਨੂੰ ਇਸ ਤਰ੍ਹਾਂ ਮਿਹਨਤ ਕਰਾਈ ਗਈ, ਕਿ ਆਪਣੇ ਨਿਜੀ ਗੁਰਦੁਆਰੇ ਦੇ ਪਿਛਵਾੜੇ ਬੈਠ ਕੇ, ਉਹਨਾਂ ਦੂਸਰੀ ਜਿਲਦ ਲੈ ਕੇ, ਸ਼ੁੱਧ ਉਚਾਰਨ ਅਤੇ ਔਂਕੜ-ਬਿਹਾਰੀ ਤੱਕ ਦੀ ਸ਼ੁੱਧਤਾ ਵੇਖਣੀ । ਹੌਲੇ-ਹੌਲੇ ਇੰਝ ਹੋ ਗਿਆ ਕਿ ਮੈਂ ਅੱਖੀਆਂ ਮੀਟ ਕੇ ਬੈਠ ਜਾਣਾ, ਤਾਂ ਮੈਨੂੰ ਇਉਂ ਲੱਗਣਾਂ ਜਿਵੇਂ ਪੱਤਰਾ ਮੇਰੇ ਸਾਹਵੇਂ ਖੜੋਤਾ ਹੋਇਆ ਏ ....... ਤੇ ਮੈਂ ਉਹਦੇ ਤੋਂ ਵੇਖ ਕੇ ਪੜ੍ਹਦਾ ਪਿਆਂ ।

ਇਕ ਗੱਲ ਬਾਪੂ ਜੀ ਨੇ ਮੈਨੂੰ ਇਹ ਪਕਾਈ ਕਿ ਸੁਣਨ ਲੱਗਿਆਂ ਚੇਤੇ ਰੱਖੀਂ, ਪਈ ਮੇਰੇ ਨਾਲੋਂ ਸ਼ੁੱਧ ਹੋਰ ਕਿਸੇ ਨੂੰ ਆਉਂਦਾ ਈ ਨਹੀਂ ।

ਜਦੋਂ ਇਮਤਿਹਾਨ ਦਾ ਵਕਤ ਆਇਆ ਤਾਂ ਬੜੇ ਬੜੇ ਧੁਰੰਧਰ ਪਾਠੀ ਸੀ ਓ ਕੰਬੇ ਲੈਂਦੇ ਡਿੱਠੇ । ਪਹਿਲੀ ਛਾਨਣੀ 'ਚੋਂ ਬਹੁਤੇ ਕਿਰ ਗਏ । ਅਤੇ ਫਾਈਨਲ ਵਿੱਚ ਤਾਂ ਮੇਰੇ ਨਾਲ ਸੰਤ ਦਿਆਲ ਸਿੰਘ ਜੀ ਲੁਹਾਰਾਂ ਵਾਲੇ (ਜੋ ਸੰਤ ਪ੍ਰੀਤਮ ਸਿੰਘ ਜੀ ਪੱਦੀ ਖਾਲਸਾ ਦੇ ਵਾਰੇ ਵਾਲੇ ਜਥੇ ਵਿੱਚ, ਵਾਜੇ ਵਾਲੇ ਕਰਕੇ ਜਾਣੇ ਜਾਂਦੇ ਰਹੇ, ਅਤੇ ਹੁਣ ਨੈਰੋਬੀ ਅਫਰੀਕਾ 'ਚੋਂ ਹੋ ਕੇ ਇੰਗਲੈਂਡ ਵਿੱਚ ਜਥੇਦਾਰੀ ਦੇ ਵਾਜੇ ਵਜਾ ਰਹੇ ਹਨ) ਅਤੇ ਤੀਸਰੇ ਕਰਤਾਰ ਸਿੰਘ ਜੀ ਮਹਿਸਮਪੁਰ ਵਾਲੇ ਪੁੱਜੇ । ਕਿਸੇ ਹੌਲੇ ਜਿਹੇ ਆਖਿਆ, "ਕੁੰਢੀਆਂ ਦੇ ਸਿੰਗ ਫਸ ਗਏ !" ਉਮਰੋਂ ਛੋਟਾ ਹੋਣ ਕਰਕੇ, ਮੈਨੂੰ ਬਾਅਦ ਵਿੱਚ ਸੁਣਿਆ ਗਿਆ । ਹਰ ਵਾਰ ਬਾਪੂ ਜੀ ਸਰੋਤਿਆਂ ਵਿੱਚ ਸ਼ਾਮਲ ਹੋ ਕੇ, ਬਾਅਦ ਵਿੱਚ ਮੇਰਾ ਦਿਲ ਵਧਾਉਂਦੇ ਰਹੇ ਕਿ - "ਤਕੜਾ ਰਹੋ, ਸਤਿਗੁਰੂ ਕਿਰਪਾ ਨਾਲ ਫਤਹਿ ਨਜ਼ਰ ਆਉਂਦੀ ਪਈ ਏ ।"

ਮੈਂ ਜਦੋਂ ਪਾਠ ਸ਼ੁਰੂ ਕੀਤਾ, ਚੌਫੇਰਿਓਂ ਆਵਾਜ਼ਾਂ ਆਉਣ ਲੱਗ ਪਈਆਂ ਕਿ - "ਸਾਨੂੰ ਪਾਠੀ ਨਜ਼ਰ ਨਹੀਂ ਆ ਰਿਹਾ !" ਤਾਂ ਸਤਿਗੁਰੂ ਜੀ ਦੇ ਹੁਕਮ ਨਾਲ, ਮੈਨੂੰ ਆਲਿਮ ਜੀ ਦੇ ਪੱਟ ਉਤੇ ਬਿਠਾਇਆ ਗਿਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਤ ਜੱਜ-



Sri Satguru Jagjit Singh Ji eLibrary NamdhariElibrary@gmail.com

ਮੰਡਲ ਵਿੱਚ ਆਲਿਮ ਜੀ, ਪੰਡਿਤ ਗੁਪਾਲ ਸਿੰਘ ਜੀ, ਚੱਕਰਵਤਰੀ ਜੀ, ਸੂਬਾ ਸਈਆ ਸਿੰਘ ਜੀ, ਵੈਦ-ਸ਼ਾਸਤਰੀ ਸੰਤ ਤੇਜਾ ਸਿੰਘ ਜੀ ਨਿਰਮਲੇ, ਅਮਰ ਸਿੰਘ ਜੀ ਭਾਗੋਵਾਲ (ਜੋ ਸਵਾ ਲੱਖ ਪਾਠਾਂ ਦੇ ਕੇਂਦਰੀ ਹਿਸਾਬਦਾਨ ਸਨ) ਸ਼ਾਮਲ ਸਨ ।

ਅੱਧ-ਮੁੰਦੀਆਂ ਅੱਖੀਆਂ ਨਾਲ ਜਦੋਂ ਮੈ "ਪੰਨਾ 1267" ਆਖਿਆ, ਤਾਂ ਸਾਰਿਆਂ ਆਪੋ-ਆਪਣੀਆਂ ਜਿਲਦਾਂ ਖੋਲ੍ਹੀਆਂ । "ਰਹਾਉ ॥ ਮਨੂੰਆ ਲਾਇ ਸਵਾਰੇ ਥਾਨਾ" ਤੋਂ ਸ਼ੁਰੂ ਕਰਕੇ 1268 ਦੇ ਹੇਠਾਂ "ਬਿਛੁਰਤ ਕਿਓ ਜੀਵੇ ਓਇ ਜੀਵਨ" ਤੇ ਸੰਪੰਨ ਹੋਇਆ । ਤਾਂ ਮੇਰੀਆਂ ਅੱਖੀਆਂ 'ਵਾਹ ਵਾਹ' ਦੀਆਂ ਆਵਾਜ਼ਾਂ ਸੁਣ ਕੇ ਹੀ ਖੁਲ੍ਹੀਆਂ । ਨਾਲ ਹੀ ਨੋਟਾਂ ਦਾ ਛਰਾਟਾ ਮੇਰੀ ਝੋਲੀ 'ਚ ਵਰ੍ਹ ਪਿਆ । ਬਾਪੂ ਜੀ ਦੇ ਇਸ਼ਾਰੇ ਨਾਲ ਮੈਂ ਸ੍ਰੀ ਸਤਿਗੁਰੂ ਜੀ ਦੇ ਅੱਗੇ ਝੋਲੀ ਪਲਟ ਕੇ ਨਮਸ਼ਕਾਰ ਕੀਤੀ । ਅੱਗੋਂ ਪਾਤਸ਼ਾਹਾਂ ਨੇ ਰੁੱਗ ਭਰਕੇ ਫਿਰ ਮੇਰੀ ਝੋਲ ਭਰ ਦਿੱਤੀ ਕਿ - ਪਹਿਲਾ ਇਨਾਮ ਏਂ, ਬੱਚਾ ਖਾਲੀ ਹੱਥ ਕਿਉਂ ਜਾਏ । ਅਤੇ ਦੂਸਰਾ ਨੰਬਰ ਸੰਤ ਦਿਆਲ ਸਿੰਘ ਜੀ ਨੂੰ ਮਿਲਿਆ । ਤੀਸਰਾ ਸੰਤ ਕਰਤਾਰ ਸਿੰਘ ਜੀ ਮਹਿਸਮਪੁਰੀ ਹੱਥ ਲੱਗਾ ।

ਮਾਸਟਰ ਨਿਹਾਲ ਸਿੰਘ ਜੀ ਨਾਲ ਗ੍ਰਿਸਤਗੜ੍ਹ ਵਿੱਚ (ਜਿਹੜਾ ਵੱਡੇ ਗੜਵੇ ਦੇ ਦੂਸਰੇ ਪਾਸੇ ਬੋਹੜ ਹੇਠਾਂ ਵਸਦਾ ਸੀ, ਅਤੇ ਨਵੀਂ ਉਸਾਰੀ ਵਾਸਤੇ ਜਿਸਨੂੰ ਮਿਸਮਾਰ ਕਰਨਾ ਸ਼ੁਰੂ ਕੀਤਾ ਹੋਇਐ) ਕਈ ਪਰਿਵਾਰਾਂ ਦਾ ਸਾਂਝਾ ਡੇਰਾ ਸੀ, ਜਿਦ੍ਹੇ ਵਿੱਚ ਬੜਾ ਕੁਝ ਵਰਤਦਾ ਰਹਿੰਦਾ ਸੀ । ਬਾਪੂ ਜੀ ਦੀ ਇਕ ਸਤਰ ਕੁਝ ਕੁ ਚੇਤੇ ਆ ਰਹੀ ਏ- "ਗ੍ਰਿਸਤਗੜ੍ਹ ਵਿਚ ਗੜਬੜ ਰਹਿੰਦੀ, ਗ੍ਰਿਸਤੀ ਬਹੁਤੇ ਕਰਕੇ"- ਇਨ੍ਹਾਂ ਦਿਨਾਂ ਵਿੱਚ ਬੜੇ ਪਰਿਵਾਰਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਪਹਾੜਾਂ ਨੂੰ ਭੇਜਿਆ ਹੋਇਆ ਸੀ, ਪਰ ਮਾਸਟਰ ਜੀ ਅਤੇ ਵਹਿਮੀ ਜੀ ਨੂੰ ਆਪਣੀ ਹਜ਼ੂਰੀ ਦਾ ਮਾਨ ਬਖਸ਼ਿਆ ਹੋਇਆ ਸੀ । ਦੋਹਾਂ ਦੀ ਆਪਸ ਵਿੱਚ ਸੱਥਰੀ ਵੀ ਚੰਗੀ ਪੈਂਦੀ ਸੀ । ਦੋਹਾਂ ਦੇ ਖੇਤਰ ਭਾਵੇਂ ਕੁਝ ਕੁ ਵੱਖਰੇ-ਵੱਖਰੇ ਸਨ, ਪਰ ਕੇਂਦਰ ਇਕੋ ਸੀ - ਸਤਿਗੁਰੂ ਪ੍ਰਤਾਪ ਸਿੰਘ ਜੀ ।

**************


Sri Satguru Jagjit Singh Ji eLibrary NamdhariElibrary@gmail.com

# ਰਾਹੋਂ ਤੁਰ ਗਿਆ – ਹਮਰਾਹੀ ਵੀਰ

ਰੱਬੋਂ ਈ ਪੱਪੂ ਬਾਜਵੇ ਦੇ ਡੇਰੇ ਗਿਆ ਹੋਇਆ ਸਾਂ, ਕਿ ਉਹਦਾ ਫੋਨ ਕੁਰਲਾ ਉਠਿਆ, ਉਹ ਫੋਨ ਸੁਣਨ ਅੰਦਰ ਚਲਾ ਗਿਆ, ਤਾਂ ਮੈਨੂੰ ਲੱਗੇ, ਫੋਨ ਮੇਰਾ ਹੋਇਗਾ । ਥੋੜ੍ਹੀ ਦੇਰ ਬਾਦ ਜਦੋਂ ਓਨੇ ਵਾਜ ਮਾਰੀ, "ਬਾਪੂ ਜੀ ! ਤੁਹਾਡਾ ਫੋਨ", ਤਾਂ ਪਤਾ ਨਹੀਂ ਕਿਉ ? ਮੇਰਾ ਦਿਲ ਦਹਿਲ ਗਿਆ । ਫੋਨ ਔਂਦੇ ਵੀ ਨੇ ਤੇ ਜਾਂਦੇ ਵੀ ਨੇ, ਪਰ ਇੰਜ ਤੇ ਕਦੀ ਨਹੀਂ ਹੋਇਆ । ਉਹ ਦਸ ਕਦਮਾਂ ਦਾ ਰਾਹ ਤੇ ਮੇਰੇ ਮਨ ਵਿਚ ਵਿਸਵਸੇ ਹਜ਼ਾਰਾ । ਮੈਨੂੰ ਗੁਰਬਾਣੀ ਸਾਕਾਰ ਹੋਂਦੀ ਜਾਪੀ, 'ਨਿਮਖ ਮਾਹਿ ਚਾਰ ਕੁੰਟ ਫਿਰਿ ਆਵੈ । ਕਿਸੇ ਅਸ਼ੰਕਾ ਤੋਂ ਤ੍ਰਭਕਦਿਆਂ, ਹੌਲੇ ਜਹੇ ਹੈਲੋ, ਕੀਤੀ । ਦਾਤਾਗੰਜੋਂ ਸ੍ਰ. ਨੰਦ ਸਿੰਘ ਦੀ ਆਵਾਜ਼ ਕੰਨਾਂ ਨਾਲ ਟਕਰਾਈ, 'ਕਿਸਾਨ ਜੀ ! ਤੁਹਾਡਾ ਸੰਦੇਸ਼ਾ ਏ, ਤੁਹਾਡੇ ਕੋਈ ਕੇਹਰ ਸਿੰਘ ਜੀ ਹਮਰਾਹੀ ਸਨ, ਚਲੇ ਗਏ ਨੇ, ਪਰਸੋਂ ਭੈਣੀ ਸਾਹਿਬ ਭੋਗ ਪਏਗਾ ।

ਫੋਨ ਧਰਦਿਆਂ ਨੂੰ ਮੇਰੀਆਂ ਡਬਡਬਾਈਆਂ ਅੱਖਾਂ ਵੇਖ ਕੇ, ਪੱਪੂ-ਘਬਰਾ ਗਿਆ, ਖੈਰਸੁੱਖ ਤਾਂ ਹੈ ? ਜਦੋਂ 'ਹਮਰਾਹੀ ਨਾ ਰਿਹਾ ਖੈਰ ਸੁੱਖ ਕੇਹੀ । ਬੇਟੇ ! ਤੂੰ ਹੁਣ ਮੈਨੂੰ ਡੇਰਿਓਂ ਹੋ ਕੇ ਬੱਸ ਤੇ ਚੜ੍ਹਾ ਆ ।

ਰਾਤ ਗਿਆਰਾਂ ਵਜੇ ਦਿੱਲੀ ਗੁਰਭੇਜ ਕੋਲ ਪੁੱਜ ਕੇ, ਅਗਲੇ ਦਿਨ ਦੁਪੈਹਰਾਂ ਨੂੰ, ਸ੍ਰੀ ਭੈਣੀ ਸਾਹਿਬ ਪ੍ਰੀਤਮ ਸਿੰਘ ਕਵੀ ਜੀ ਦੇ ਨਿਵਾਸ ਨੂੰ ਜਾਂਦਿਆਂ, ਸੋਚ ਰਿਹਾ ਸਾਂ 'ਨਿੱਕਾ ਜਿਹਾ ਕੇਹਰ, ਹਮਰਾਹੀ ਦੇ ਪਿਤਾ ਸ੍ਰ. ਕਰਨੈਲ ਸਿੰਘ ਤੋਂ, ਜੀਵਨ ਨਗਰ ਗਤਕਾ ਸਿੱਖਦੇ ਸਾਰਿਆਂ ਦਾ ਖਿਡੌਣਾ ਕੇਹਰ, ਸ੍ਰੀ ਵਹਿਮੀ ਜੀ ਨੇ ਜਦੋਂ ਬੁਲਾਣਾ, ਕੇਹਰ ਸਿੰਘ ਕੇਹਰ ਕਹਿ ਕੇ ਬੁਲਾਣਾ, ਤਾਂ ਓਦੇ ਪਿਤਾ ਨੇ ਆਖਣਾ ਵਹਿਮੀ ਜੀ ! ਤੁਸੀਂ ਏਹਨੂੰ ਆਪਣਾ ਪੁੱਤਰ ਬਣਾ ਕੇ ਕਵਿਤਾ ਸਿਖਾ ਦਿਓ । ਕਣਕ ਵੰਨੇ ਕੇਹਰ ਦਾ ਗਤਕੇ ਦੇ ਪਿੜ ਵਿਚ ਪੈਰ ਨਾ ਭੁਇੰ ਤੇ ਪੈਣਾ, ਗੱਲਾਂ ਕਰਨੀਆਂ ਤਾਂ ਫੁੱਲ ਕਿਰਦੇ ਜਾਪਣੇ ।

ਸਿਰਸੇ ਗਤਕੇ ਵਾਲੇ ਅਮਰੀਕ ਸਿੰਘ ਦੀ ਸਾਈਕਲ ਦੁਕਾਨ ਤੇ ਪੰਚਰ ਲਾਂਦਾ, ਮੱਸ-ਫੁੱਟ ਕੇਹਰ, ਦੋਹਾਂ ਦੀਆਂ ਇਕੋ ਜਿਹੀਆਂ ਸ਼ਹਿਰੀ ਸਟਾਈਲ ਦੀਆਂ ਨਾਮਧਾਰੀ ਦਸਤਾਰਾਂ, ਅਸਾਂ ਹਾਸੇ 'ਚ ਤੀਲਿਆਂ ਵਾਲੀਆਂ ਵੀ ਕਹਿ ਦੇਣਾ, ਪਰ ਕੋਈ ਛੱਬ ਸੀ ਓਹਨਾਂ ਦੀ । ਕਿਸੇ ਕਦਰਦਾਨ ਨੇ ਦਿਲ ਵਾਰਿਆ, ਤਾਂ ਕਿਸੇ ਕੈਦੋ ਦੀ ਕੈਂਚੀ ਕੁਤਰਾ ਕਰ ਗਈ, ਕਾਤਰਾਂ ਵਿਖਾ ਕੇ ਕਹਿਣ ਲੱਗਾ, ਭਾਜੀ! ਕਿਤੇ ਦੂਰ ਚਲੇ ਜਾਣ ਤੇ ਜੀ ਕਰਦਾ ਏ ।

ਸੰਨ 64 'ਚ ਸ੍ਰੀ ਸਤਿਗੁਰੂ ਜੀ ਦੀਆਂ ਗਡੀਆਂ ਮਗਰ, ਸਾਈਕਲਾਂ ਤੇ ਜੀਵਨ ਨਗਰੋਂ-ਮਨਾਲੀ ਜਾਣ ਦਾ ਪ੍ਰੋਗਰਾਮ ਬਣ ਗਿਆ । ਚਾਰ ਜੋੜੇ ਇਕ ਲਾਈਨ 'ਚ ਤੁਰ ਪਏ



Sri Satguru Jagjit Singh Ji eLibrary NamdhariElibrary@gmail.com

। ਦੋ ਕਰੀਬ ਹਮਉਮਰ, ਸੋਹਣੇ ਤੇ ਇੱਕੋ ਜਿਹੀਆਂ ਦਸਤਾਰਾਂ ਵਾਲੇ, ਬਲਬੀਰ ਢਿੱਲੋਂ, ਕੇਹਰ ਹਮਰਾਹੀ (ਜਿਹੜੇ ਕਵੀ ਜੀ ਦੀ ਨਿਗ੍ਹਾ ਚੜ੍ਹ ਜਾਣ ਤੇ ਬਾਦ ਸਾਂਢੂ ਵੀ ਬਣ ਗਏ। ਸਾਈਕਲ ਸਵਾਰ ਕਵੀ ਮੰਡਲੀ ਦਾ ਸ਼ਾਨ ਸਨ।

ਸ੍ਰੀ ਸਤਿਗੁਰੂ ਜੀ ਹਰ ਦੁਪੈਹਰ ਤੇ ਰਾਤਾਂ ਦੇ ਲੰਗਰ ਵਿਸ਼ਰਾਮ ਦਾ ਵਧੀਆ ਪ੍ਰਬੰਧ ਕਰ ਕੇ ਅੱਗੇ ਚਲੇ ਜਾਂਦੇ। ਮਗਰ ਭੱਜਦਿਆਂ ਮੰਡੀ ਜਾ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਕਵੀ ਜੀ ਕਹਿਣ ਕੋਈ ਸੱਜਣ ਮੇਰੀ ਗੱਡੀ ਵਾਲੀ ਸੀਟ ਲੈ ਲਵੇ। ਮੈਨੂੰ ਸਾਈਕਲ ਦੇ ਦੇਵੇ। ਸਾਰੇ ਸਫ਼ਰ 'ਚ ਕੇਹਰ ਦੇ ਇਕ ਹੱਥ ਸਾਈਕਲ, ਇਕ ਹੱਥ ਰੇਡੀਓ, ਚੜ੍ਹਾਈ ਔਣ ਤੇ ਆਕਾਸ਼ ਬਾਣੀ ਚਾਲੂ ਜੋ ਜਾਣੀ।

ਮੰਡੀਓਂ ਅੰਮ੍ਰਿਤ ਵੇਲੇ ਹੁਕਮ ਹੋ ਗਿਆ। ਕਵੀ ਜਥਾ ਦੁੱਧਬੂੰਦੀ ਰੱਜ ਕੇ ਛਕ ਲਵੇ ਕਿ ਦੁਪੈਹਰਾਂ ਦਾ ਲੰਗਰ ਭੁੰਤਰ ਪੁਜ ਕੇ ਹੀ ਮਿਲੇਗਾ। ਪੰਜ ਵਜੇ ਨੂੰ ਕਵੀ ਕਾਫਲਾ ਰਾਹੇ ਪੈ ਗਿਆ। ਜਦੋਂ ਗੁਰੂ ਗੱਡੀਆਂ ਕੋਲੋਂ ਦੀ ਲੰਘਣ ਲਗੀਆਂ ਤਾਂ ਹਜ਼ੂਰੀ ਲਾਂਗਰੀ ਸੰਤ ਰਤਨ ਸਿੰਘ ਨੇ ਪੰਜ ਕਿਲੋ ਮੇਸੂਆਂ ਦਾ ਡੱਬਾ ਦੇ ਕੇ ਆਖਿਆ, ਭੁੱਖ ਲੱਗੀ ਹੋਇਗੀ, ਨਦੀ ਕੰਢੇ ਉਤਰ ਕੇ ਛੱਕ ਲਿਓ।

ਭੁੰਤਰ ਵਾਦੀ ਦਾ ਖੁੱਲ੍ਹਾਂ ਖੁਲਾਸਾ ਵਾਤਾਵਰਨ, ਬਦਾਮਾਂ, ਸੇਬਾਂ ਦੇ ਬਾਗ, ਹਵਾਈ ਅੱਡਾ, ਨਦੀਓਂ ਪਾਰ ਨੇੜੇ ਸੁਣੀਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਰਮ ਪਾਣੀਆਂ ਵਾਲਾ ਇਕ ਪੜਾਂ ਮਨੀਕਰਨ। ਤਕੜਾ ਮਿਲਟਰੀ ਕੈਂਪ, ਆਦਿ ਵੇਂਹਦਿਆਂ ਕੇਹਰ ਚਹਿਕ ਉਠਿਆ। ਕਹਿੰਦਾ ਭਾ ਜੀ ! ਮੈਨੂੰ ਏਥੇ ਈ ਛੱਡ ਜਾਇਓ ਦੁਕਾਨਦਾਰੀ ਦਾ ਵਧੀਆ ਟਿਕਾਣਾ ਏ।

ਤੇ ਫੇਰ ਜਦੋਂ ਸ੍ਰੀ ਦਸਮੇਸ਼ ਜੀ ਦੇ, ਤਿੰਨ ਸੌਵੇਂ ਪ੍ਰਕਾਸ਼ ਪੁਰਬ ਤੇ ਮੰਡੀ ਹਿਮਾਚਲ ਕਵੀ ਦਰਬਾਰ 'ਚ ਗਏ, ਤਾਂ ਕੇਹਰ ਸਿੰਘ ਜੋ ਤਦੋਂ ਤਕ ਹਮਰਾਹੀ ਬਣ ਚੁੱਕਿਆ ਸੀ, ਵਾਪਸੀ ਵੇਲੇ ਸਾਡੇ ਨਾਲ ਨਾ ਮੁੜਿਆ। ਦਸ ਕੁ ਦਿਨਾਂ ਬਾਦ ਮੈਨੂੰ ਚਿੱਠੀ ਆ ਗਈ, ਕਿ ਭਾ ਜੀ ! ਮੈਂ ਭੁੰਤਰ ਸਾਈਕਲ ਪੰਚਰ ਦੀ ਦੁਕਾਨ ਕਰ ਲਈ ਏ। ਇਕ ਵਾਰ ਆ ਕੇ ਵੇਖ ਜਾਓ।

ਕਾਲਖ਼ ਤੇ ਘੱਟੇ ਮਿੱਟੀ ਨਾਲ ਲਿੱਬੜੇ, ਰੁਲੇ ਹੋਏ ਕੋਮਲ ਹਮਰਾਹੀ ਨੂੰ ਵੇਖ ਕੇ, ਭਰੇ ਹੋਏ ਮਨ ਦੀ ਵੇਦਨ ਦੱਸੀ, ਤਾਂ ਕਹਿੰਦਾ, ਚਾਰ ਛੇ ਮਹੀਨੇ ਬਾਦ ਵੇਖਿਓ ! ਪਰ ਔਂਦੇ ਹਰ ਮਹੀਨੇ ਰਹਿਣਾ। ਕਦੀ ਦੂਰ ਦੁਰਾਡੇ ਲਗਦੇ ਪਹਾੜ, ਮੇਰੇ ਵਾਸਤੇ ਐਹ ਹੋ ਗਏ, ਹਾੜ ਸਿਆਲ ਮਹੀਨੇ ਦੋ ਮਹੀਨੇ ਬਾਦ ਵੇਖਣਾ, ਪਰਬਤਾਂ ਦੇ ਕਿੰਗਰਿਆਂ ਵਾਂਗ ਉਚੇ ਤੋਂ ਉਚਾ ਹੋ ਰਿਹਾ ਕੇਹਰ।

ਪੰਚਰਾਂ ਤੋਂ ਨਵੇਂ ਸਾਈਕਲ, ਰੇਡੀਓ, ਟੀ.ਵੀ. ਥੋਕ ਦਾ ਕੰਮ, ਕੈਂਪ ਦੇ ਫੌਜੀ



Sri Satguru Jagjit Singh Ji eLibrary NamdhariElibrary@gmail.com

ਅਫਸਰਾਂ, ਹਿਮਾਚਲ ਦੇ ਵਜ਼ੀਰਾਂ ਤੱਕ ਸਹਿਜ ਵਿਚਰਦਾ ਹਮਰਾਹੀ, ਤੇ ਫਿਰ ਇੰਦਰਾ, ਅਕਾਲੀ, ਜ਼ੈਲ ਸਿੰਘ, ਜਰਨੈਲ ਸਿੰਘ ਦੇ ਸਿਰਜੇ, ਸਿੱਖਾਂ ਲਈ ਨਹਿਸ਼ ਵਰ੍ਹੇ-ਚੁਰਾਸੀ ਦੇ ਚੱਕ੍ਰ ਵਿਊਹ ਵਿਚੋਂ, ਬਾਲ ਬੱਚੇ ਬਚਾ ਕੇ ਤਾਂ ਮੁਹਾਲੀ ਲੈ ਆਇਆ। ਪਰ ਲੱਖਾਂ ਦੇ ਚਲਦੇ ਕਾਰੋਬਾਰ 'ਚੋਂ ਕੱਖ ਵੀ ਹੱਥ ਨਾ ਆਇਆ। ਪੱਥਰ ਦਿਲ ਪਹਾੜੀ, ਵੜੇ ਵਜ਼ੀਰ ਕਿਸੇ ਵੱਟੀ ਨਾ ਵਾਹੀ।

ਮੁਹਾਲੀ ਆ ਕੇ ਜਿਹੜੇ ਕੰਮ ਨੂੰ ਹੱਥ ਪਾਇਆ, ਨੁਕਸਾਨ ਉਠਾਇਆ। ਨੱਚਦੀ ਟੱਪਦੀ ਛੋਟੀ ਬੱਚੀ ਸ਼ਬਨਮ ਨੂੰ ਅਜਿਹਾ ਅਟੈਕ ਹੋਇਆ, ਦੁਨੀਆਂ ਦੇ ਕਿਸੇ ਵੜੇ ਡਾਕਟਰ ਤੋਂ ਰੱਤੀ ਫਰਕ ਨਹੀਂ ਪਿਆ । ਆਪ ਨੂੰ ਵੀ ਮਾੜੇ ਜਹੇ ਐਕਸੀਡੈਂਟ ਦਾ ਪੱਜ ਬਣਿਆ ਤਾਂ ਸੇਹਤ ਦਿਨੋ ਦਿਨ ਨਿਘਰਦੀ ਗਈ। ਉਂਝ ਮਨ ਦੀ ਤਕੜਾਈ ਏਨੀ ਕਿ ਜਦੋਂ ਹਾਲਚਾਲ ਪੁੱਛਣਾ, ਕਹਿਣਾ ਭਾ ਜੀ ਅੱਗੇ ਨਾਲੋਂ ਠੀਕ ਆਂ, ਥੋੜ੍ਹਾ ਹੋਰ ਠੀਕ ਹੋ ਲਵਾਂ ਫਿਰ ਕੋਈ ਕਾਰੋਬਾਰ ਸ਼ੁਰੂ ਕਰਾਂਗੇ।

ਜਦੋਂ ਭੱਜੇ ਸਭੇ ਆਸਰੇ ਤਾਂ ਨਿਓਟਿਆਂ ਦੀ ਓਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਨਿਗਰਾਨੀ ਹੇਠ ਲਿਆ ਕੇ ਪਿਉ-ਧੀ ਤੇ ਲੱਖਾਂ ਈ ਖ਼ਰਚ ਕਰ ਦਿੱਤੇ। ਖੇਚਲ ਦਾ ਵੀ ਕੋਈ ਓੜ ਨਹੀਂ ਛੱਡਿਆ। ਪਰ ਕਿਸੇ ਹੀਲੇ ਵਸੀਲੇ ਵੀ-ਰੇਖ ਵਿਚ ਮੇਖ ਨਹੀਂ ਵੱਜੀ। ਬਾਲਪਨ ਦੇ ਸਹਿਪਾਠੀ 90 ਸਾਲਾ ਕਵੀ ਪ੍ਰੀਤਮ ਸਿੰਘ ਜੀ ਨੂੰ ਵੀ ਪਾਤਸ਼ਾਹਾਂ ਆਪਣੀਆਂ ਨਜ਼ਰਾਂ ਸਾਹਵੇਂ ਸਾਂਭਣ ਵਾਸਤੇ ਸ੍ਰੀ ਭੈਣੀ ਸਾਹਿਬ ਲਿਆ ਕੇ ਹੱਥ ਦੇ ਫੋੜੇ ਵਾਂਗ ਸਾਂਭਣ ਲਈ ਹਰ ਹੀਲਾ ਵਰਤਿਆ।

ਕਵੀ ਜੀ ਦੀ ਸਭ ਤੋਂ ਲਾਡਲੀ, ਸਭ ਤੋਂ ਸਿਆਣੀ-ਸੁੰਦਰ ਧੀ ਕੁਲਵੰਤ (ਕੁੱਕੂ) ਨੇ, ਜਿਹੜੇ ਹਰੇ ਭਰੇ ਪਹਾੜਾਂ ਦੀ ਸੈਰ ਨੂੰ ਲੋਕ ਤਰਸਦੇ ਨੇ, ਓਥੇ, ਜੀਵਨ ਦੇ ਰਾਂਗਲੇ ਵਰ੍ਹੇ ਰਹਿ ਕੇ, ਆਪ ਈ ਅਨੰਦ ਨਹੀਂ ਮਾਣਿਆਂ, ਸਗੋਂ ਹੋਰ ਅਨੇਕਾਂ ਸੱਜਣਾਂ ਮਿੱਤਰਾਂ ਰਿਸ਼ਤੇਦਾਰਾਂ ਦੀ ਸੁਹਜਮਈ ਮੇਜ਼ਬਾਨੀ ਕੀਤੀ। ਜਿਸਨੇ ਕਦੀ ਪੈਸੇ ਗਿਣ ਕੇ ਪਰਸ ਵਿਚ ਨਹੀਂ ਪਾਏ ਕੱਢੇ ਸਨ ਉਸਨੇ ਦਾਲ ਸਬਜ਼ੀ ਦੀ ਤੋਟ ਵਾਲੇ ਦਿਨ ਵੀ ਬੜੇ ਠਰੰਮੇ ਨਾਲ ਬਤੀਤ ਕੀਤੇ। ਧੀ, ਪਤੀ, ਪਿਤਾ ਦੀ ਸੇਵਾ, (ਕੀ ਇਸ ਨੂੰ ਸਿਰਫ਼ ਸੇਵਾ ਆਖਿਆਂ। ਇਸਦੀ ਕਿਰਤ ਨੂੰ ਸਾਕਾਰ ਕੀਤਾ ਜਾ ਸਕਦੈ ?) ਅਤਿ ਦੀ ਉਗਰ ਤਪੱਸਿਆ-ਮਹਾਤਮਾ ਬੁੱਧ ਵਾਂਗ, ਜਿਦੇ 'ਚੋਂ ਮਨ ਇੱਛਤ ਕੁਝ ਹਾਸਲ ਨਹੀਂ ਹੋਇਆ। ਪਿਤਾ ਸ੍ਰੀ ਤਾਂ ਕਲਿਜੁਗ ਦੀ, ਭਾਵ ਅਜ ਕੱਲ ਦੀ ਪੂਰੀ ਸੂਰੀ ਸਾਰਥਕ ਉਮਰ ਭੋਗ ਕੇ ਹੀ ਸੰਸਾਰ ਤਿਆਗ ਕੀਤਾ ਏ। ਪਰ ਪਤੀ ਦੇਵ ਤਾਂ ਭਰੀ ਜਵਾਨੀ ਦੀ ਅੱਧੀ ਉਮਰ, ਦੁਖੜੇ ਦਰਦ ਭੋਗਦਾ, ਓਸੇ ਹਾਲਤ ਵਿਚ ਹੀ, ਨਿਰਮੋਹੀ ਹੋ, ਅਧਵਾਟੇ ਸਾਥੋਂ ਨਿੱਖੜ ਗਿਆ।

ਇਸ ਕਠਿਨ 'ਤਪੱਸਵਨੀ, ਦਾ ਤਪ ਅਜੇ'ਪੂਰਾ ਨਹੀਂ ਹੋਇਆ। ਸ਼ਬਨਮ ਨਿੱਕੀ ਬੱਚੜੀ ਤੋਂ ਜੁਆਨ ਹੋ ਗਈ। ਸੁੱਤਿਆਂ ਜਾਗਦਿਆਂ ਅੱਠੇ ਪਹਿਰ ਜਿਦ੍ਹੇ ਲੱਤਾਂ



Sri Satguru Jagjit Singh Ji eLibrary NamdhariElibrary@gmail.com

ਬਾਹਵਾਂ ਦੇ ਕੜੱਲ, ਘੜੀ ਘੜੀ ਬਾਦ ਇਹਨੂੰ ਕਢਣੇ ਪੈਂਦੇ ਨੇ। ਆਪਣੇ ਤੋਂ ਭਾਰੀ ਹੋਣ ਦੇ ਬਾਵਜੂਦ ਵੀ ਜਿਨ੍ਹੂੰ ਕੰਧਾੜੇ ਚੁੱਕ ਕੇ ਹੀ ਸਰੀਰ ਦੀਆਂ ਲੋੜੀਂਦੀਆਂ ਲੋੜਾਂ ਦੀ ਪੂਰਤੀ ਕਰਾਣੀ ਪੈਂਦੀ ਏ, ਜਿਦ੍ਹੇ ਕਰਕੇ ਇਸਨੇ ਵਰ੍ਹਿਆਂ ਤੋਂ ਨੀਂਦ-ਸੁਖ, ਮਾਣ ਕੇ ਨਹੀਂ ਵੇਖਿਆ।

ਲੰਮੀਆਂ ਬੀਮਾਰੀਆਂ ਕਰਕੇ ਚਿੜਚਿੜੇ ਹੋਏ, ਤਿੰਨ ਪੀੜ੍ਹੀਆਂ (ਪਿਤਾ, ਪਤੀ, ਪੁੱਤਰੀ) ਦੇ ਮਰੀਜ਼ਾਂ ਨੂੰ ਸੰਭਾਲ ਕੇ, ਜਿਸਨੇ ਆਇਆਂ ਗਿਆਂ ਨਾਲ ਮੱਥੇ ਵੱਟ ਨਹੀਂ ਪਾਇਆ। ਘਾਲ ਥਾਇ ਨਾਂ ਪੈਂਦੀ ਵੇਖ ਕੇ ਵੀ, ਜਿਸਨੇ ਸਤਿਗੁਰੂ ਜੀ ਦੀ ਕ੍ਰਿਪਾਲਤਾ ਦਾ ਸ਼ੁਕਰਾਨਾ ਹੀ ਕੀਤਾ।

ਓਧਰ ਸਤਿਗੁਰੂ ਵੀ ਕਮਾਲ ਦਾ ਕਾਰਸਾਜ਼ ਏ, ਜੇਹੜਾ ਮੇਰੇ ਵਰਗੇ ਥੋੜ੍ਹ ਵਿਤਿਆਂ ਵਾਸਤੇ, ਇਹੋ ਜਿਹੀਆਂ ਮਿਸਾਲਾਂ ਸਾਹਮਣੇ ਖੜੀਆਂ ਕਰ ਦੇਂਦਾ ਏ। ਜੋ ਅੱਖੀਂ ਵੇਖ ਕੇ ਵੀ ਮਨ, ਮੰਨਣ ਤੋਂ ਇਨਕਾਰੀ ਹੋ ਜਾਂਦਾ ਏ। ਇਸ ਛੋਟੀ ਭੈਣ ਦੀ ਘਾਲ ਸਾਹਮਣੇ ਮੇਰਾ ਸ਼ਬਦ ਭੰਡਾਰ ਊਣਾ ਹੋ ਹੋ ਪੈਂਦਾ ਏ। ਮੈਂ ਤਾਂ (ਸ਼ਬਦਾਂ ਦੇ ਅਸਲੀ ਅਰਥਾਂ 'ਚ) ਗਰੀਬ ਨਿਵਾਜ਼, ਨਿਥਾਂਵਿਆਂ ਦੇ ਥਾਂ, ਨਿਓਟਿਆਂ ਦੀ ਓਟ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਤਹਿ ਦਿਲੋਂ ਅਰਜ਼ ਗੁਜ਼ਾਰ ਈ ਹੋ ਸਕਦਾ ਆਂ ਕਿ ਪਾਤਸ਼ਾਹ! ਬੱਚੀ ਸ਼ਬਨਮ ਨੂੰ ਜਿਵੇਂ ਰੋਜ਼ਾਨਾ ਦਰਸ਼ਨਾਂ ਦੀ ਦਾਤ ਦੇ ਕੇ ਨਿਵਾਜ ਦੇ ਓ, ਉਵੇਂ ਤੰਦਰੁਸਤੀ ਦੀ ਦਾਤ ਬਖਸ਼ ਕੇ ਵੀ ਨਿਹਾਲ ਕਰੋ ਅਤੇ ਕੁੱਕੂ ਨੂੰ ਇਸੇ ਤਰ੍ਹਾਂ ਸੇਵਾ ਕਰਨ ਦਾ ਤਾਣ ਦੇਈ ਰੱਖੋ ਕਿ ਉਹ ਤੇਰੀ ਕ੍ਰਿਤੱਗਤਾ ਦਾ ਸਾਕਾਰ ਨਮੂੰਨਾ ਨਜ਼ਰ ਔਂਦੀ ਰਹੇ।

************



Sri Satguru Jagjit Singh Ji eLibrary NamdhariElibrary@gmail.com

# ਤੇਰਾ ਚੇਤਾ ਨਹੀਂ ਭੁਲੱਣਾ

ਹੁਣ ਦਿਲ ਨੂੰ ਘੇਰ ਲਗੇ-ਸੱਜਣ ਦੀਆਂ ਯਾਦਾਂ ਦੇ ਮੇਰੇ ਮਨ ਵਿਚ ਢੇਰ ਲਗੇ :

ਦਿਲ ਧੂਹਣੀਆਂ ਯਾਦਾਂ ਝੁਰਮੁਟ ਪਾਇਆ ਹੋਇਆ ਏ-ਕੇਹੜੀ ਗੱਲ ਪਹਿਲਾਂ ਕਰਾਂ-ਕੇਹੜੀ ਬਾਦ । ਦਿਮਾਗ਼ ਸੁੰਨ ਜਿਹਾ ਹੋ ਗਿਆ ਜਾਪਦਾ ਏ । ਯਾਦਾਂ ਦੇ ਘੜਮੱਸ ਨਾਲ ਕੋਈ ਤਰਤੀਬ ਨਹੀਂ ਪਈ ਬਣਦੀ ।

2007 ਦੇ ਅੱਸੂ ਦਾ ਮਹੀਨਾ-ਸੰਤਾਂ ਦੇ ਆਗ੍ਰਹਿ ਤੇ ਜਪ ਪ੍ਰਯੋਗ ਵਿਚ, ਮੈਂ ਵੀ ਸ਼ਾਮਲ ਹੋ ਗਿਆ ।

ਸਾਡੇ ਵਿਚ ਹਰ ਸਿੱਖ ਸਾਧ ਨੂੰ ਸੰਤ ਜੀ ਕਹਿ ਕੇ ਬੁਲਾਂਣ ਦਾ ਚਲਣ ਹੈ-ਪਰ ਇਸ ਆਦਰ ਯੋਗ ਪਦ ਨੂੰ ਸਾਕਾਰ ਵਿਰਲੇ ਹੀ ਕਰਦੇ ਹਨ । ਏਹਨਾਂ ਵਿਰਲਿਆਂ ਵਿਚੋਂ ਹੀ, ਸੰਤ ਤਰਸੇਮ ਸਿੰਘ ਜੀ ਸਨ । ਮੇਰੇ ਨਾਲੋਂ ਉਮਰੋਂ ਵੀਹ ਵਰ੍ਹੇ ਛੋਟੇ-ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਿਦਕ-ਭਰੋਸੇ, ਤੇ ਹੋਰ ਅਨੇਕ ਗੁਣਾਂ ਵਿਚ, ਅੱਸੀ ਵਰ੍ਹੇ ਅਗੇਰੇ ਸਨ । ਮੈਨੂੰ ਅਨੇਕਾਂ ਵਾਰੀ ਡੋਲਦੇ ਨੂੰ ਥੰਮਿਆਂ । ਕਦੀ ਸਨੇਹ ਨਾਲ, ਕਦੀ ਝਿੜਕ ਨਾਲ, ਕਦੀ ਵਿਚਾਰ ਤੇ ਕਦੀ ਆਪਣੀ ਆਸਥਾਂ ਦੇ ਅਤੁਲ ਬਲ ਨਾਲ ।

ਸੰਤਾਂ ਦਾ ਸਤਿਗੁਰੂ ਜੀ ਦੀ ਰਸਨਾਂ ਤੇ ਏਨਾਂ ਭਰੋਸਾ-ਪਿਆਰ ਤੇ ਦ੍ਰਿੜ ਵਿਸ਼ਵਾਸ ਵੇਖਿਆ, ਕਿ ਜੇ ਇਹ ਬਚਨ-ਹੁਕਮ ਕਿਸੇ ਨੇ ਆਪਣੀ ਲੋੜ ਨੂੰ, ਸਤਿਗੁਰੂ ਜੀ ਅੱਗੇ ਅਰਜ਼ ਕਰਕੇ ਕਰਵਾ ਲਿਆ ਹੈ, ਤਾਂ ਅਗੋਂ ਉਜ਼ਰ ਇਨਕਾਰ ਨਹੀ ਕਰਨਾਂ ।

ਨਿਜੀ ਤੋਰ ਤੇ, ਮੈਨੂੰ ਕਈ ਵਾਰ ਦਾ ਪਤਾ ਹੈ, ਇੰਜ ਹੋਇਆ, ਤਾਂ ਮੈਂ ਕਿਹਾ, ਇਸ ਬਚਨ ਦਾ ਹਾਨੀ-ਲਾਭ ਵਿਚਾਰ ਲਈਏ-ਤਾਂ ਕਹਿਣਾ-ਜੇ ਨਫ਼ਾ ਨੁਕਸਾਨ ਵਿਚਾਰਿਆ, ਤਾਂ ਮੰਨਿਆਂ, ਨਾਂ ਮੰਨਿਆਂ, ਇਕੋ ਜਿਹਾ ਹੋ ਗਿਆ । ਜੇ ਕਿਸੇ ਕਿਹਾ-ਤੁਹਾਨੂੰ ਸਤਿਗੁਰੂ ਜੀ ਵਲੋਂ: ਐਹ ਹੁਕਮ ਹੋਇਆ ਹੈ, ਤਾਂ ਕਹਿਣਾਂ, ਸ੍ਰੀ ਸਤਿਗੁਰੂ ਜੀ ਦੀ ਰਸਨਾਂ ਤੋਂ, ਮੇਰੇ ਕੰਨ ਜਿੰਨਾਂ ਚਿਰ ਨਹੀਂ ਸੁਣ ਲੈਂਦੇ, ਮੈਂ ਕਿਸੇ ਦੇ ਆਖੇ, ਹੁਕਮ ਪ੍ਰਵਾਨ ਕਰਨ ਵਾਲਾ ਨਹੀਂ ।

ਸ੍ਰੀ ਸਤਿਗੁਰੂ ਜੀ ਤੇ ਸਿਦਕ-ਸਨੇਹ ਤੇ ਭਰੋਸੇ ਦੀਆਂ ਅਨੇਕ ਵਾਰਤਾਵਾਂ ਵਰਤੀਆਂ .................

ਸੰਤ ਜੀ ਅਤੇ ਮੇਰੇ ਵਿਚਾਰ, ਬਹੁਤੀ ਵਾਰ ਆਪਸ ਵਿੱਚ ਟਕਰਾ ਜਾਂਦੇ ਸਨ । ਓਹ ਮਹਾਂ-ਦ੍ਰਿੜ ਸ਼ਰਧਾਵਾਨ, ਮੈਂ ਤਰਕਵਾਦੀ ਸਰਧਾਲੂ । ਪਰ ਕੁਝ ਨੁਕਤੇ ਸਾਡੇ ਸਾਂਝੇ ਸਨ । ਜਿੱਥੇ ਅਸੀ ਇੱਕਠੇ ਆ ਮਿਲਦੇ ਸਾਂ- ਜਿਵੇਂ ਸ੍ਰੀ ਸਤਿਗੁਰੂ ਜੀ ਦੀ ਅਤਿ ਚੇਤੰਨਤਾ ਅਤੇ ਦਰਿਆਦਿਲੀ ।

ਇਸ ਪ੍ਰਯੋਗ ਸਮੇਂ ਪਤਾ ਲੱਗਾ, ਪਟਿਆਲੇ ਦਾ ਸੀਨੀਅਰ ਐਡਵੋਕੇਟ ਸ੍ਰ:



Sri Satguru Jagjit Singh Ji eLibrary NamdhariElibrary@gmail.com

ਸਾਹਬ ਸਿੰਘ ਢੀਂਡਸਾ, ਪੌੜੀਆਂ ਤੋਂ ਡਿੱਗ ਕੇ- ਮੋਢਿਆਂ ਪਿੱਛੇ ਚੋਟ ਲੱਗਣ ਕਾਰਣ, ਮੁਹਾਲੀ ਹਸਪਤਾਲ ਬਿਹੋਸ਼ ਪਿਆ ਹੈ । ਏਹ ਨਾਮਧਾਰੀ ਪ੍ਰਵਾਰ ਵਿਚੋਂ ਅਤੇ ਬਹੁਤ ਹਰਦਿਲ ਅਜ਼ੀਜ਼ ਇਨਸਾਨ ਸੀ । ਕਿਨੇਂ ਦਿਨਾਂ ਬਾਦ, ਜਦੋਂ ਮੈਂ ਇਸ ਦੇ ਸਸਕਾਰ ਤੇ ਪੁਜਿਆ, ਇੰਜ ਲੱਗਿਆ, ਜਿਵੇਂ ਸਾਰਾ ਪਟਿਆਲਾ ਸ਼ਮਸਾਨ ਸਥਲ ਆ ਗਿਆ ਹੋਵੇ ।

ਇਸ ਪ੍ਰਯੋਗ ਚ ਲੱਗਣ ਬਾਰੇ ਪ੍ਰੋਗ੍ਰਾਮ ਇੰਜ ਬਣਿਆਂ । ਇਕ ਦਿਨ ਪਹਿਲਾਂ ਭੈਣੀ ਸਾਹਿਬੋਂ ਸੋਧ ਵਾਲਾ ਜਲ ਭਰਕੇ ਗੱਡੀ ਵਿਚ ਧਰ ਲਿਆ । ਸੰਤ ਮੈਨੂੰ ਕਹਿਣ ਲੱਗੇ, ਜੇ ਤੂੰ ਵੀ ਸੋਧ ਰੱਖੇਂ, ਇਕ ਭਾਂਡਾ ਜਲ ਦਾ ਹੋਰ ਭਰ ਲਈਏ । ਮੈਂ ਇੱਕ ਪੁਰਾਣੀ ਸਾਖੀ ਸੁਣਾਕੇ ਆਪਣਾਂ ਬਚਾ ਕਰ ਗਿਆ ।

ਹੋਇਆ ਇੰਜ ਕਿ ਜੀਵਨ ਨਗਰ ਇਲਾਕੇ, ਦਮਦਮੇ ਇੱਕ ਮੇਲੇ ਸਮੇਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸ, ਕੁਝ ਮੁਖਤਿਆਰ ਕਿਸਮ ਦੇ ਸਿੱਖ ਬੈਠੇ ਸਨ । ਕੁਝ ਕੁ ਦੇ ਨਾਂ ਇੰਜ ਚੇਤੇ ਆ ਰਹੇ ਹਨ । ਸ੍ਰ: ਅਵਤਾਰ ਸਿੰਘ ਝੱਬਰ, ਸ੍ਰ: ਰਵੇਲ ਸਿੰਘ ਮੋਰੀ ਵਾਲੀਆ, ਸ੍ਰ: ਹਰੀ ਸਿੰਘ ਵਡਾਣੀਆ, ਨੰਬਰਦਾਰ ਅਮਰ ਸਿੰਘ ਜੀਵਨ ਨਗਰ, ਸ੍ਰ: ਅਮਰੀਕ ਸਿੰਘ ਮਾਸਟਰ ਜੀ..., ਬਚਨ ਬਿਲਾਸ ਕਰਦਿਆਂ ਸਤਿਗੁਰੂ ਜੀ ਹੁਕਮ ਕੀਤਾ-ਜੇ ਤੁਸੀ ਸਾਰੇ ਸੋਧ ਰੱਖ ਲਓ ਤਾਂ ਮੈਂ ਸੰਗਤ ਅਗੇ ਵੀ ਅਰਜ਼ ਕਰ ਸੱਕਾਂਗਾ ਸਾਰਿਆਂ ਬਾਹਰ-ਅੰਦਰ ਔਣ ਜਾਣ ਦਾ ਪੱਜ ਲਾਕੇ ਅਸਮਰੱਥਾ ਜ਼ਾਹਰ ਕੀਤੀ । ਸਤਿਗੁਰੂ ਜੀ ਨੇ ਕਈ ਛੋਟਾਂ ਦੇਂਦਿਆ ਫੁਰਮਾਇਆ, ਜੇਹੜਾ ਛੇ ਮਹੀਨੇ ਸੋਧ ਰੱਖ ਲਏ, ਉਸ ਨੂੰ ਫਿਰ ਕਦੀ ਸੋਧ ਰੱਖਣ ਤੋਂ ਛੋਟ ਮਿਲ ਜਾਇਗੀ । ਅਖੀਰ ਗੱਲ ਮਾ: ਜੀ ਤੇ ਅਮਰ ਸਿੰਘ ਨੰਬਰਦਾਰ ਤੇ ਆ ਅਟਕੀ । ਮਾ: ਜੀ ਕਿਹਾ- ਜੇ ਕਿਸਾਨ ਸੋਧ ਰੱਖ ਲਏ ਤਾਂ ਮੈਂ ਵੀ ਸੋਧ ਧਾਰਨ ਕਰ ਲਵਾਂਗਾ । ਸਾਰੇ ਇਸ ਗੱਲ ਤੇ ਸਹਿਮਤ ਹੋ ਗਏ ।

ਸ੍ਰੀ ਸਤਿਗੁਰੂ ਜੀ ਨੇ ਓਸੇ ਵੇਲੇ ਨੌਜਵਾਨ ਬਾਹਰੋਂ ਬੁਲਾ ਕੇ, ਸਾਈਕਲ ਤੇ ਭੇਜ ਦਿੱਤਾ ਕਿ ਹੁਣੇਂ ਜਾਕੇ ਸਾਧੂ ਸਿੰਘ ਨੂੰ ਲੈ ਕੇ ਆ । ਕੋਈ ਗਲ ਨਹੀਂ ਦਸਣੀਂ । ਓਹ ਸਿੱਖ ਆ ਕੇ ਮੈਨੂੰ ਪੱਠੇ ਕੁਤਰਦੇ ਨੂੰ ਮਿਲਿਆ- ਕਹਿੰਦਾ, ਸਤਿਗੁਰੂ ਜੀ ਦਾ ਹੁਕਮ ਹੈ-ਕੰਮ ਛੱਡਕੇ ਹੁਣੇਂ ਤੁਰ ਪਓ । ਬਾਪੂ ਜੀ ਨੇ ਫੁਰਮਾਇਆ-ਜੋਗਾ ਸਿੰਘ ਵਾਲਾ ਹੁਕਮ ਹੈ, ਮੋੜਨਾਂ ਨਹੀਂ । ਮੈਂ ਓਸੇ ਵੇਲੇ ਸਾਈਕਲ ਤੇ ਚੜ੍ਹ ਦੌੜਿਆ । ਅਗੇ ਪਾਤਸ਼ਾਹ ਬ੍ਰਾਂਡੇ ਸਾਹਮਣੇਂ ਉਡੀਕ ਰਹੇ ਸਨ ।

ਹੁਕਮ ਹੋਇਆ-ਮੇਰੀ ਇੱਕ ਗੱਲ ਜ਼ਰੂਰ ਹੀ ਮੰਨਣੀ ਹੋਏਗੀ । ਮੈਂ ਅਰਜ਼ ਕੀਤੀ, 'ਜੀ ਸੱਤ ਬਚਨ ! ਹਜ਼ੂਰ ਨੇ ਤਾੜੀ ਮਾਰ ਕੇ ਫੁਰਮਾਇਆ-ਚਲੋ ਹੋ ਜਾਓ ਤੁਸੀ ਵੀ ਤਿਆਰ, ਫਿਰ ਮੈਨੂੰ ਹੁਕਮ ਕੀਤਾ-ਛੇ ਮਹੀਨੇਂ ਸੋਧ ਰੱਖਣੀ ਹੈ- ਫਿਰ ਕਦੀ ਵੀ ਨਹੀ। ਮੈਂ ਫਿਰ 'ਸੱਤ ਬਚਨ, ਕਰ ਦਿੱਤਾ । ਸਾਰਿਆਂ ਦੇ ਮੂੰਹ ਲਮਕ ਗਏ ।

ਓਸੇ ਵੇਲੇ, ਮੇਰਾ ਮੁੜਕਾ ਭਿੱਜੇ ਦਾ ਇਸ਼ਨਾਨ ਕਰਾਕੇ ਅੰਮ੍ਰਿਤ ਛਕਾ ਦਿੱਤਾ ।



Sri Satguru Jagjit Singh Ji eLibrary NamdhariElibrary@gmail.com

ਪ੍ਰਸਾਦਾ ਛਕਾ ਕੇ, ਸ਼ਾਮ ਦਾ ਲੰਗਰ, ਘਰ ਵਾਸਤੇ ਅੰਮ੍ਰਿਤ, ਦੇ ਕੇ ਖ਼ੁਸੀਆਂ ਬਖਸ਼ ਕੇ ਤੋਰਿਆ। ਬਾਕੀਆਂ ਵਿਚੋਂ ਸਿਰਫ਼ ਹਰੀ ਸਿੰਘ ਵਡਾਣੀਆਂ ਨੇ ਸੋਧ ਰੱਖੀ, ਪਰ ਛੇ ਮਹੀਨੇ ਪੂਰੇ ਨਾਂ ਕਰ ਸੱਕਿਆ। ਮੈ ਛੇਂ ਮਹੀਨੇ ਬਾਦ ਭੈਣੀ ਸਾਹਿਬ ਜਾ, ਅਰਜ਼ ਕਰ ਕੇ ਸੋਧ ਭੇਟ ਕਰ ਦਿੱਤੀ।

ਅੱਸੂ ਸੰਗ੍ਰਾਂਦ ਵਾਲੇ ਦਿਨ ਸੰਤ ਜੀ ਅਤੇ ਸੰਤਾਂ ਦੀ ਬੇਟੀ ਦੇਵਾਂ ਲੁਧਿਆਣੇ ਸੋਧ ਇਸ਼ਨਾਨ ਕੀਤੇ। ਸ੍ਰੀ ਭੈਣੀ ਸਾਹਿਬ ਪਹੁਚ ਕੇ ਅੰਮ੍ਰਿਤ ਛਕਿਆ। ਪੌਣੇਂ ਤਿੰਨ ਵਜੇ ਤਿੰਨੋਂ ਅਰਦਾਸ ਵਿਚ ਹਾਜ਼ਰ ਹੋ ਗਏ।

ਆਸਾ ਦੀ ਵਾਰ ਦੇ ਕੀਰਤਨ ਬਾਦ, ਜਦ ਲੰਗਰ ਵੱਲ ਨੂੰ ਤੁਰੇ ਤਾਂ ਸੰਤ ਜੀ ਪੈਰ ਪੈਰ ਤੇ ਅਟਕਦੇ ਜਾਂਣ। ਕੁਝ ਚਿਰ ਤਾਂ ਮੈਂ ਉਡੀਕਦਾ ਰਿਹਾ-ਫਿਰ ਦੇਵਾਂ ਨੂੰ ਦੱਸ ਕੇ, ਮੈਂ ਲੰਗਰ ਛਕਣ ਚਲਾ ਗਿਆ। ਮੇਰੇ ਵਾਪਸ ਮੁੜਨ ਤੱਕ ਵੀ ਸੰਤ ਜੀ ਅਜੇ ਲੰਗਰ ਤਕ ਨਹੀ ਸਨ ਪਹੁਚੇ। ਮੈਂ ਦੇਵਾਂ ਨੂੰ ਕਿਹਾ, ਲੰਗਰ ਛਕ ਲੈ, ਸੰਤਾਂ ਦਾ ਕੀ ਪਤਾ ਅਜੇ ਹੋਰ ਕਿੰਨਾਂ ਚਿਰ ਲਾ ਦੇਣ। ਦੇਵਾਂ ਕਿਹਾ- ਜੇ ਮੈਂ ਪਹਿਲਾਂ ਛਕ ਲਵਾਂ, ਤਾਂ ਮੈਨੂੰ ਪਿਤਾ ਜੀ ਦੀ ਭੁੱਖ ਦਾ ਚੇਤਾ ਨਹੀਂ ਰਹਿਣਾਂ। ਮੈਂ ਪੰਡਿਤ ਜੀ ਦੇ ਡੇਰੇ ਜਾ ਰਿਹਾਂ ! ਕਹਿ ਕੇ ਚਲਾ ਗਿਆ। ਦੋ ਕੁ ਘੰਟੇ ਬਾਦ ਆ ਪੰਡਿਤ ਜੀ ਨੂੰ ਪ੍ਰਨਾਮ ਕੀਤੀਓ ਨੇਂ। ਥੋੜਾ ਬਚਨ ਬਿਲਾਸ ਕਰਕੇ ਫਿਰ ਅਮਰੀਕਾ ਵਾਲੇ ਜਗਦੀਸ਼ ਸਿੰਘ ਜੀ (ਜਿਨਾਂ ਦੀ ਸਾਥਣ ਸੁਰਤ ਖਰਾਬ ਹੋਣ ਕਰਕੇ ਪ੍ਰੇਸ਼ਾਨੀ ਵਿਚ ਹੈ) ਨੂੰ ਮਿਲਣ ਗਏ। ਸੰਤਾ ਦੱਸਿਆ, ਅਮਰੀਕਾ ਵਿਚ ਮੇਰੀ ਬੀਮਾਰੀ ਵੇਲੇ, ਮੇਰੀ ਬਹੁਤ ਸੰਭਾਲ ਕੀਤੀ ਸੀ ਏਹਨਾਂ। ਗਿਆਰਾਂ ਵਜੇ ਘਰ ਲੁਧਿਆਣੇਂ ਪਹੁਚੇ। ਦੋ ਵਜੇ ਨਿਤਨੇਮ ਵਿਚ ਫਿਰ ਗੁਰ-ਸੰਗਤ ਦੇ ਦ੍ਰਸਨ ਕੀਤੇ। ਸਿੱਖਾਂ ਸਾਧਾਂ ਨੂੰ ਮਿਲਦੇ ਸ਼ਾਂਮ ਦੇ ਅੱਠ ਵੱਜ ਗਏ। ਮੈਂ ਤਾਂ ਫਿਰ ਲੰਗਰ ਛਕ ਲਿਆ-ਏਹ ਪਿਤਾ ਪੁਤਰੀ ਨਿਰਾਹਾਰ ਹੀ ਨੌ ਵਜੇ ਘਰ ਪਹੁਚੇ। ਘਰ ਜਾ ਕੇ ਵੀ ਮੈਂ ਸੌਂ ਜਾਣਾਂ, ਸੰਤਾਂ ਆਪਣੇ ਤੇ ਮੇਰੇ ਵੀ ਕਪੜੇ ਧੋ ਕੇ-ਸਾਰਾ ਘਰ ਪਾਣੀ ਮਾਰ ਕੇ ਸਾਫ਼ ਕਰਨਾਂ। ਹੋਰ ਨਿੱਕੇ ਮੋਟੇ ਕੰਮ ਕਰਦਿਆਂ ਗਿਆਰਾਂ ਵਜੇ ਸੌਣਾਂ। ਇਕ ਵਜੇ ਫਿਰ ਇਸ਼ਨਾਨ ਦੀ ਤਿਆਰੀ। ਬੱਸ ! ਇਹੋ ਹਮਾਰਾ ਨਿੱਤ ਦਾ ਜੀਵਣਾਂ ਸੀ।

ਮੈਂ ਇਕ ਦਿਨ ਹੌਲੇ ਜਹੇ ਆਖਿਆ-ਇਸ ਤਰਾਂ ਤਾਂ ਸੇਹਤ ਖਰਾਬ ਹੋ ਜਾਇ ਗੀ। ਸ਼ਾਂਮ ਦਾ ਲੰਗਰ ਛਕਣ ਦਾ ਵਸੀਲਾ ਕਰੋ। ਕਹਿੰਦੇ ਅਗੋਂ ਕੇਹੜੇ ਪਹਿਲਵਾਂਨ ਬਣੇਂ ਫਿਰਨੇਂ ਆਂ-ਏਹ ਪ੍ਰਯੋਗ ਤਾਂ ਪੂਰਾ ਕਰ ਹੀ ਲੈਣਾਂ ਹੈ। ਦੇਵਾਂ, ਬਿਨਾਂ ਹੋਰ ਕੋਈ ਫਿਕਰ ਵੀ ਤੇ ਨਹੀਂ। (ਪਰ ਓਹ ਫਿਕਰ ਵੀ ਸਿਰੇ ਲਾਂਣ ਤੋਂ ਪਹਿਲਾਂ ਈ ਚਲੇ ਗਏ)

ਇਕ ਦਿਨ ਕਾਰ ਤੇ ਭੈਣੀ ਸਾਹਿਬੋਂ ਤੁਰਨ ਲੱਗੇ-ਤਾਂ ਬੜੇ ਮੈਲੇ-ਕਚੈਲੇ ਕਪੜੇ ਪਾਈ, ਬਹੁਤ ਨਿੱਕੀ ਚਾਲੇ ਤੁਰਦੇ 'ਰੱਬ ਜੀ ਮਿਲ ਪਏ। ਬੇਨਤੀ ਕਰਕੇ ਮੂਹਰਲੀ ਸੀਟ ਤੇ ਬਿਠਾ ਲਿਆ। ਓਹਨਾਂ ਦੇ ਨਿਵਾਸ ਤੇ ਪੁਚਾ ਕੇ ਪੁਛਿਆ-ਰੱਬ ਜੀ ! ਇਸ਼ਨਾਨ ਕਦੋਂ ਦਾ



Sri Satguru Jagjit Singh Ji eLibrary NamdhariElibrary@gmail.com

ਕੀਤਾ ਹੋਇਆ ਜੇ । ਬੜੀ ਅਸਹਿਜ ਬਾਸ ਆ ਰਹੀ ਏ । ਲਿਆਓ ! ਆਪਣੇਂ ਬਸਤਰ ਦਿਓ ! ਧੋ ਕੇ ਕਲ੍ਹ ਨੂੰ ਲਿਆ ਦਿਆਗੇ । ਪਰ ਓਹ 'ਰੱਬ ਜੀ, ਕਾਹਦੇ, ਜੋ ਕਿਸੇ ਦੇ ਕਹੇ ਤੇ ਚੱਲ ਪੈਣ । ਕਹਿੰਦੇ, ਕਲ ਨੂੰ ਲੈ ਜਾਇਓ । ਅੱਜ ਇਕ ਬੀਬੀ ਧੋਣ ਆਵੇਗੀ । ਫਿਰ ਅਸੀ ਕਈ ਗੇੜੇ ਮਾਰੇ-ਸਾਨੂੰ ਰੱਬ ਜੀ ਦੇ ਦੀਦਾਰੇ ਨਹੀਂ ਹੋਏ । ਗੁਆਂਢੀਆਂ ਤੋਂ ਪੁੱਛਿਆ, ਕਹਿੰਦੇ-ਹੈਗੇ ਤਾਂ ਏਥੇ ਈ ਨੇਂ-ਪਤਾ ਨਹੀਂ ਕਿੱਥੇ ਨਿਕਲ ਜਾਂਦੇ ਨੇ ਤੇ ਕਦੋਂ ਔਂਦੇ ਨੇਂ ।

ਲੁਧਿਆਣੇ ਨੂੰ ਜਾਂਦਿਆਂ, ਕੁੰਮ ਕਲਾਂ ਅੱਡੇ ਤੇ ਘਸਮੈਲੇ-ਪਰ ਸਾਫ ਸੁਥਰੇ ਕੱਪੜੇ ਪਾਈ, ਕਾਲੀ ਕਲੂਟੀ ਬਿਹਾਰਨ ਬੈਠੀ ਸੀ । ਕੋਲ ਪੰਜ ਛੇ ਸਾਲ ਦਾ ਕਣਨ ਵੰਨਾ ਬੱਚਾ, ਜਿਸ ਕੂਕਾ ਕਾਟ ਦੇ ਚਿੱਟੇ ਕਪੜੇ ਪਾਏ ਹੋਏ ਸਨ-ਚੂੜੇ ਤੇ ਚਿੱਟਾ ਰੁਮਾਲ ਬੰਨ੍ਹਿਆਂ ਹੋਇਆ ਸੀ-ਨੇਂ ਹੱਥ ਖੜਾ ਕੀਤਾਂ, ਸੰਤਾਂ ਗੱਡੀ ਰੋਕ ਲਈ । ਬੱਚੇ ਨੇ ਬੜੀ ਅਨੋਖੀ ਅਦਾ ਨਾਲ, ਦੋਵੇ ਹੱਥ ਜੋੜ-ਝੁਕ ਪਰਨਾਮ ਕੀਤੀ । ਵੇਖ ਕੇ ਦਿਲ ਬਾਗੋ ਬਾਗ਼ ਹੋ ਗਿਆ । ਧੰਨ ਸਤਿਗੁਰੂ ਰਾਮ ਸਿੰਘ, ਜਿਨ ਐਹੋ ਜਹੀ ਜੀਵਨ ਜਾਚ ਸਿਖਾਈ ਹੈ । ਅਡੋਲ ਮੂੰਹੋਂ ਨਿਕਲਿਆ । ਲੁਧਿਆਣੇਂ ਬਿਜਲੀ ਘਰ ਕੋਲ ਉਤਰਨ ਵੇਲੇ, ਕਾਲੀ ਬੀਬੀ ਨੇਂ ਪੈਸੇ ਦੇਣੇਂ ਚਾਹੇਂ ਤਾਂ ਸੰਤਾਂ ਹੱਥ ਜੋੜ ਕੇ ਖਿਮਾਂ ਮੰਗੀ । ਕਹਿੰਦੇ-ਸ਼ਾਇਸਤਗੀ ਕਿਤੋਂ ਵੀ ਜ਼ਹੂਰ ਵਿਚ ਆ ਸਕਦੀ ਹੈ ।

ਭਾਵੇਂ ਮੈਂ ਸੰਤ ਗੀਰੀ ਤੋਂ ਬਹੁਤ ਬਚਦਾ ਹਾਂ-ਸੰਤਾ ਮੇਰਾ ਖ਼ਾਸ ਖਿਆਲ ਰੱਖ ਕੇ, ਮੈਨੂੰ ਸੰਤ ਹੀ ਬਣਾਈ ਰੱਖਿਆ ।

ਮੇਲੇ ਵਾਲੇ ਦਿਨੀ ਬਲੀ ਸਿੰਘ ਤੇ ਮਾ: ਜੀ ਦੇ ਪੁੱਜਣ ਕਰਕੇ-ਮੈਂ ਸੰਤਾਂ ਕੋਲੋਂ ਆਗਿਆ ਲੈ ਕੇ, ਭੈਣੀ ਸਾਹਿਬ ਰਹਿਣਾਂ ਚਾਹਿਆ ਤਾਂ ਬੜੇ ਉਦਾਸ ਜਹੇ ਹੋ ਕੇ ਆਖਿਆ 'ਜਿਵੇਂ ਰਜਾ । ਓਦੋਂ ਤਾਂ ਮੈਂ ਆ ਗਿਆ, ਪਰ ਹੁਣ ਬੜਾ ਪਛਤਾਵਾ ਹੈ ਕਿ ਜੇ ਏਨਾਂ ਈ ਮੇਲਾ ਗੇਲਾ ਸੀ ਤਾਂ ਨਾਂ ਹੀ ਔਂਦਾ ।

ਮੇਲੇ ਤੋਂ ਬਾਦ ਅਸੀ ਤਿੰਨੇਂ, ਮੁਹਾਲੀ ਸਾਹਬ ਸਿੰਘ ਦੀ ਸੁਰਤ ਪੁੱਛਕੇ ਦੂਜੇ ਦਿਨ ਪਿੰਡ ਪੁੱਜ ਗਏ । ਕੁਝ ਦਿਨਾਂ ਬਾਦ ਪਟਿਆਲਿਓਂ ਫੋਨ ਆ ਗਿਆ-ਸਾਹਬ ਸਿੰਘ ਗੁਜ਼ਰ ਗਿਐ । ਬੜਾ ਝਟਕਾ ਲੱਗਾ ।

ਬਹੁਤ ਹੋਣਹਾਰ ਤੇ ਨੇਕ ਇਨਸਾਂਨ ਸੀ । ਨਰਮ ਦਿਲ ਪਿਆਰੇ ਬੱਚੇ ਦਾ ਨੱਬੇ ਸਾਲਾ ਬਾਪ ਬੈਠਾ ਹੈ ਅਤੇ ਪੰਜਤਾਲੀ ਸਾਲ ਦਾ ਨੌਜਵਾਂਨ ਬੇਟਾ ਚਲਾ ਗਿਆ ਹੈ ।

ਕਹਿੰਦੇ ਨੇ ਰਾਮ ਜੀ ਦੇ ਭਰੇ ਦਰਬਾਰ ਵਿਚ ਇਕ ਬ੍ਰਹਿਮਣ, ਆਪਣੇ ਛੋਟੇ ਜਹੇ ਬੱਚੇ ਦੀ ਮਿਰਤਕ ਦੇਹ ਹੱਥਾਂ ਤੇ ਚਾਈ ਹਾਜ਼ਰ ਹੋਇਆ, ਕੁਰਲਾਂਦੇ ਨੇ ਰਾਮ ਜੀ ਤੇ ਦੋਸ਼ ਲਾਇਆ ਕਿ ਨਿਆਂ ਕਾਰੀ ਰਾਜੇ ਦੇ ਰਾਜ ਵਿਚ ਪਿਤਾ ਦੇ ਜੀਂਦੇ ਜੀ ਪੁੱਤਰ ਦੀ ਮੌਤ ਨਹੀ ਹੋ ਸਕਦੀ । ਮੇਰਾ ਬੱਚਾ ਜ਼ਿੰਦਾ ਕਰੋ ।

ਉਸ ਘਰ ਵਿਚ ਮੱਚਿਆ ਕੁਹਰਾਮ ਵੇਖ ਕੇ ਸੋਚ ਆਵੇ- ਏਹ ਦੋਸ਼, ਕਿਦੇ ਸਿਰ



Sri Satguru Jagjit Singh Ji eLibrary NamdhariElibrary@gmail.com

ਥੋਪਿਆ ਜਾਇ। ਮੈਨੂੰ ਕਈ ਇਨ ਓਥੇ ਰਹਿਣਾਂ ਪੈ ਗਿਆ। ਮੇਰੀ ਭਾਣਜੀ ਦੇ ਪਤੀ ਸ੍ਰ: ਤਲੋਕ ਸਿੰਘ ਨੇ ਦੱਸਿਆ (ਸਾਹਬ ਸਿੰਘ ਇਸਦਾ ਛੋਟਾ ਵੀਰ ਸੀ) ਕਿ ਜਦੋਂ ਅਸੀ ਸਾਹਬ ਸਿੰਘ ਦੀ ਡੈਡ ਬਾਡੀ ਅਪੋਲੋ ਵਿਚੋਂ ਲੈ ਕੇ ਆ ਰਹੇ ਸਾਂ ਤਾਂ ਸੰਤ ਤਰਸੇਮ ਸਿੰਘ ਜੀ ਬੇਟੀ ਸਣੇਂ ਬੈਠੇ ਬੀਮਾਰਾਂ ਵਾਗ ਖੰਘਦੇ ਅਸਾਂ ਵੇਖੇ ਸਨ।

ਫੋਨ ਕੀਤਿਆਂ ਪਤਾ ਲੱਗਾ, ਬੁਖ਼ਾਰ ਖੰਘ ਨਾਲ ਅਪੋਲੋ ਵਿਚ ਦਾਖ਼ਲ ਹੋਏ ਪਏ ਨੇਂ। ਪਟਿਆਲਿਓਂ ਸ਼ੂਟ ਵੱਟ ਕੇ ਦੋ ਘੰਟੇ ਵਿਚ ਸੰਤਾਂ ਕੋਲ ਪੁੱਜਾ। ਬਿਸਤਰੇ ਦੀ ਧੜ ਧੜ ਕਰਦੀ ਚਿੱਟੀ ਚਾਦਰ-ਸਫ਼ੈਦ ਬਸਤਰਾਂ ਵਿਚ ਥੋੜੀ ਪੀਲੀ ਭਾਹ ਦੇਂਦਾ ਗੋਰਾ ਚਿੱਟਾ ਰੰਗ-ਲੰਮਾਂ ਚਿੱਟਾ ਸੁਥਰਾ ਕੂਲਾ ਦਾਹੜਾ-ਲੱਗਿਆ, ਜਿਵੇਂ ਏਨੇ ਦਿਨਾਂ ਵਿਚ ਬਹੁਤਾਈ ਸਫ਼ੈਦ ਹੋ ਗਿਆ ਹੋਵੇ। ਮੈਨੂੰ ਵੇਂਹਦਿਆਂ ਮੁਸਕਰਾ ਕੇ ਉਠਨ ਲੱਗੇ ਤਾਂ ਖੰਘ ਛਿੜ ਪਈ, ਫਿਰ ਮੰਜੇ ਤੇ ਲੇਟ ਗਏ। ਮੈਂ ਲਾਗੇ ਬਹਿ ਗਿਆ। ਖੰਘ ਦੀ ਵਾਰੀ ਮੈਂ ਵੀ ਦੇ ਰਿਹਾ ਸਾਂ। ਦਸਿੱਆ-ਇਸ ਕਰਕੇ ਪਟਿਆਲਿਓਂ ਹੀ ਆਇਆ ਹਾਂ। ਸਾਹਬ ਸਿੰਘ ਦੇ ਪਰਿਵਾਰ ਨੂੰ ਚੰਗੀ ਤਰਾਂ ਜਾਣਦੇ ਸਨ-ਸੁਣ ਕੇ ਬੜਾ ਹਿਰਖ ਕੀਤੋ ਨੇਂ। ਸ਼ਾਮ ਨੂੰ ਕਹਿੰਦੇ, ਓਥੇ ਈ ਚਲਾ ਜਾਹ ! ਸੰਤ ਲਾਭ ਸਿੰਘ ਜੀ ਨੂੰ ਮੇਰੇ ਵਲੋਂ ਅਰਜ਼ ਕਰੀਂ : ਭਾਵੀ ਅਗੇ ਕੋਈ ਜ਼ੋਰ ਨਹੀਂ। ਸਤਿਗੁਰਾਂ ਦੇ ਚਰਨਾਂ ਦਾ ਧਿਆਨ ਕਰਕੇ ਸਿਮਰਨ ਕਰਦੇ ਰਹਿਣ।

ਫਿਰ ਕਹਿੰਦੇ, ਮੈਨੂੰ ਖੰਘ-ਅਤੇ ਤੈਨੂੰ ਵੀ ਖੰਘ ਹੈ- ਡਾਕਟਰਾਂ ਮੇਰੇ ਕੋਲ ਬਹਿਣ ਨਹੀਂ ਦੇਣਾਂ। ਸਾਹਿਬ ਸਿੰਘ ਦੇ ਭੋਗ ਬਾਦ-ਓਹਦੇ ਪਿਤਾ ਕੋਲੋਂ ਪੁੱਛ ਕੇ- ਫਿਰ ਆਵੀਂ। ਫਿਰ ਇਕ ਦਿਨ ਮੈਂ ਸੰਤਾਂ ਕੋਲ ਬੈਠਾ ਸਾਂ। ਸ੍ਰੀ ਸਤਿਗੁਰੂ ਜੀ ਦਰਸ਼ਨ ਦਿੱਤੇ। ਠਾਕੁਰ ਉਦੈ ਸਿੰਘ ਆਏ। ਸਾਰਾ ਹਸਪਤਾਲ ਇਕੱਠਾ ਹੋ ਗਿਆ। ਡਾਕਟਰਾਂ ਕਮਰਾ ਬਦਲ ਕੇ ਆਮ ਔਣ ਜਾਣ ਵਾਲੇ ਰੋਕ ਦਿੱਤੇ। ਸੰਤਾਂ ਮੈਨੂੰ ਕਿਹਾ-ਘਰੇ ਚਲਾ ਜਾ-ਏਥੇ ਬੱਚਿਆਂ ਕੋਲੋਂ ਤੇਰਾ ਖ਼ਿਆਲ ਨਹੀ ਰਖਿਆ ਜਾਣਾਂ-ਫੋਨ ਤੇ ਮਿਲਦਾ ਰਹੀਂ। ਜਦੋਂ ਆਖਾਂਗਾ ਤਦੋਂ ਹੀ ਆਵੀਂ। ਮੈਂ ਉਠੱਣ ਲਗਿਆ ਅਖਾਂ ਭਰ ਲਈਆਂ-ਸੰਤਾਂ ਦੇ ਨੇਤਰ ਵੀ ਡਬਡਬਾ ਗਏ-ਬਿਸਤਰੇ ਤੇ ਪਿਆਂ ਹੀ ਦੋਏ ਹੱਥ ਜੋੜ ਦਿੱਤੇ। ਬੱਸ ! ਓਹੋ ਅੰਤਮ ਦਰਸ਼ਨ ਹੀ ਅਖਾਂ ਸਾਂਹਵੇ ਹਰ ਵੇਲੇ ਝਲਕਦੇ ਰਹਿੰਦੇ ਨੇਂ।

ਨਿਸਪ੍ਰਾਣ ਸਰੀਰ ਅਪੋਲੋ ਤੋਂ ਘਰੇ ਲਿਆਂਦਾ। ਸਾਰੇ ਉਠੱ ਕੇ ਨੇੜੇ ਹੋਏ। ਮੈਂ ਪਹਿਲੇ ਦੂਸਨਾਂ ਤੇ, ਹੋਰ ਝੌਲਾ ਪੈਣ ਦੇ ਡਰੋਂ-ਪਿੱਛੇ ਈ ਖੜੋਤਾ ਰਿਹਾ। ਗੇਟ ਵਾਲੇ ਥਮਲੇ ਨਾਲ ਸਿਰ ਲਾ ਕੇ ਡੁਸਕਦੇ ਨੂੰ, 'ਦੇਵਾਂ, ਜਿਸਦਾ ਅਨੰਦ ਕਰਨ ਸੰਤ ਉਚੇਚੇ ਬਾਹਰੋਂ ਆਏ ਸਨ-ਬੜੀ ਪਿਆਰੀ ਤੇ ਲਾਡਲੀ ਬੱਚੀ ਦੇਵਾਂ, ਜਿਦ੍ਹਾ ਸਾਲ ਭਰ ਦੇ ਬੱਚੇ ਵਾਂਗ ਸੰਤ ਹਰਦਮ ਧਿਆਨ ਰਖਦੇ ਸਨ। ਜੇਹੜੀ ਭੁੱਖੀ ਭਾਣੀ ਮਗਰ ਮਗਰ ਤੁਰੀ ਫਿਰਦੀ-ਭਾਵੇਂ ਲੰਗਰ ਦੇ ਬੂਹੇ ਅਗੇ ਦੋ ਘੰਟੇ ਖਲੋਣਾਂ ਪੈ ਜਾਇ-ਪਿ ਜੀ ਬਿਨਾਂ ਅੰਨ ਜਲ ਗ੍ਰਹਿਣ ਨਾਂ ਕਰਦੀ। ਮੈਂ ਆਖਣਾਂ-ਬੱਚੀਏ ! ਆਪਾਂ ਤੇ ਭੁੱਖੇ ਨਾ ਮ.ਾਈਏ-ਏਹਨਾਂ ਦੀ ਸੰਤ ਗੀਰੀ ਤਾਂ



Sri Satguru Jagjit Singh Ji eLibrary NamdhariElibrary@gmail.com

ਖਿਲੱਰਦੀ ਜਾਂਦੀ ਏ। ਦੇਵਾਂ ਕਹਿਣਾਂ ਸੰਤ ਜੀ। ਤੁਸੀ ਲੰਗਰ ਛਕੋ ਤੇ ਪੰਡਿਤ ਜੀ ਦੇ ਡੇਰੇ ਚਲੋ। ਮੈ ਪਿਤਾ ਜੀ ਨੂੰ ਕਾਹਲ ਨਹੀਂ ਪਾਣੀ। ਸਿੱਖ ਸਾਧ ਐਨੇ ਪਿਆਰ ਤੇ ਸਨੇਹ ਨਾਲ ਆਪਣੀਆਂ ਵਿਥਿਆ ਦੱਸਦੇ ਨੇਂ- ਜੇ ਪਿਤਾ ਜੀ ਖਲੋ ਕੇ ਨਾਂ ਸੁਣਨ ਤਾਂ ਸਾਧਾਂ ਦੇ ਚਿੱਤ ਦੁਖਣ ਗੇ)

ਮੈਨੂੰ ਇਹੋ ਸੋਚ ਕੇ ਡੋਬੂ ਪਈ ਜਾਂਣ-ਦੇਵਾਂ। ਜੋ ਨਿਤਾਂਤ ਇਕੱਲੀ ਰਹਿ ਗਈ ਹੈ-ਉਸਨੂੰ ਕਿਵੇਂ ਧੀਰਜ ਦੇ ਬੋਲ ਅਖਾਂਗਾਂ। ਪਰ ਧੰਨ ਸੰਤ-ਧੰਨ ਸੰਤਾਂ ਦਾ ਆਪਣੇ ਸਤਿਗੁਰ ਤੇ ਵਿਸ਼ਵਾਸ -ਧੰਨ ਸੰਤਾਂ ਦੀ ਸਿਖਿਆਂ। ਦੇਵਾਂ ਮੈਨੂੰ ਬਮਲੇ ਨਾਲ ਖੜੋਤੇ ਡੁਸਕਦੇ ਨੂੰ ਮੋਢਿਆਂ ਤੋਂ ਝੂਣ ਕੇ ਆਖ ਰਹੀ ਹੈ-ਸੰਤ ਜੀ। ਪਿਤਾ ਜੀ ਹੁਣ ਸਾਨੂੰ ਆ ਕੇ ਚੁੱਪ ਨਹੀਂ ਕਰਾਣਾਂ। ਜਾਂਣ ਲੱਗੇ ਕਹਿ ਗਏ ਸਨ-ਧੀਰਜ ਰੱਖਣਾਂ ਤੇ ਸਤਿਗੁਰ ਦਾ ਪੱਲਾ ਨਹੀ ਛੱਡਣਾਂ! ਤੁਸੀ ਸਗੋਂ ਸਾਨੂੰ ਹੌਂਸਲਾ ਦਿਓ! ਵੇਖੋ ! ਮੈਨੂੰ ਇਕੱਲੀ ਨੂੰ ਛੱਡ ਗਏ ਹਨ।

ਪਰ ਮੈਨੂੰ ਰੋਣ ਇਸ ਗੱਲ ਦਾ ਵੀ ਆ ਰਿਹਾ ਸੀ-ਹਰ ਵਾਰ ਏਹੋ ਕਹਿੰਦੇ ਰਹੇ- ਤੈਨੂੰ ਦੱਸਾਂਗਾ, ਫਿਰ ਆਵੀਂ। ਜੇ ਮੈਂ ਵੀ ਪੈਰੋ ਪੈਰ ਹੇਠਾਂ ਜਾਂਦੀ ਸੇਹਤ ਵੇਖ ਲੈਂਦਾ, ਤਾਂ- ਇਕ ਦਮ ਚਲੇ ਗਏ, ਸੁਣਕੇ ਦਹਿਲ ਜਾਂਣ ਵਾਂਗ ਨਾ ਹੋਂਦਾ। ਦੇਵਾਂ ਕਿਹਾ- ਤੁਹਾਡੇ ਫੋਨ ਬਾਦ-ਕਿਸੇ ਦਾ ਵੀ ਫੋਨ ਸੁਣਨੋਂ ਸਿਰ ਫੇਰ ਦਿੱਤਾ। ਕਹਿੰਦੀ, ਮੇਰੇ ਨਾਲ ਕੋਈ ਗੱਲ ਕਰਨੀ ਚਾਹੁੰਦੇ ਸਨ। ਪਰ ਗੱਲ ਦੀ ਸਮਝ ਨਾਂ ਆਵੇ। ਪੈਨ ਕਾਪੀ ਦਿੱਤੇ, ਕੁਝ ਲਿਖਿਆ ਨਾਂ ਗਿਆ। ਇਕ ਉਂਗਲ ਉਚੀ ਕਰਕੇ ਇਸ਼ਾਰਾ ਕੀਤਾ ਤੇ ਬੱਸ --------। ਸੰਤਾਂ ਕੋਲ ਬੇਟੀ ਦੇਵਾਂ, ਬੇਟੇ ਗੁਰਬਖਸ਼, ਛੋਟੀ ਭੈਣ ਗਿਆਨੋਂ, ਭਾਣਜਾ ਕੁਲਵੰਤ, ਭਤੀਜਾ ਰਾਣਾਂ ਨੇਂ ਅਪੋਲੋ ਨੂੰ ਘਰ ਬਣਾਈ ਰੱਖਿਆ।

ਮੈਂ ਸਮਝਣਾਂ-ਏਹ ਇਸ਼ਾਰਾ ਸ੍ਰੀ ਸਤਿਗੁਰੂ ਜੀ ਵੱਲ ਸੀ। ਅੰਤ ਸਮੇਂ ਅਰਦਾਸ ਕਰੀਦੀ ਹੈ- ਜਾਂਣ ਵਾਲੇ ਦੀ ਜੀਵ ਆਤਮਾਂ ਨੂੰ ਸਤਿਗੁਰੂ ਜੀ ਆਪਣੇ ਚਰਨਾਂ ਵਿਚ ਨਿਵਾਸ ਦੇਣ। ਮੇਰਾ ਕਹਿਣਾਂ ਹੈ -ਜੇ ਹੈ-ਤਾਂ ਸੰਤਾਂ ਦੀ ਜੀਵ ਆਤਮਾਂ-ਹੋਰ ਕਿਤੇ ਵੀ ਜਾਣ ਤੋਂ ਨਾਬਰ ਹੋ ਕੇ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖ ਮੰਡਲ ਦੁਆਲੇ ਮੰਡਰਾ ਕੇ-ਹਜ਼ੂਰਦੇ ਕੋਮਲ ਚਰਨਾਂ ਵਿਚ ਟਿਕ ਗਈ ਹੋਵੇਗੀ।

*******



Sri Satguru Jagjit Singh Ji eLibrary NamdhariElibrary@gmail.com

# ਇਕ ਜੁਗ ਸਮਾਪਤ

ਸਮਾਜ ਦੀ ਜੁਗ ਬਦਲੀ ਨਾਲ, ਚੰਨ ਸੂਰਜ, ਤਾਰਿਆਂ ਦੀ ਗਰਦਿਸ਼ ਵਿਚ ਕੋਈ ਫਰਕ ਨਹੀਂ ਪੈਂਦਾ। ਜੁਗ ਬਦਲਦੇ ਰਹਿੰਦੇ ਹਨ ਪਰ ਸਮਾਂ ਇਕ ਰਸ, ਆਪਣੀ ਤੋਰ, ਤੁਰਦਾ ਰਹਿੰਦਾ ਹੈ। ਕਿਸੇ ਦੇਸ਼ ਦਾ ਨਿਆਂ ਪਾਲਕ ਸਮਰਾਟ, ਅਚਾਨਕ ਮੌਤ ਦਾ ਗ੍ਰਾਸ ਬਣ ਜਾਇ, ਸਾਰਾ ਮੁਲਕ ਧਾਹੀਂ ਰੋਂਦਾ ਫਿਰੇ, ਸਮੇਂ ਨੂੰ ਕੋਈ ਫਰਕ ਨਹੀਂ ਪੈਂਦਾ।

ਕਿਸੇ ਪਰਿਵਾਰ ਦਾ, ਇੱਕੋ ਇੱਕ, ਮੇਹਨਤ ਮਜ਼ਦੂਰੀ ਕਰਕੇ, ਰੋਟੀ ਦਾ ਜੁਗਾੜ ਕਰਨ ਵਾਲਾ, ਹਾਦਸੇ ਦਾ ਸ਼ਿਕਾਰ ਹੋ ਜਾਇ, ਸਮੇਂ ਦਾ ਚੱਕਰ ਓਵੇਂ ਚਲਦਾ ਰਹਿੰਦਾ ਹੈ।

ਇਕ ਬਿਰਧ ਮਾਂ ਬਾਪ ਦਾ ਇਕਲੌਤਾ ਨੌਜਵਾਨ ਬੇਟਾ, ਸਮੇਂ ਦੇ ਚੱਕਰ 'ਚ ਫਸ ਜਾਇ, ਬੁਢਿਆਂ ਦੀ ਕੁਰਲਾਹਟ ਓਹਦੀ ਕੰਨੀਂ ਨਹੀਂ ਪੈਂਦੀ।

ਵੰਡਾਰੇ ਵੇਲੇ, ਲੱਖਾਂ ਲੋਕ ਰੁਲ ਕੇ ਮਰ ਗਏ, ਲੱਖਾਂ ਬੇ ਇਜ਼ਤ ਹੋਏ-ਸਮੇਂ ਦਾ ਵਹਿਣ, ਸ਼ਾਂਤ ਵਗਦਾ ਰਿਹਾ। ਇਸ ਦੁਨੀਆਂ ਤੇ ਬੜੇ ਵੱਡੇ-ਵੱਡੇ ਵਿਦਵਾਨ-ਸਿਆਣੇ ਲੋਕ ਆਏ, ਜਿਨ੍ਹਾਂ ਸਮਾਜਾਂ ਚ ਉਥਲ ਪੁਥਲ ਪੈਦਾ ਕਰ ਦਿੱਤੀ, ਪਰ ਚਰਖ ਦੀ ਗਰਦਿਸ਼ ਨਿਰੰਤਰ ਚਲਦੀ ਰਹੀ।

ਅੱਜ ਮੇਰੀਆਂ ਅੱਖਾਂ ਸਾਹਮਣੇ-ਉਹ ਸਮਾਂ ਘੁੰਮਦਾ ਪ੍ਰਤੀਤ ਹੋ ਰਿਹੈ, ਜਦੋਂ ਸ੍ਰੀ ਮਾਨ ਪੰਡਿਤ ਜਗਤ ਸਿੰਘ ਜੀ ਖੰਡੂ ਵਾਲੀਆਂ ਦੇ ਪੁਰਾਤਨ ਰਿਸ਼ੀਆਂ ਵਰਗੇ ਵਿਦਿਆਲੇ ਵਿਚ, ਹਿੰਦੂ ਪਰਿਵਾਰ ਦਾ ਅਤਿ ਸੁੰਦਰ, ਹੋਣਹਾਰ ਲੜਕਾ, ਸਰਕਾਰੀ ਸਕੂਲ ਦੀਆਂ ਦਸ ਜਮਾਤਾਂ ਬਾਦ, ਪੰਡਿਤਾਊ ਵਿਦਿਆ ਸਿੱਖਣ ਏਥੇ ਦਾਖਲ ਹੋ ਗਿਆ। ਬਾਲਕ ਗੋਪਾਲ ਦਾਸ, ਸੁੰਦਰ-ਚੰਚਲ ਛੈਲ ਛਬੀਲਾ-ਤੇਜ਼ ਤਰਾਰ ਪੜ੍ਹਨ ਵਿਚ ਪੂਰਾ ਹੁਸ਼ਿਆਰ ਸੀ। ਹਰ ਵੇਲੇ ਟਪੂੰ ਟਪੂੰ ਕਰਦਾ ਰਹਿੰਦਾ। ਕਿਤੇ ਵੀ ਇਕ ਥਾਂ ਨਾਂ ਟਿਕਦਾ। ਸਾਲ ਕੁ ਏਥੇ ਰਹਿ ਅੱਗੇ ਚਲਾ ਗਿਆ।

ਉਸ ਵੇਲੇ ਦੇ ਸੁਪ੍ਰਸਿੱਧ ਜਥੇਦਾਰ ਸੰਤ ਅਤਰ ਸਿੰਘ ਜੀ ਨੇ 'ਦਾਸ' ਤੋਂ 'ਸਿੰਘ' ਬਣ ਚੁੱਕੇ ਮੁੰਡੇ ਦਾ, ਮਨ ਮੋਹ ਲਿਆ ਅਤੇ ਢੁਲਕਈਏ ਵਜੋਂ ਨਾਲ ਲੈ ਲਿਆ।

ਸੰਤਾਂ ਤੋਂ ਪਹਿਲਾਂ ਦੋ ਸ਼ਬਦ ਪੜ੍ਹਨ ਦਾ ਅਵਸਰ ਮਿਲ ਜਾਂਦਾ। ਜਿਵੇਂ, ਪਹਿਲਾਂ ਰਿਸ਼ੀ ਆਸ਼੍ਰਮ ਨੇ, ਬਹੁਤਾ ਚਿਰ ਨਹੀਂ ਸੀ ਬੰਨ੍ਹਿਆ, ਤਿਵੇਂ ਸੰਤ ਅਤਰ ਸਿੰਘ ਜੀ ਦੀਆਂ ਇੰਦ੍ਰ ਮੋਹਣੀਆਂ ਵੀ ਗੂੜ੍ਹੀ ਮੋਹ ਫਾਸ ਨਾ ਪਾ ਸੱਕੀਆਂ। ਹੋਰ ਵੀ ਕਈ ਸਾਧਾਂ, ਜਥੇਦਾਰਾਂ ਨਾਲ ਫਿਰ ਕੇ, ਗਿਆਨ ਹਾਸਲ ਕੀਤਾ। ਖੁਲ੍ਹੇ ਅਕਾਸ਼ੀਂ ਉਡਣ ਵਾਲਾ ਮਨ-ਕਿਤੇ ਬੱਝ ਨਾ ਸਕਿਆ। ਵੱਡੇ ਛੋਟੇ ਮੇਲਿਆਂ ਵਿਚ ਲੈਕਚਰ ਕਰਨਾ, ਵਿਚ ਵਾਰ ਸ਼ਬਦ ਦੀ ਪੜ ਲੈਣਾ। ਢੋਲਕ ਛੈਣਿਆਂ ਵਾਲੇ ਆਪੇ ਆ ਜੁੜਨੇ ਤਾਂ ਦੀਵਾਨ ਲੱਗ ਜਾਣਾ। ਸਾਡੇ ਪਿੰਡ ਕੋਈ ਨਾ



Sri Satguru Jagjit Singh Ji eLibrary NamdhariElibrary@gmail.com

ਕੋਈ ਜਥਾ ਆਇਆ ਰਹਿਣਾ । ਸੰਤ ਖੰਡੂ ਵਾਲਿਆਂ ਦਾ ਫੇਰਾ, ਏਥੇ ਆਮ ਰਹਿੰਦਾ । ਸੰਤ ਜੀ ਨੇ ਸਾਡੇ ਘਰ ਦੋ ਅਖੰਡ ਪਾਠ ਕੀਤੇ । ਪਾਠੀਆਂ ਵਿਚ ਗੁਪਾਲ ਸਿੰਘ ਜੀ (ਅਜੇ ਪੰਡਿਤ ਨਹੀਂ ਸਨ ਵੱਜਦੇ) ਵੀ ਸ਼ਾਮਲ ਸਨ । ਸੰਤਾਂ ਹੁਕਮ ਕੀਤਾ, ਗੁਪਾਲ ਸਿੰਘ ਦੀਵਾਨ ਸਜਾਓ । ਸੰਤਾ ਸਿੰਘ 'ਛਾਂਙਾ' ਢੋਲਕੀ ਵਜਾ ਰਿਹਾ ਸੀ । ਮੈਂ ਤੇ ਰਹਿਮਤ ਈਸਾਈ ਛੈਣਿਆਂ ਵਾਲਿਆਂ ਵਿਚ ਸਾਂ । ਜਦੋਂ ਸ਼ਬਦ ਚੁੱਕਿਆ, ਸੰਤਾਂ ਸਿੰਘ ਉਖੜ ਗਿਆ । ਕਾਰਨ ਇਹ ਸੀ, ਗੁਪਾਲ ਸਿੰਘ ਜੀ ਰਾਗ-ਤਾਲ ਦੇ ਬਹੁਤੇ ਪਾਬੰਦ ਨਹੀਂ ਸਨ । ਆਪ
ਢੋਲਕੀ ਵਜਾ ਕੇ ਵਖਾਈ, ਰਹਿਮਤ ਆਂਹਦਾ, ਓਏ ! ਸੋਹਣਾ ਜਥੇਦਾਰ ਬੜਾ ਕੁਝ ਜਾਣਦਾ ਜੇ !

ਗੌਹਰ ਸ਼ਨਾਸ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਜਾਚਿਆ, ਸੁੱਚਾ ਮੋਤੀ ਹੈ, ਪਰਖ ਖਜ਼ਾਨੇ ਪਾਇਆ । ਜਦੋਂ ਹਜ਼ੂਰੀ ਵਖਿਆਨ ਕਾਰ ਹੋ ਗਏ, ਵਡੇ ਮੇਲਿਆਂ ਵਿਚ ਦੀਵਾਨ ਸਜਾਣ ਲੱਗ ਪਏ ।ਕਹਿਣ ਢੰਗ ਪ੍ਰਭਾਵਸ਼ਾਲੀ ਰਸਨਾ 'ਚ ਕੋਈ ਰੁਕਾਵਟ ਨਹੀਂ । ਗੁਰਬਾਣੀ, ਭਾਈ ਗੁਰਦਾਸ, ਨੰਦ ਲਾਲ, ਉਰਦੂ ਫਾਰਸੀ, ਕੁਰਾਨ ਦੀਆਂ ਆਇਤਾਂ, ਸੰਸਕ੍ਰਿਤ ਦੇ ਸ਼ਲੋਕ, ਵਾਰਿਸ, ਬੁਲ੍ਹਾ, ਸਾਹ ਹੁਸੈਨ, ਸਭ ਕੁਝ ਇੰਜ ਰਸਨਾਗ੍ਰੇ ਚਲਦਾ, ਸੰਗਤਾਂ ਪੰਡਿਤ ਜੀ ਕਹਿਣ ਤੇ ਮਜਬੂਰ ਹੋ ਗਈਆਂ ।

ਦੀਵਾਨ ਦੇ ਭੋਗ ਤੋਂ ਪਹਿਲਾਂ, ਮਾਸ ਸ਼ਰਾਬ ਛੱਡ ਕੇ, ਗੁਰੂ ਲੜ ਲੱਗਣ ਵਾਸਤੇ ਕਹਿਣਾ, ਜਾਗਿਆਸੂਆਂ ਦੀਆਂ ਲਾਇਨਾਂ ਲੱਗ ਜਾਂਦੀਆਂ । ਬੀਬੀਆਂ ਵੱਖਰੀ ਲਾਈਨ 'ਚ ਖਲੋਣ । ਹੁਣ ਸਿੰਘਾਂ ਦੀ ਲਾਈਨ ਛੋਟੀ ਰਹਿ ਗਈ ਹੈ । ਬੜੀ ਵਾਰ ਅੱਖੀਂ ਵੇਖਿਆ, ਸੈਂਕੜੇ ਭਜਨ ਪੁੱਛ ਕੇ, ਕੂਕਾ ਕਾਰ ਵਿਚ ਸ਼ਾਮਲ ਹੋ ਜਾਂਦੇ ਸਨ । ਯਾਦਾਸ਼ਤ ਤੇ ਹਾਜ਼ਰ ਜੁਆਬ ਕਮਾਲ ਦੇ । ਇਕ ਵਾਰ ਦੀਵਾਨ ਮਘਿਆ ਹੋਇਆ, ਪੰਡਿਤ ਜੀ ਨੇ ਇਕ ਸਾਖੀ ਸ਼ੁਰੂ ਕੀਤੀ, ਸਾਜਾਂ ਵਾਲਿਆਂ 'ਚ ਅਸੀਂ 'ਵਾਰੇ ਵਾਲੇ, ਬਹੁਤੇ ਸਾਂ । ਗੁਰਬਖਸ਼ ਸਿੰਘ 'ਹਰਸ਼ੈ, ਨੇ ਹੌਲੇ ਜਹੇ ਆਖਿਆ, ਅਜ ਫਿਰ ਓਹੋ ਸਾਖੀ ਆ ਗਈ ਜੇ । ਲੈਕਚਰ ਕਰਦਿਆਂ ਪਤਾ ਨਹੀਂ ਕਿੰਜ ਸੁਣਿਆਂ ਗਿਆ । ਕਹਿੰਦੇ, ਤੁਸੀਂ ਵਾਰੇ ਵਾਲੇ ਨਿਤਾ ਪ੍ਰਤਿ ਓਹੋ ਛੰਤ-ਸ਼ਬਦ ਪੜ੍ਹਦੇ ਓ । ਮੈਂ ਕਦੀ ਨਹੀਂ ਇਤਰਾਜ਼ ਕੀਤਾ । ਏਹ ਸਾਖੀ ਚਾਰ ਮਹੀਨਿਆਂ ਪਿਛੋਂ ਆਈ ਏ ।

ਮੇਰੇ ਤੋਂ ਉਮਰੋਂ ਤਾਂ ਬਾਰਾਂ ਵਰ੍ਹੇ ਵਡੇ ਪਰ ਗਿਆਨ ਵਿੱਚ ਸਦੀਆਂ ਅਗੇ ਲੰਘ ਗਏ । ਸਿੱਖਣ ਵਾਲੇ ਵਾਸਤੇ ਪੰਡਿਤ ਜੀ ਕੋਲ ਸਿਖਿਆ ਦੇ ਭੰਡਾਰ ਸਨ । ਨਿੱਕੀ ਗੱਲ ਵਿਚ ਸਿਖਿਆ । ਫੋਨ ਆਵੇ ਤਾਂ ਅਗੋਂ ਆਕੜਿਆ ਹੋਇਆ ਹੈਲੋ, ਨਹੀਂ, ਬੜੀ ਮਿਠੈਸ ਨਾਲ 'ਹਾਂ ਜੀ, ਕਹਿਣ ਦੀ ਜਾਚ, ਮੈਂ ਪੰਡਿਤ ਜੀ ਨੂੰ ਸੁਣ ਕੇ ਸਿਖਦਾ ਰਿਹਾਂ। ਜਥੇਦਾਰ ਗੁਰਦੀਪ ਸਿੰਘ ਜੀ ਨੇ, ਸੇਵਾ ਕਰਕੇ, ਬਹੁਤੀ ਕੁਝ ਕਹਿਣ ਕਰਨ ਦਾ ਜਤਨ ਕੀਤਾ ।ਸਾਡੇ ਦੋਹਾਂ ਭਰਾਵਾਂ ਚੋਂ, ਸੁਰ ਬਲੀ ਸਿੰਘ ਨਾਲ ਬਹੁਤ, ਪਰ ਸਿੱਖਿਆ ਮੈਨੂੰ ਬਹੁਤੀਆਂ ਬਖਸ਼ਣੀਆਂ



Sri Satguru Jagjit Singh Ji eLibrary NamdhariElibrary@gmail.com

। ਸਾਡੇ ਦੋਹਾਂ ਦਾ ਡੇਰਾ, ਪੰਡਿਤ ਜੀ ਕੋਲ ਹੁੰਦਾ । ਸਸਕਾਰ ਬਾਦ ਵਰਨੀਆਂ ਤੋਂ ਚੜ੍ਹਦੇ ਜਾਣ ਨੂੰ ਵੀ ਜੀ ਨਹੀਂ ਕੀਤਾ । ਜਿਵੇਂ ਉਹ ਪਾਸਾ ਬੇ ਰੌਣਕਾ ਹੋ ਗਿਆ ਹੋਵੇ ।

ਆਪਣੀ ਸੰਭਾਲ ਸੁਰਤ ਵਿਚ ਉਹ ਸਮਾਂ ਵੇਖਿਆ, ਸੰਤ ਅਤਰ ਸਿੰਘ ਜੀ ਨੇ, ਸਾਰੀ ਰਾਤ ਦੀਵਾਨ ਲਾਉਣਾ । ਅੰਮ੍ਰਿਤ ਵੇਲੇ ਪ੍ਰਬੰਧਕਾਂ ਅਰਜ਼ ਕਰਨੀ, ਹੁਣ ਥੋੜਾ ਸਮਾਂ ਵਾਰੇ ਵਾਲਿਆਂ ਨੂੰ ਵੀ ਸੰਗਤ ਵਿਚ ਹਾਜ਼ਰੀ ਲਾ ਲੈਣ ਦਿਓ ।

ਆਲਿਮ ਜੀ ਨੇ, ਵਾਰੇ ਦੀ ਅਗਵਾਈ ਕਰਦਿਆਂ, ਮਸਤੀ 'ਚ ਉਠ ਕੇ ਤੁਰੇ ਫਿਰਦਿਆਂ ਪੜ੍ਹੀ ਜਾਣਾਂ, 'ਮੈਂ ਮਛਲੀ ਕੈਸੇ ਅੰਤ ਲਹਾਂ' । ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰ 'ਤੂੰ ਦਰਿਅਉ ਮੇਰਾ, 2-3 ਵਾਰ ਕਹਿੰਦਿਆਂ, ਨਾਲੇ ਝੂੰਮਰ ਪਾਉਣਾ ਨਾਲੇ ਡੰਡਉਤਾਂ ਕਰਦਿਆਂ ਥੱਕਣਾ ਨਾ ।

ਭਾਰਾ ਸਰੀਰ ਇੰਜ ਲੱਗਣਾ ਜਿਵੇਂ ਹਵਾ 'ਚ ਉਡੱਦਾ ਹੋਵੇ ।

ਪੰਡਿਤ ਜੀ, ਓਧਰ ਵੀ ਤੇ ਏਧਰ ਵੀ, ਨਿਰੰਤਰ ਇਕ ਰਸ ਅੰਮ੍ਰਿਤ ਪ੍ਰਵਾਹਤ ਰਹੇ । ਇਕ ਜਸ ਇੰਜ ਵੀ ਕਿ ਦੋਹਾਂ ਸਤਿਗੁਰੂ ਸਾਹਿਬਾਂ ਨਾਲ ਨਿਰੰਤਰ ਸ਼ਰਧਾ ਪਿਆਰ ਬਣਿਆ ਰਿਹਾ । ਹੁਣ ਸਤਿਗੁਰੂ ਜੀ ਵਲੋਂ ਸੇਵਾ ਸੰਭਾਲ ਤੋਂ ਏਨੇ ਸੰਤੁਸ਼ਟ, ਕਹਿਣਾ, ਸਤਿਗੁਰਾਂ ਦੀ ਕਿਰਪਾ ਨਾਲ ਮਹਾਂ ਸੁਖੀ ਹਾਂ, ਏਥੇ, ਓਥੇ ਦਾ ਕੋਈ ਫਿਕਰ ਨਹੀਂ । ਮੇਰੀ ਜ਼ਿੰਦਗੀ 'ਪੌਣੀ ਸਦੀ, ਵਿਚ ਅਨੇਕਾਂ ਪ੍ਰਚਾਰਕ ਸ਼ਬਦੀ, ਰਾਗੀ ਢਾਡੀ, ਜਥੇਦਾਰ ਆਏ ਤੇ ਚਲੇ ਗਏ । ਕਦੀ ਇਓਂ ਨਹੀਂ ਸੀ ਲੱਗਿਆ ਜਿਵੇਂ ਹੁਣ ਪੰਡਿਤ ਜੀ ਦੇ ਜਾਣ ਸਮੇਂ ਲੱਗਿਆ ਹੈ । ਸ਼ਾਇਦ ਕੋਈ ਏਨਾਂ ਸਮਾਂ ਨਿਭ ਨਹੀਂ ਸਕਿਆ ? ਇੰਜ ਲਗਦਾ ਏ, ਜਿਵੇਂ ਇਕ ਜੁੱਗ ਸਮਾਪਤ ਹੋ ਗਿਆ ਹੋਵੇ ।

ਅੱਛਾ ! ਜਿਵੇਂ ਕਰਤੇ ਦੀ ਰਜ਼ਾ ।

***************



Sri Satguru Jagjit Singh Ji eLibrary NamdhariElibrary@gmail.com

। ਸਾਡੇ ਦੋਹਾਂ ਦਾ ਡੇਰਾ, ਪੰਡਿਤ ਜੀ ਕੋਲ ਹੁੰਦਾ । ਸਸਕਾਰ ਬਾਦ ਵਰਨੀਆਂ ਤੋਂ ਚੜ੍ਹਦੇ ਜਾਣ ਨੂੰ ਵੀ ਜੀ ਨਹੀਂ ਕੀਤਾ । ਜਿਵੇਂ ਉਹ ਪਾਸਾ ਬੇ ਰੌਣਕਾ ਹੋ ਗਿਆ ਹੋਵੇ ।

ਆਪਣੀ ਸੰਭਾਲ ਸੁਰਤ ਵਿਚ ਉਹ ਸਮਾਂ ਵੇਖਿਆ, ਸੰਤ ਅਤਰ ਸਿੰਘ ਜੀ ਨੇ, ਸਾਰੀ ਰਾਤ ਦੀਵਾਨ ਲਾਉਣਾ । ਅੰਮ੍ਰਿਤ ਵੇਲੇ ਪ੍ਰਬੰਧਕਾਂ ਅਰਜ਼ ਕਰਨੀ, ਹੁਣ ਥੋੜਾ ਸਮਾਂ ਵਾਰੇ ਵਾਲਿਆਂ ਨੂੰ ਵੀ ਸੰਗਤ ਵਿਚ ਹਾਜ਼ਰੀ ਲਾ ਲੈਣ ਦਿਓ ।

ਆਲਿਮ ਜੀ ਨੇ, ਵਾਰੇ ਦੀ ਅਗਵਾਈ ਕਰਦਿਆਂ, ਮਸਤੀ 'ਚ ਉਠ ਕੇ ਤੁਰੇ ਫਿਰਦਿਆਂ ਪੜ੍ਹੀ ਜਾਣਾਂ, 'ਮੈਂ ਮਛਲੀ ਕੈਸੇ ਅੰਤ ਲਹਾਂ' । ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰ 'ਤੂੰ ਦਰਿਅਉ ਮੇਰਾ, 2-3 ਵਾਰ ਕਹਿੰਦਿਆਂ, ਨਾਲੇ ਝੂੰਮਰ ਪਾਉਣਾ ਨਾਲੇ ਡੰਡਉਤਾਂ ਕਰਦਿਆਂ ਥੱਕਣਾ ਨਾ ।

ਭਾਰਾ ਸਰੀਰ ਇੰਜ ਲੱਗਣਾ ਜਿਵੇਂ ਹਵਾ 'ਚ ਉਡੱਦਾ ਹੋਵੇ ।

ਪੰਡਿਤ ਜੀ, ਓਧਰ ਵੀ ਤੇ ਏਧਰ ਵੀ, ਨਿਰੰਤਰ ਇਕ ਰਸ ਅੰਮ੍ਰਿਤ ਪ੍ਰਵਾਹਤ ਰਹੇ । ਇਕ ਜਸ ਇੰਜ ਵੀ ਕਿ ਦੋਹਾਂ ਸਤਿਗੁਰੂ ਸਾਹਿਬਾਂ ਨਾਲ ਨਿਰੰਤਰ ਸ਼ਰਧਾ ਪਿਆਰ ਬਣਿਆ ਰਿਹਾ । ਹੁਣ ਸਤਿਗੁਰੂ ਜੀ ਵਲੋਂ ਸੇਵਾ ਸੰਭਾਲ ਤੋਂ ਏਨੇ ਸੰਤੁਸ਼ਟ, ਕਹਿਣਾ, ਸਤਿਗੁਰਾਂ ਦੀ ਕਿਰਪਾ ਨਾਲ ਮਹਾਂ ਸੁਖੀ ਹਾਂ, ਏਥੇ, ਓਥੇ ਦਾ ਕੋਈ ਫਿਕਰ ਨਹੀਂ । ਮੇਰੀ ਜ਼ਿੰਦਗੀ 'ਪੌਣੀ ਸਦੀ, ਵਿਚ ਅਨੇਕਾਂ ਪ੍ਰਚਾਰਕ ਸ਼ਬਦੀ, ਰਾਗੀ ਢਾਡੀ, ਜਥੇਦਾਰ ਆਏ ਤੇ ਚਲੇ ਗਏ । ਕਦੀ ਇਓਂ ਨਹੀਂ ਸੀ ਲੱਗਿਆ ਜਿਵੇਂ ਹੁਣ ਪੰਡਿਤ ਜੀ ਦੇ ਜਾਣ ਸਮੇਂ ਲੱਗਿਆ ਹੈ । ਸ਼ਾਇਦ ਕੋਈ ਏਨਾਂ ਸਮਾਂ ਨਿਭ ਨਹੀਂ ਸਕਿਆ ? ਇੰਜ ਲਗਦਾ ਏ, ਜਿਵੇਂ ਇਕ ਜੁੱਗ ਸਮਾਪਤ ਹੋ ਗਿਆ ਹੋਵੇ ।

ਅੱਛਾ ! ਜਿਵੇਂ ਕਰਤੇ ਦੀ ਰਜ਼ਾ ।

***************



Sri Satguru Jagjit Singh Ji eLibrary NamdhariElibrary@gmail.com

# ਭਾਦਉ ਭਰਮਿ

ਭਾਦਉ ਭਰਮਿ ਭੁਲੀ ....... (ਤੁਖਾਰੀ ਮਹਲਾ ਪਹਿਲਾ)
ਭਾਦੁਇ ਭਰਮਿ ਭੁਲਾਣੀਆਂ .... (ਮਾਝ, ਮਹਲਾ ਪੰਜਵਾ)

ਪਰਮ ਵਿਚਾਰਵਾਨ ਸਤਿਗੁਰੂ ਸਾਹਿਬਾਂ ਨੇ ਕੇਵਲ ਭਾਦੋਂ, ਮਹੀਨੇ ਨੂੰ ਹੀ 'ਭਰਮ, ਨਾਲ ਜੋੜ ਕੇ ਬਖਾਨ ਕੀਤਾ ਹੈ । ਇਸ ਦਾ ਕਾਰਨ ਬਰਸਾਤਾਂ ਨਾਲ ਮੌਸਮ ਸਿੱਲਾ-ਤਨ ਮਨ ਢਿੱਲਾ ਹੋ ਜਾਣਾ ਹੋ ਸਕਦਾ ਹੈ । ਏਥੇ ਭਰਮ ਨੂੰ ਭੁਲੇਖੇ ਦੇ ਅਰਥਾਂ ਵਿਚ ਲਿਆ ਹੈ । ਪੰਜਾਬੀ ਬੋਲਚਾਲ ਵਿਚ ਭਰਮ, ਨੂੰ ਫਿਕਰ ਦੇ ਅਰਥਾਂ ਵਜੋਂ ਵਰਤਿਆ ਜਾਂਦਾ ਏ । ਜਿਵੇਂ-ਮੈਨੂੰ ਏਹ ਗੱਲ ਸੁਣ ਕੇ ਬੜਾ ਭਰਮ ਲੱਗਾ । ਅਤੇ ਜੇ ਇਹ 'ਭਰਮ'- ਫਿਕਰ, ਬਹੁਤਾ ਵਧ ਜਾਇ, ਤਾਂ 'ਗ਼ਮ' ਦੀ ਸ਼ਕਲ ਅਖ਼ਤਿਆਰ' ਕਰ ਲੈਂਦਾ ਹੈ ।

ਸਹਿਵਨ ਜਦੋਂ ਮੈਂ ਆਪਣੇ ਪਰਿਵਾਰਕ ਜੀਵਨ ਵੱਲ ਝਾਤ ਪਾਈ, ਤਾਂ ਏਹ ਢਾਈ ਅੱਖਰਾ 'ਭਾਦੋਂ ਮਹੀਨਾ' ਸਾਡੇ ਲਈ ਬੜਾ ਗ਼ਮਗੀਨ ਸਾਬਤ ਹੋਇਆ ।

19 ਭਾਦੋਂ 1920 ਦੀ ਗੱਲ ਏ, ਮੇਰੇ ਦਾਦਾ ਜੀ ਸ. ਸੰਤ ਸਿੰਘ ਜੀ ਕਿਤੇ ਦੁਰਾਡੀ ਰਿਸ਼ਤੇਦਾਰੀ ਵੱਲ ਗਏ । ਉਸ ਪਿੰਡ ਦੋ ਸਾਕਾਦਾਰੀਆਂ ਸਨ । ਇਕਨਾ ਵੱਲ ਰਾਤ ਰਹੇ । ਦੂਜਿਆਂ ਵੱਲ ਸਵੇਰੇ ਗਏ । ਉਹਨਾਂ ਪ੍ਰਸਾਦਾ ਛਕਾਣ ਵੇਲੇ-ਰਾਤ ਦੀ ਬੇਹੀ, ਦੁੱਧ ਚੌਲਾਂ ਦੀ ਖੀਰ ਪ੍ਰੋਸ ਦਿੱਤੀ । ਘੋੜੀ ਤੇ ਪਿੰਡ ਨੂੰ ਪਰਤੇ । ਔਂਦਿਆਂ ਦੁਪੈਹਰਾਂ ਵੇਲੇ ਪੇਟ ਪੀੜ ਹੋਣੀ ਸ਼ੁਰੂ ਹੋ ਗਈ । ਪਿੰਡ ਦੇ ਇਕਲੌਤੇ ਲੁਕਮਾਨ ਹਕੀਮ ਬਾਬੇ ਹਰਨਾਮ ਸਿੰਘ ਨੇ, ਆਪਣੀ ਇਕੋ ਇਕ ਗੁੜ ਵਾਲੀ ਦਵਾ, ਠੰਢੇ-ਤੱਤੇ ਨਾਲ ਦੇ ਵੇਖੀ । ਕੋਈ ਫਰਕ ਨਾ ਪਿਆ, ਤਾਂ ਹੱਥ ਖੜ੍ਹੇ ਕਰ ਗਿਆ । ਸ਼ਾਮ ਹੋ ਗਈ । ਬਾਰਸ਼ ਦਾ ਜ਼ੋਰ, ਘੋੜੀ ਤੇ ਸ਼ਹਿਰ ਜਾ ਨਹੀਂ ਸਨ ਸਕਦੇ, ਤਾਂਗਾ ਪਿੰਡ ਵਿਚ ਹੈ ਨਹੀਂ ਸੀ । ਅੱਧੀ ਰਾਤੋਂ ਪਹਿਲਾਂ ਦਰਦ ਦਾ ਇਜੇਹਾ ਦੌਰਾ ਪਿਆ ਸਰੀਰ ਇਕੱਠਾ ਹੋ ਕੇ, ਪ੍ਰਾਣ ਪੰਖੇਰੂ ਹੋ ਗਏ ।

ਸੱਤ-ਅੱਠ ਪੀਹੜੀਆਂ ਤੋਂ ਇਕਲਾਪਾ ਹੰਢਾ ਰਹੇ-ਸਿੰਘਾਂ ਦੇ ਪਰਿਵਾਰ ਚੋਂ, ਇਹ ਸੇਹਰਾ, ਵਹਿਮੀ ਜੀ ਦੇ ਸਿਰ ਤੇ ਸਜਿਆ, ਕਿ ਏਹਨਾਂ ਪਰਿਵਾਰ 'ਚੋਂ ਪੁਰਖਾਂ ਦੀ ਘਾਟ ਦੂਰ ਕੀਤੀ । ਪਿਤਾ ਦੇ ਚਲਾਣੇ ਤੋਂ ਪਹਿਲਾਂ ਇਕ ਪੁੱਤਰੀ ਆ ਕੇ ਜਾ ਚੁੱਕੀ ਸੀ । ਫਿਰ ਦੋ ਹੋਰ ਆਈਆਂ । ਛੇ ਸੱਤ ਵਰ੍ਹੇ ਦੀ ਉਡੀਕ ਬਾਦ ਪਹਿਲੀ ਪਤਨੀ ਦੀ ਰਜ਼ਾ ਨਾਲ ਹੋਰ ਵਿਆਹ ਦੀ ਵਿਓਂਤ ਬਣੀ । ਸੋਅ ਸੁਣ ਕੇ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਕੁੱਲ ਬਾਜਵੇ ਦੇ ਲੰਬਰਦਾਰ ਹਰੀ ਸਿੰਘ ਨੇ ਪਹੁੰਚ ਕੀਤੀ ।ਏਹ ਪਹਿਲਾਂ ਕਿਤੇ ਮੰਗੇਵਾ ਕਰ ਚੁੱਕੇ ਸਨ । ਪਤਾ ਲੱਗਾ, ਉਹਨਾਂ ਦੀ ਤਾਂਘ, ਸਾਕ ਤੋਂ ਜ਼ਮੀਨ ਵੱਲ ਬਹੁਤੀ ਸੀ । ਨੰਬਰਦਾਰ ਜੀ ਦੀ ਨੌਂ ਮੁਰੱਬੇ ਪੈਲੀ, ਇਕ ਨਿੱਕਾ ਜਿਹਾ ਬੱਚੜਾ .... ਉਹਨਾਂ ਦੇ ਈਮਾਨ ਤੇ ਭਾਰੂ ਹੋ ਗਈ । ਹੋਰ



Sri Satguru Jagjit Singh Ji eLibrary NamdhariElibrary@gmail.com

ਜਿੱਥੇ ਤੁਰਦੀ, ਉਹ ਬੰਦਾ ਭੇਜ ਕੇ ਆਂਹਦੇ-ਸਾਡਾ ਭਾਰ ਤੋਲ ਕੇ ਸਾਕ ਲੈਣਾਂ ।

ਹਿੰਦੂ ਚੱਕ ਆਦਮੀ ਆਏ ਨੂੰ ਵਹਿਮੀ ਜੀ ਨੇ ਕਿਹਾ, ਬਰਾਤ ਦਾ ਦਿਨ ਮਿਥ ਕੇ-ਤੁਹਾਨੂੰ ਦੱਸ ਦਿਆਂਗੇ, ਉਥੇ ਈ ਆ ਜਾਇਓ ! ਕੋਈ ਨਾ ਆਇਆ ।

1943, ਉਨੀਂ ਭਾਦੋਂ ਵਾਲੇ ਦਿਨ ਔਣ ਵਾਲਾ ਸਾਡਾ ਤੀਜਾ ਵੀਰ, ਕਲੈਹਣਾ ਸਾਬਤ ਹੋਇਆ । ਓਨੇ ਸਾਨੂੰ ਤਾਂ ਮਾਂ ਮਹਿੱਟਰ ਕੀਤਾ, ਆਪ ਵੀ ਸਾਡਾ ਸਾਥੀ ਨਾ ਬਣਿਆ ।

ਵੀਹ ਭਾਦੋਂ ਪਿਛਲੇ ਪਹਿਰ, ਦਾਈ ਤੇ ਸਾਡੀ ਦਾਦੀ ਦੇ ਰੋਕਦਿਆਂ, ਸਾਡੀ ਮਾਤਾ ਜੀ 'ਮੇਰਾ ਅੰਦਰ ਜੀ ਕਾਹਲਾ ਪੈਂਦਾ ਏ' ਕਹਿੰਦਿਆਂ-ਬਾਹਰ ਬਰਾਂਡੇ ਵਾਲੀ ਮੰਜੀ ਤੇ, ਆ ਕੇ ਪੈ ਗਏ । ਮੈਂ ਪੈਂਦ ਪਾਸੇ ਖਲੋਤਾ ਮਾਂ ਦਾ ਗੋਰੇ ਤੋਂ ਕਾਲਾ ਹੋਂਦਾ ਰੰਗ ਵੇਖ ਰਿਹਾ ਸਾਂ । ਦਿਨ ਦੀਂਵੀਂ ਸਾਡੀ ਜ਼ਿੰਦਗੀ ਘੁੱਪ ਹਨੇਰਾ ਹੋ ਗਈ । ਸਾਡੀ ਦਾਦੀ ਦੁਹੱਬੜ ਮਾਰ ਕੇ ਕੁਰਲਾ ਉਠੀ-ਨੀ ਕਰਤਾਰ ਕੌਰੇ ! ਤੂੰ ਵੀ ਸੌਹਰੇ ਵਾਲੇ ਦਿਨ ਸਾਡੇ ਤੇ ਕਹਿਰ ਕਰ ਗਈਓਂ ! ਵੇ ਲੋਕੋ ! ਏਹ ਭਾਦੋਂ ਬੜਾ ਭੈੜਾ ਜੇ । ਮੈਨੂੰ ਅੱਜ ਵੀ, ਪੀਂਘ ਝੂਟਦੀਆਂ ਕੁੜੀਆਂ ਦਾ, ਰੋਣ ਵਰਗਾ ਗੀਤ ਚੇਤੇ ਆ ਰਿਹੈ- 'ਸੌਣ, ਵੀਰ ਕੱਠੀਆਂ ਕਰੇ, ਭਾਦੋਂ ਚੰਦਰਾ ਵਿਛੋੜੇ ਪਾਵੇ' ।

ਤੇਈ ਸਾਲ ਬਾਦ, ਓਸੇ ਦਿਨ, ਸਾਡੇ ਘਰ ਮਾਤਮੀ ਸਫ ਵਿੱਛ ਗਈ । ਓਦੋਂ ਸਾਡੇ ਪਿੰਡ ਦਾ ਸਿਰ-ਦਾਰ ਗਿਆ ਸੀ, ਅੱਜ ਸਾਡੇ ਪਿੰਡ ਦੀ, ਬੋਲੀ 'ਚ ਸਤਿਕਾਰ ਭਰਨ ਵਾਲੀ ਚਲੀ ਗਈ । 'ਤੁਸੀ" ਅਤੇ ਜੀ, ਕਹਿ ਕੇ ਬੁਲੌਣਾਂ' ਸਾਡੀ ਮਾਤਾ ਦਾ ਪਿਤਾ ਪੁਰਖੀ ਮੁਹਾਵਰਾ ਸੀ । ਸਾਡੇ ਨਾਨਾ ਜੀ ਕਦੇ ਸਾਡੇ ਪਿੰਡ ਔਣਾਂ, ਸਾਡੇ ਕਾਮਿਆਂ ਨੂੰ ਵੀ 'ਜੀ, ਕਰਕੇ ਬੁਲੌਣਾਂ । ਬਸ਼ੀਰ ਮੁਹੰਮਦ ਜੀ ! ਮਹਿਰ ਚਰਾਗਦੀਨ ਜੀ ! ਪਿੰਡ ਦੀਆਂ, ਪ੍ਰਚੌਣੀ ਕਰਨ ਆਈਆਂ ਤੋਂ ਸੁਣਦਾ 'ਸਾਨੂੰ ਬੋਲਣ ਦੀ, ਤੇ ਕੁੜੀਆਂ ਨੂੰ ਮਸ਼ੀਨ ਦੀ ਜਾਚ ਦੱਸਣ ਵਾਲੀ ਚਲੀ ਗਈ । ਅਗੋਂ ਇਹੋ ਜਾਚ ਮਾਂ ਬੋਲੀ ਰਾਹੀਂ ਵਿਰਸੇ ਵਿਚ ਸਾਨੂੰ ਮਿਲ ਗਈ ।' ਸਾਡੇ ਘਰੀਂ, ਪਤਨੀਆਂ, ਨੂੰਹਾਂ, ਧੀਆਂ ਨੂੰ ਸਤਿਕਾਰਤ ਸ਼ਬਦਾਂ ਨਾਲ ਸੰਬੋਧਤ ਹੋਇਆ ਜਾਂਦਾ ਹੈ । 'ਪ੍ਰੇਮ ਅੱਖਰਾਂ' ਵਿਚ ਬਾਪੂ ਜੀ ਦੀ ਇਕ ਸਤਰ ਉਸ ਵਿਛੋੜੇ ਨੂੰ ਇੰਜ ਬਿਆਨ ਕਰਦੀ ਏ-

'ਓਹਦੇ ਜਾਣ ਦੀਵਾਨਗੀ ਪੇਸ਼ ਪਾਈ, ਦੁਖੀ ਜਾਨ ਜੁਦਾਈ ਦੇ ਸੱਲ ਕੀਤੀ' ।

ਹਾਂ ਜੀ ! ਤੇ ਇਸ ਢਾਈ ਅੱਖਰੇ ਮਹੀਨੇ ਵਲੋਂ, ਤੀਸਰੇ ਹਮਲੇ ਵੇਲੇ, ਸਾਡੇ ਪਰਿਵਾਰ ਨਾਲ, ਪੰਥ ਨੂੰ ਵੀ ਲਪੇਟ ਵਿਚ ਲੈ ਲਿਆ । ਮੈਂ ਏਥੇ ਪੰਥ ਨਾਲੋਂ, ਪਰਿਵਾਰ ਨੂੰ ਪਹਿਲੇ, ਕੁਝ ਸੋਚ ਕੇ ਹੀ ਰਖਿਐ । ਪੰਥ ਵਿਚ ਸਾਡੇ ਨਾਲੋਂ ਬਹੁਤੇ ਵੀ ਕਈ ਸ਼ਰਧਾਲੂ ਹੋਣਗੇ, ਪਰ ਜੋ ਦ੍ਰਿਸ਼, ਅਤੇ ਅਦ੍ਰਿਸ਼ ਤੰਦਾਂ-ਵਹਿਮੀ ਜੀ ਦੀਆਂ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਜੁੜੀਆਂ ਹੋਈਆਂ ਸਨ, ਓਹ ਕਿਸੇ ਹੋਰ ਦੇ ਹਿੱਸੇ ਨਹੀਂ ਆਈਆਂ



Sri Satguru Jagjit Singh Ji eLibrary NamdhariElibrary@gmail.com

ਹੋਣਗੀਆਂ ।

ਬਾਪੂ ਜੀ ਦਾ ਸਭ ਤੋਂ ਪਿਆਰਾ ਮਿੱਤਰ, ਜਥੇਦਾਰ ਗੁਰਬਚਨ ਸਿੰਘ 'ਨਾਮਧਾਰੀਆ' ਸੀ । ਪਿੰਡ ਵਿਚ ਹੋਰ ਵੀ ਕੂਕੇ ਸਿੰਘ ਹੈਗੇ ਸਨ । ਇਸ ਨੂੰ ਉਚੇਚਾ 'ਨਾਮਧਾਰੀਆ' ਇਸ ਕਰਕੇ ਆਖਿਆ ਜਾਂਦਾ ਸੀ, ਕਿ ਇਸ ਦੀ ਸਾਰੀ ਬਰਾਦਰੀ ਖੁੱਲ ਖੁਲਾਸੀ ਹੋਣ ਕਾਰਨ, ਓਹ ਇਸ ਨੂੰ ਨਾਮਧਾਰੀਆ ਕਹਿਣ ਲੱਗ ਪਏ । ਇਸ ਦੇ ਘਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਨਾਲ, ਪੁੱਤਰ ਪੈਦਾ ਹੋਇਆ .... ਉਦੋਂ ਬਾਪੂ ਜੀ ਪਰਿਵਾਰ ਸਮੇਤ, ਕਈ ਮਹੀਨਿਆਂ ਤੋਂ, ਸ੍ਰੀ ਭੈਣੀ ਸਾਹਿਬ ਹੀ ਸਨ । ਢਲੀ ਰਾਤ ਸੁਪਨਾ ਆਇਆ, ਤਾਂ ਸਾਡੀ ਮਾਤਾ ਨੂੰ ਕਿਹੋ ਨੇ-ਕਰਤਾਰ ਕੌਰੇ ! ਜਥੇਦਾਰ ਘਰ ਕਾਕਾ ਜਨਮਿਆ ਹੈ ! ਫਿਰ ਵਾਰ ਦੇ ਭੋਗ ਬਾਦ ਸ੍ਰੀ ਸਤਿਗੁਰੂ ਜੀ ਅੱਗੇ ਵਧਾਈ ਭੇਟ ਕਰ ਦਿੱਤੀ । ਹੁਕਮ ਹੋਇਆ .... ਸਮਾਂ ਲਿਖ ਲਓ ! ਤੀਜੇ ਦਿਨ ਹਿੰਦੂ ਚੱਕੋਂ ਤਾਰ ਆਈ, ਤਾਂ ਸਮਾਂ ਮਿਲ ਗਿਆ ।

1947 ਜੀਵਨ ਨਗਰ ਸ੍ਰੀ ਸਤਿਗੁਰ ਜੀ ਹੁਕਮ ਕੀਤਾ 'ਫੀ ਮੁਰੱਬਾ ਇਕ ਆਦਮੀ ਏਥੇ ਰਹਵੇ ।' ਕਿਉਂਕਿ ਖਰੀਦਾਰ, ਪਿੱਛੇ ਨਹਿਰਾਂ ਦੇ ਗਿੱਝੇ ਹੋਏ, ਏਥੇ ਔਣ ਤੋਂ ਕਤਰਾਂਦੇ ਸਨ । ਬਾਪੂ ਜੀ ਤੇ ਬਲੀ ਸਿੰਘ ਏਥੇ ਸਨ । ਮੈਂ ਇਕੱਲਾਂ ਪਿੱਛੇ ਹਿੰਦੂ ਚੱਕ ਸਾਂ । ਗਰਮੀਆ 'ਚ ਸਾਡੇ ਇਲਾਕੇ ਤੇ ਚੇਚਕ ਦਾ ਹਮਲਾ ਹੋ ਗਿਆ । ਮੁੰਡਿਆਂ 'ਚੋਂ , ਸਭ ਤੋਂ ਸੋਹਣਾ ਤੇ ਸਲੀਕੇ ਵਾਲਾ, ਮੇਰਾ ਪਿਆਰਾ ਦੋਸਤ ਸੁੱਚਾ ਸਿੰਘ ਇਸਦਾ ਪਹਿਲਾ ਸ਼ਿਕਾਰ ਹੋਇਆ । ਮੈਂ ਇਸ ਦੁੱਖ 'ਚੋਂ ਅਜੇ ਸੰਭਲਿਆ ਨਹੀਂ ਸਾਂ, ਕਿ ਬਾਪੂ ਜੀ ਤੋਂ ਉਤਰ ਕੇ-ਮੇਰੇ ਪਿਆਰ ਸਤਕਾਰ ਦਾ ਪਾਤਰ, ਜਥੇਦਾਰ, ਪਹਿਲਾਂ ਬੁਖ਼ਾਰ ਫਿਰ ਚੇਚਕ ਦੇ ਕਾਬੂ ਆ ਗਿਆ ।

ਸੁੱਚਾ ਸਿੰਘ ਕੋਲ ਵੀ ਬਹੁਤਾ ਮੈਂ ਈ ਰਹਿੰਦਾ ਸਾਂ, ਹੁਣ ਜਥੇਦਾਰ ਕੋਲ ਹਰ ਵੇਲੇ ਮੈਂ ਈ ਰਹਿਣਾਂ । ਆਂਹਦੇ ਸਨ, ਜਿਸ ਨੂੰ ਇਕ ਵਾਰ ਚੇਚਕ ਨਿਕਲ ਚੁੱਕੀ ਹੋਵੇ, ਦੁਬਾਰਾ ਨਹੀਂ ਨਿਕਲਦੀ । ਇਸ ਪੱਖੋਂ, ਮੈਂ ਚੋਖਾ ਤਕੜਾ ਹੋ ਚੁੱਕਾ ਸਾਂ । ਏਹ ਮਾਤਾ, ਮੇਰੇ ਤੇ ਬਹੁਤ ਮੇਹਰਬਾਨ ਹੋ ਗਈ ਸੀ । ਪਰ ਮੈਂ ਬਚ ਗਿਆ । ਹੁਣ ਏਹਨਾਂ ਦੋਹਾਂ ਦਿਲਦਾਰਾਂ ਕੋਲ, ਘਰ ਦੇ ਜੀਆਂ ਨਾਲੋਂ ਬਹੁਤਾ ਰਹਿ ਕੇ ਵੀ, ਮੈਨੂੰ ਕੁਝ ਨਾ ਹੋਇਆ । ਪਰ ਨਹੀਂ-ਬਹੁਤ ਕੁਝ ਹੋ ਗਿਆ । ਸੁੱਚਾ ਸਿੰਘ ਦੇ ਜਾਣ ਨਾਲ ਮੈਂ ਅੰਦਰੋਂ ਹਿੱਲ ਗਿਆ । ਪਰ ਜਥੇਦਾਰ ਦੀ ਬੀਮਾਰੀ ਨੇ ਮੈਨੂੰ ਧਿਆਨ ਲਾਇਆ । ਜਦੋਂ ਏਹ ਵੀ ਚੱਲ ਵੱਸਿਆ, ਤਾਂ ਮੈਨੂੰ ਸੰਭਾਲਣ ਵਾਲਾ ਕੋਲ ਨਾ ਹੋਣ ਕਰਕੇ, ਰੋ ਰੋ ਕੇ, ਮੇਰੇ ਗਲੇ 'ਚ ਪੱਤਰੀਆਂ ਪੈ ਗਈਆਂ ।

ਜੀਵਨ ਨਗਰ, ਬਾਪੂ ਜੀ ਨੂੰ ਮੰਦੇ ਸੁਪਨੇ ਆਏ । ਸਤਿਗੁਰੂ ਜੀ ਅੱਗੇ, ਪਿਛੇ ਜਾਣ ਦੀ ਅਰਜ਼ ਕੀਤੀ । ਹੁਕਮ ਹੋਇਆ, ਪਰਸੋਂ ਚਲੇ ਜਾਇਓ ! ਪਰ ਸ਼ਾਮ ਨੂੰ ਪਿੰਡੋਂ ਤਾਰ ਆ ਗਈ, ਤਾਂ ਓਸੇ ਦਿਨ ਤੁਰ ਪਏ । ਦੋ ਦਿਨਾਂ 'ਚ ਪਿੰਡ ਪਹੁੰਚੇ । ਮੇਰੀ ਹਾਲਤ



Sri Satguru Jagjit Singh Ji eLibrary NamdhariElibrary@gmail.com

ਵੇਖ ਕੇ ਫ਼ਿਕਰਮੰਦ ਹੋ ਗਏ । ਮੈਨੂੰ ਗੋਦ ਵਿਚ ਲੈ ਕੇ ਧੀਰਜ ਦੇ ਰਹੇ ਸਨ, ਅਤੇ ਆਪਣੇ ਹੰਝੂਆਂ ਨਾਲ ਮੈਨੂੰ ਭਿਓਂ ਰਹੇ ਸਨ । ਮੈਂ ਦੁਖ ਭਰੀ ਧਾਹ ਮਾਰੀ 'ਸਾਡਾ ਬਾਦਸ਼ਾਹ ਚਲਾ ਗਿਐ' (ਚਾਚੇ ਗੁਰਬਚਨ ਸਿੰਘ ਵਿਚ ਬਾਦਸ਼ਾਹਾਂ ਵਾਲੇ ਅਨੇਕਾਂ ਗੁਣ ਸਨ) ਸੁਣ ਕੇ, ਬਾਪੂ ਜੀ ਇਕ ਦਮ ਸੁਚੇਤ ਹੋ ਗਏ । 'ਨਾ ਨਾ, ਇੰਜ ਨਹੀਂ ਆਖਣਾ ! ਸਾਡਾ ਪਾਤਸ਼ਾਹ ਸਾਡੇ ਸਿਰ ਤੇ, ਸਦਾ ਸਦ ਜੀਵਤ ਹੈ ।'

ਤੇ ਹੁਣ 'ਸਦਾ ਸਦ ਜੀਵਤ' ਦੇਹ ਦਾ ਓਹਲਾ ਕਰ ਗਿਆ ਸੀ । ਕਦੀ ਸੋਚਿਆ ਤਕ ਨਹੀਂ ਸੀ, ਸਾਡੀ ਜ਼ਿੰਦਗੀ ਵਿਚ ਏਹ ਭਾਣਾ ਵਰਤ ਸਕਦਾ ਹੈ । ਮੈਂ ਘਰੋਂ ਬਾਹਰ ਖੇਤਾਂ ਵੱਲ ਜਾ ਰਿਹਾ ਸਾਂ । ਕਿਸੇ ਚਲਦੀ ਜਹੀ ਗੱਲ ਕੀਤੀ- 'ਸਤਿਗੁਰੂ ਜੀ ਵਿਛੋੜਾ ਦੇ ਗਏ ਹਨ, ਮੈਂ ਆਖਿਆ, ਏਹ ਕਿਵੇਂ ਹੋ ਸਕਦਾ ਹੈ ?' ਪਰ, ਹੋ ਗਿਆ ਸੀ । ਬਾਪੂ ਜੀ 'ਵਹਿਮੀ', ਤਾਂ ਅੱਗੇ ਹੀ ਸਨ, ਹੁਣ ਬੌਰੇ ਜਹੇ ਹੋ ਗਏ । ਏਹ ਭੈੜਾ ਭਾਦ੍ਰੋਂ 1959 ਵੀਹ ਤੋਂ, ਪੰਜ ਤੇ ਆ ਗਿਆ ।

ਓਧਰ ਧਾਰਮਕ ਜ਼ਿੰਮੇਵਾਰੀ ਬਦਲੀ, ਏਧਰ ਪਰਿਵਾਰਕ ਤੇ ਨਿੱਜੀ ਜੀਵਨ ਵਿਚ ਬਦਲਾਵ ਆ ਗਿਆ । ਬਾਪੂ ਜੀ ਸਾਨੂੰ ਕਿਹਾ -ਬੱਚਿਓ ! ਮੇਰੀ ਜ਼ਿੰਦਗੀ ਦਾ ਸਹਾਰਾ ਨਹੀਂ ਰਿਹਾ । ਕੀ ਪਤਾ-ਮੈਨੂੰ ਕਦੋਂ ਬੁਲਾਵਾ ਆ ਜਾਇ । ਤੁਸੀਂ ਹੁਣ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲੋ ! ਮੈਂ ਆਪਣੇ ਦਿਲਦਾਰ ਸਤਿਗੁਰੂ ਜੀ ਦੇ, ਲਿਖੇ 'ਜੱਸ' ਨੂੰ ਛਪਣਯੋਗ ਕਰਨ ਦਾ ਜਤਨ ਕਰਾਂਗਾ । ਅਤੇ ਏਨਾ ਖੁੱਭ ਕੇ ਲਿਖਣ ਲੱਗ ਪਏ-ਜਿਵੇਂ ਹਰ ਵੇਲੇ ਸਤਿਗੁਰੂ ਜੀ ਅੰਗ ਸੰਗ ਹੋਣ । ਇੰਜ ਵਿਛੋੜੇ ਦਾ ਅਸਰ ਘਟ ਹੋ ਗਿਆ ।

ਮੇਰਾ ਵਿਆਹ 1948 ਦੇ ਹੋਲੇ ਵਿਚ ਸੰਤ ਨਗਰ ਹੋ ਚੁੱਕਾ ਸੀ । 1998 'ਚ ਵਿਆਹ ਦੀ ਅਰਧ ਸ਼ਤਾਬਦੀ ਮਨਾਉਣ ਬਾਰੇ ਸੋਚ ਰਿਹਾ ਸਾਂ । ਮੇਰੀ ਸਾਥਣ ਦਾ, ਇਸ ਤੋਂ ਛੋਟਾ-ਪਿਆਰਾ ਤੇ ਅਤਿ ਸੁੰਦਰ ਵੀਰ ਅਧਰੰਗ ਨਾਲ ਕਾਲ ਵੱਸ ਹੋ ਗਿਆ । ਬਹੁਤਾ ਰੋਈ ਕਲਪੀ ਤੇ ਨਾ, ਪਰ ਅੰਦਰੋਂ ਅੰਦਰ ਘੁਣ ਲੱਗਣ ਵਾਂਗ ਖਾਲੀ ਜਹੀ ਹੋ ਗਈ ।

ਸਾਲ ਦੇ ਅੰਦਰ ਹੀ ਪਰਿਵਾਰ ਵਿਚ ਬੈਠਿਆਂ-ਗੱਲਾਂ ਬਾਤਾਂ ਕਰਦਿਆਂ ਇਕਦਮ ਚੁੱਪ ਹੋ ਗਈ । ਜ਼ਬਾਨ ਤਾਲੂ ਨਾਲ ਜਾ ਲੱਗੀ । ਅੱਖਾਂ ਪੁੱਠੀਆਂ ਹੋ ਗਈਆਂ । ਸਰੀਰ ਅਹਿੱਲ ਹੋ ਗਿਆ । ਸਮਝਿਆ ਅੰਤ ਸਮਾਂ ਆ ਗਿਆ ਹੈ । ਮੈਂ ਵੀ ਕੋਲ ਹੀ ਬੈਠਾ ਸਾਂ । ਮੁੱਕ ਜਾਂਦੀ, ਚੰਗਾ ਰਹਿੰਦਾ । ਸਿਰਫ਼ ਸਾਹ ਚੱਲਦੇ ਸਨ । ਹੋਮਿਓਪੈਥੀ ਨਾਲ ਮੋੜ ਪੈ ਗਿਆ । ਮੋੜ ਕਾਹਦਾ ਪਿਆ, ਡੇਢ ਸਾਲ ਤਿੰਨਾਂ ਨੂੰਹਾਂ ਨੇ ਜੇਹੜੇ ਕਸ਼ਟ ਨਾਲ ਸੰਭਾਲਿਆ....ਵਿਚਾਰੀਆਂ ਨੂੰ ਪੇਕੇ ਭੁੱਲੇ ਰਹੇ । ਕਦੇ ਚਾਰ ਦਿਨ ਠੀਕ, ਫਿਰ ਦਸ ਦਿਨ ਮੰਜੀ ਤੇ । ਸਦੀ ਦੇ ਆਖ਼ਰੀ ਸਾਲ ਦਾ ਭਾਦ੍ਰੋਂ ਆ ਗਿਆ । ਮੈਂ ਬਾਹਰ ਯੂ.ਪੀ. ਗਿਆ ਹੋਇਆ ਸਾਂ । ਬੱਚਿਆਂ ਫੋਨ ਕੀਤਾ .... ਘਰ ਆਇਆ, ਵੇਖਿਆ ਖਾਣ ਪੀਣ ਖ਼ਤਮ ਹੋ ਚੁੱਕਾ ਹੈ । ਮੈਂ ਸੋਚਿਆ, 'ਵੀਹ ਭਾਦ੍ਰੋਂ ਦੀ ਉਡੀਕ ਹੋਇਗੀ । ਪਾਕਿਸਤਾਨ ਵਿਚ ਵਹਿਮੀ



Sri Satguru Jagjit Singh Ji eLibrary NamdhariElibrary@gmail.com

ਜੀ ਦਾ ਇਕ ਸ਼ਾਇਰ ਦੋਸਤ ਸੀ । ਮੇਘਦੂਤ ਵਾਲਾ 'ਕਾਲੀਦਾਸ' ਨਹੀਂ .... ਕਾਲੀਦਾਸ ਕੁਝਰਾਂ ਵਾਲੀਆ । ਇਸ ਨੇ 'ਰੂਪ ਬਸੰਤ', 'ਪੂਰਨ ਭਗਤ' ਆਦਿ ਪੰਜਾਬੀ ਵਿਚ ਕਈ ਕਿੱਸੇ ਲਿਖੇ ਛਪਵਾਏ । ਫੋਟੋ ਹੋਂਦੀ-ਪਤਲੀ ਲੰਮੀ ਦਾੜ੍ਹੀ, ਚਿੱਟੀ ਉਚੀ ਨੋਕਦਾਰ ਦਸਤਾਰ, ਜਿਵੇਂ ਕਿਸੇ ਗੁਰਦੁਆਰੇ ਦਾ ਭਾਈ ਹੋਵੇ । ਕਿੱਸੇ ਦਰਦ ਭਰੇ ਹੀ ਲਿਖਦਾ ।

ਏਹਦੀ ਸਾਥਣ ਵਿਛੜ ਗਈ, ਤਾਂ ਇਕ ਸਤਰ ਲਿਖੀਓ ਸੁ, ਜੋ ਓਵੇਂ ਕਿਵੇਂ ਚੇਤੇ ਵਿਚ ਵੱਸੀ ਹੋਈ ਹੈ- "ਤੁਰ ਚੱਲੀ ਦਿਨ ਦਸਵੇਂ ਦਾਸਾ, ਪੂਰਾ ਕੀਤਾ ਪੋਹ ਨਹੀਂ" ।

ਮੇਰੀ ਸਾਥਣ ਮਹਿੰਦਰ ਕੌਰ -ਤਨ ਦੀ ਕਰੜੀ -ਮਨ ਦੀ ਕੋਮਲ, ਨਿਰਛਲ-ਸੱਚੀ ਸੁੱਚੀ, ਬਹੁਤ ਗਹਿਰੀ ਸਿਆਣਪ-ਉਂਜ ਅਨਪੜ੍ਹ ।

ਜਦੋਂ ਸਾਡਾ ਅਨੰਦ ਹੋਣਾ ਸੀ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਸੀ, ਅਨਪੜ੍ਹਾਂ ਦੇ ਅਨੰਦ ਨਹੀਂ ਕੀਤੇ ਜਾਣਗੇ । ਪੰਜ ਪਉੜੀਆਂ ਜਪੁਜੀ ਸਾਹਿਬ ਦੀਆਂ ਜ਼ਰੂਰ ਸੁਣੀਆਂ ਜਾਂਦੀਆਂ । 1948 ਦੇ ਹੋਲੇ 'ਚ ਅਨੰਦਾਂ ਦਾ ਮੁਖ਼ਤਿਆਰ, ਜਥੇਦਾਰ ਹਰਨਾਮ ਸਿੰਘ 'ਧੱਕੇਸ਼ਾਹੀਆ' ਸੀ । ਹਰ ਕਿਸੇ ਤੋਂ ਪੰਜ ਪਉੜੀਆਂ ਸੁਣਦਾ । ਮੇਰਾ ਪਤਾ ਸੀ, ਮੈਂ ਅਖੰਡ ਪਾਠੀ ਹਾਂ, ਫਿਰ ਵੀ ਆਖੇ, ਜ਼ਰੂਰ ਸੁਣਾਂਗਾ । ਮੈਨੂੰ ਪਤਾ ਸੀ, ਕਿੰਨਾ ਕੁ ਪੜ੍ਹਿਆ ਹੋਇਆ ਹੈ, ਮੈਂ ਕਾਹਲੀ ਕਾਹਲੀ ਜਪੁਜੀ ਸਾਹਿਬ ਦੀਆਂ ਕਈ ਪਉੜੀਆਂ ਸੁਣਾ ਦਿੱਤੀਆਂ । ਕਹਿੰਦਾ ਠੀਕ ਹੈ । ਜਦੋਂ ਮੇਰੀ ਮਸ਼ਹੂਰ ਅਨਪੜ੍ਹ ਤੋਂ ਸੁਣਨ ਲੱਗਾ .... ਦੋ ਜਣੀਆਂ ਨੇ, ਇੱਕੋ ਜਹੇ ਚਿੱਟੇ ਸੂਟ ਪਾਏ ਹੋਏ ਸਨ । ਗੱਲ ਅਸਲੀ ਏਹ ਸੀ, ਏਹ ਆਂਹਦੀ ਸੀ, 'ਅਨੰਦ ਭਾਵੇਂ ਨਾ ਹੋਵੇ, ਪੜ੍ਹਾਈ ਦਾ ਪੁਆੜਾ ਨਹੀਂ ਕਰਨਾ । ਦੂਸਰੀ ਸਹੇਲੀ ਨੇ ਸੁਣਾਇਆ, ਅਨੰਦ ਏਹਦਾ ਹੋ ਗਿਆ । ਸਤਿਗੁਰੂ ਜੀ ਦੇ ਮੁਖ਼ਤਿਆਰਆਮ ਸ. ਅਵਤਾਰ ਸਿੰਘ ਝੱਬਰ ਦੀ ਭਤੀਜੀ ਸੀ। ਕਿਸੇ ਪੱਕੀ ਸ਼ਿਕਾਇਤ ਕੀਤੀ - ਕੁੜੀ ਨੂੰ ਤਾਂ 'ਸਤਿਗੁਰ ਪ੍ਰਸਾਦਿ' ਤੋਂ ਅੱਗੇ ਔਂਦਾ ਈ ਕੁਝ ਨਹੀਂ । ਧੱਕੇ ਸ਼ਾਹੀਏ, ਹਿੱਕ ਠੋਕ ਗਵਾਹੀ ਦਿੱਤੀ - ਮੈਂ ਬੜੇ ਧਿਆਨ ਨਾਲ ਪਾਠ ਸੁਣਿਆ ਸੀ । ਦੋਵੇਂ ਸੱਚੇ ਸਨ । ਜਦੋਂ ਨੂੰ ਭੇਤ ਖੁੱਲਿਆ, ਹੱਸਣ ਤੋਂ ਬਿਨਾਂ, ਹੋਰ ਕੁਝ ਨਹੀਂ ਸੀ ਹੋ ਸਕਦਾ । ਸਾਡਾ ਰਿਸ਼ਤਾ ਪਾਕਿਸਤਾਨ ਵਿਚ ਹੀ ਪੱਕਾ ਹੋ ਗਿਆ ਸੀ । ਹਿੰਦੂ ਚੱਕੋਂ ਨੌਂ ਚੱਕ ਝੱਬਰ, ਚਾਲੀ ਪੰਜਾਹ ਮੀਲ ਦੂਰ ਹੋਣਗੇ । ਹਰ ਕਿਸੇ ਆਖਣਾ ਤੇਰੇ ਸੌਹਰੇ ਬੜੇ ਦੂਰ ਬਣੇ ਨੇ । ਕਈ ਦਿਨ ਲਾ ਕੇ ਆਇਆ ਕਰੇਂਗਾ । ਸਵਾਰੀ ਘੋੜੀ-ਜਾਂ ਰੇਲ ਦੀ ਸੀ, ਬੱਸਾਂ ਬਹੁਤ ਘੱਟ ਚੱਲਦੀਆਂ ਸਨ । ਕੁਝਰਾਂ ਵਾਲਿਓਂ ਲਾਹੌਰ, ਫਿਰ ਨਨਕਾਣੇ ਸਾਹਬੋਂ ਅੱਗੇ ਪੈਦਲ ਪਤਾ ਨਹੀਂ ਕਿੰਨਾ ਦੂਰ ਸੀ । ਵੰਡਾਰੇ ਨੇ, ਹੋਰ ਬੜੇ ਕੁਝ ਨਾਲ, ਮੇਰੇ ਸੌਹਰੇ ਨੇੜੇ ਕਰਦਿਆਂ, ਪਿੰਡ ਵਿਚ ਹੀ ਲੈ ਆਂਦੇ । ਦੁਹਾਂ ਦੇ ਘਰ ਵੀ ਪਿੰਡੋਂ ਚੜ੍ਹਦੇ ਪਾਸੇ ਹੋ ਗਏ । ਸੰਤ ਨਗਰੋਂ ਚੜ੍ਹਦੇ, ਨਹਿਰ ਬੰਗਲੇ ਦੀ ਖੂਹੀ ਦਾ ਪਾਣੀ, ਸਭ ਤੋਂ ਸਵਾਦਲਾ ਸੀ ।

ਮੈਂ ਤੇ ਮਾਸਟਰ ਅਮਰੀਕ ਸਿੰਘ ਜੀ ਇਕ ਦੇ ਸਿਰ ਤੇ ਚਾਟੀ, ਦੂਜੇ ਦੇ ਮੋਢੇ ਤੇ



Sri Satguru Jagjit Singh Ji eLibrary NamdhariElibrary@gmail.com

ਲੰਮੀ ਲੱਜ ਤੇ ਇਕ ਹੱਥ ਬਾਲਟੀ। ਘੜਿਆਂ ਵਿਚ ਸਤਿਗੁਰੂ ਜੀ ਵਾਲੇ ਤਿਲ ਤੇ ਸੱਕਰ। ਦੋ ਤਿੰਨ ਗੇੜੇ ਲੱਗ ਜਾਣੇ। ਝੱਬਰਾਂ ਦੇ ਕਈ ਘਰ, ਇਕੇ ਪਾਸੇ ਬੈਠੇ ਹੋਏ ਸਨ। ਪਾਣੀ ਲੈਣ ਵਾਲੀਆਂ ਮੁਟਿਆਰਾਂ, ਪੰਜ ਸੱਤ ਕੱਠੀਆਂ ਔਣੀਆਂ। ਏਹ ਦੇ ਸਿਰ ਤੇ ਦੋ ਚਾਟੀਆਂ, ਇਕ ਮੋਢੇ ਲੱਜ, ਦੂਜੇ ਹੱਥ ਬਾਲਟੀ। ਚਾਟੀਆਂ ਵਿਚਾਰੀਆਂ ਨੂੰ, ਘਰੇ ਜਾ ਕੇ ਈ ਕਿਸੇ ਨੇ ਸਿਰੋਂ ਉਤਾਰਨਾ, ਰਸਤੇ ਵਿਚ ਅਡੋਲ ਸਿਰ ਤੇ ਟਿਕੀਆਂ ਰਹਿਣੀਆਂ।

ਜਿਵੇਂ, ਜੱਟੀ ਵਿਚ ਜਾਨ ਬੜੀ ਸੀ-ਤਿਵੇਂ ਕੁਦਰਤ ਨੇ ਦਿਲ ਵੀ ਬਹੁਤ ਵੱਡਾ ਧਰਿਆ ਹੋਇਆ ਸੀ। ਬਾਪੂ ਜੀ ਦੇ ਇਕੋ ਬਚਨ ਤੇ ਦਿਲ ਦਾ ਟੁਕੜਾ ਭੇਟ ਕਰ ਦਿੱਤਾ। ਕਦੇ ਜਨਾਇਆ ਤੱਕ ਨਹੀਂ। ਸਾਡੇ ਘਰ ਦੇ ਇਕੱਠ ਦਾ ਭਾਰ, ਇਸ ਧਰਤੀ ਦੇ ਧੀਰਜ ਵਾਲੀ ਦੇ ਸਿਰ ਤੇ ਹੀ ਟਿਕਿਆ ਹੋਇਆ ਸੀ। ਇਕ ਵਾਰੀ ਬੰਨ੍ਹੇ ਬੰਨ੍ਹ ਸਾਈਕਲ ਤੇ ਕਰੀਵਾਲੇ ਨੂੰ ਜਾ ਰਹੇ ਸਾਂ। ਕਣੀਆਂ ਪੈਣ ਲੱਗ ਪਈਆਂ। ਸਾਈਕਲ ਤਿਲਕਿਆ। ਪਿਛੋਂ ਡਿੱਗ ਕੇ, ਭਰ ਵਗਦੀ ਘੱਗਰ ਨਦੀ ਵਿਚ ਜਾ ਡਿੱਗੀ। ਮੇਰੇ ਸਾਈਕਲ ਸੁੱਟ ਕੇ ਫੜਦਿਆਂ ਨੂੰ ਕਈ ਗੋਤੇ ਆ ਗਏ। ਬਾਹਰ ਕੱਢਿਆ.... ਕੋਈ ਘਬਰਾਹਟ ਨਹੀਂ-ਕੋਈ ਉਭੇ ਸਾਹ ਨਹੀਂ, ਹੱਸਦਿਆਂ ਕਹਿਣ ਲੱਗੀ - ਘੜੀ ਕੁ ਨਾ ਫੜਦੇ -ਰਾਜਸਥਾਨ ਚਲੀ ਜਾਣਾ ਸੀ।" ਮੈਂ ਕਿਹਾ, ਪਿਛਾਂਹ ਮੁੜ ਚੱਲੀਏ! ਕਹਿੰਦੀ, ਕਪੜੇ ਨਚੋੜ ਕੇ ਚਲੇ ਚੱਲੀਏ....ਜਾਂਦਿਆਂ ਨੂੰ ਸੁੱਕ ਜਾਣਗੇ। ਲੰਮੀ ਬੀਮਾਰੀ ਤੋਂ ਅੱਕ ਗਈ, ਤਾਂ ਕਹਿੰਦੀ - "ਕੋਈ ਪਿਛਲੇ ਜਨਮ ਦਾ ਕੀਤਾ, ਅੱਗੇ ਆ ਗਿਐ-ਕਦੀ ਕਿਸੇ ਦਾ ਬੁਰਾ, ਨਾ ਕੀਤਾ ਏ, ਨਾ ਸੋਚਿਆ ਏ।

ਇਕ ਦਿਨ ਚੰਗਾ ਰੌਂ ਵੇਖ ਕੇ ਸਮਝਾਇਆ, ਤੇਰਾ ਤਾਂ ਏਹ ਪਹਿਲਾ ਜਨਮ ਹੈ। ਪਿਛਲੇ ਜਨਮ ਦਾ ਫ਼ਿਕਰ ਨਾ ਕਰ। ਏਹ ਰੋਗ ਸੋਗ, -ਤਨ ਮਨ ਦੇ ਵਿਕਾਰਾਂ ਤੋਂ ਲੱਗਦੇ ਹਨ। ਫਲਾਣੇ-ਫਲਾਣੇ ਸਾਧ ਨੇ, ਏਨਾਂ ਭਜਨ ਬੰਦਗੀ ਕੀਤਾ-ਕਰਾਇਆ-ਕਿੰਨਾਂ ਦੁਖੀ ਹੋ ਕੇ ਮਰਿਆ। ਫਲਾਣੇ ਨੇ ਸਾਰੀ ਉਮਰ ਚੰਗਾ ਕੰਮ ਨਹੀਂ ਕੀਤਾ .... ਸਾਡੇ ਵੇਹਦਿਆਂ, ਗੱਲਾਂ ਕਰਦਾ, ਹਵਾ ਹੋ ਗਿਆ। ਕਹਿੰਦੀ, ਕੋਈ ਵਰਨੀ ਪਾਠ ਕਰਾਓ! ਹੁਣ ਜੀਣ ਦਾ ਕੋਈ ਹੱਜ ਨਹੀਂ। ਏਨੀਆਂ ਚੰਗੀਆਂ ਨੂੰਹਾਂ ਨੂੰ ਦੁਖੀ ਕੀਤਾ ਹੋਇਐ। ਬੱਚਿਆਂ ਦੀ ਖੇਚਲ ਦਾ ਕੋਈ ਬੰਨਾ ਨਹੀਂ ਰਿਹਾ। ਬੇਓੜਕਾ ਖਰਚ ਕਰੀ ਜਾਂਦੇ ਨੇ। ਬੱਸ! ਛੁੱਟੀ ਦੇ ਦਿਓ।

ਏਧਰ ਮੈਂ ਸਾਂ, ਜਿਨੂੰ ਔਤਰੇ ਭਾਦ੍ਰੋਂ ਦੀ ਉਨੀ-ਵੀਹ ਨੇੜੇ ਔਂਦੀ ਜਾਪਦੀ ਸੀ। ਓਹੋ ਗੱਲ ਹੋਈ, ਨੂੰਹਾਂ-ਧੀਆਂ, ਪੁੱਤਰ, ਪਰਿਵਾਰ ਕੋਲ ਬੈਠਾ ਸੀ। ਮੈਂ ਨਬਜ਼ ਵੇਖੀ, ਕਮਜ਼ੋਰ ਹੋਂਦੀ ਜਾਪੀ, ਤਾਂ ਬਲੀ ਸਿੰਘ ਨੂੰ ਕਿਹਾ, ਤੂੰ ਵੇਖ ਨਬਜ਼! ਦੂਸਰੀ ਬਾਂਹ ਉਹਦੇ ਹੱਥ ਵਿਚ ਸੀ, ਕਹਿੰਦਾ, ਨਬਜ਼ ਪਿੱਛੇ ਹਟ ਰਹੀ ਹੈ। ਕਈ ਦਿਨ ਹੋਏ, ਬੀਮਾਰੀ ਖਹਿੜਾ ਛੱਡ ਗਈ ਹੋਈ ਸੀ। ਸਾਹ ਚੱਲਦੇ ਸਨ। 18 ਭਾਦ੍ਰੋਂ 2000 ਵੱਸਦਾ ਰੱਸਦਾ ਪਰਿਵਾਰ ਛੱਡ ਕੇ ਨਾ ਮੁੜਨ ਵਾਲੇ ਰਾਹੇ ਪੈ ਗਈ। ਅੱਜ ਫੇਰ ਚੌਥੀ ਵਾਰ ਭਾਦ੍ਰੋਂ ਚ, ਸਾਡੇ ਘਰ ਮਾਤਮ ਦੀ ਸਫ ਵਿੱਛ ਗਈ।

*************



Sri Satguru Jagjit Singh Ji eLibrary NamdhariElibrary@gmail.com

## 'ਇੰਜ ਦੇ ਵੀ ਹੋਂਦੇ ਨੇ ਲੋਕ'

ਮੇਰੇ ਇੱਕ ਰਿਸ਼ਤੇਦਾਰ ਨੇ ਆਖਿਆ, "ਹਿਸਾਰ ਜੇਲ੍ਹ ਵਿਚ ਉਮਰ ਕੈਦ ਭੁਗਤ ਰਹੇ ਇਕ ਕੈਦੀ ਨੂੰ, ਚੱਕੀਬੰਦੀ 'ਚੋਂ ਕਢਾਣਾ ਏ, ਜਿਸ ਨੂੰ ਜੇਲ੍ਹ ਦਾਰੋਗੇ ਨੇ ਇਕ ਝਗੜੇ ਪਾਰੋਂ ਬੇਮਿਆਦ ਚੱਕੀਬੰਦ ਕੀਤਾ ਹੋਇਆ ਏ । ਹਿਸਾਰ ਵਾਲੇ-ਜ਼ਮਾਨਤਾਂ ਦੇ ਨਾਲ ਰਿਸ਼ਵਤਾਂ ਵੀ ਮੰਗਦੇ ਨੇ । ਚੰਡੀਗੜ ਹਰਿਆਣਾ ਜੇਲ੍ਹਾਂ ਦੇ ਡੀ.ਆਈ.ਜੀ. 'ਪੁਰੀ ਸਾਹਿਬ, ਨਾਲ ਜੇ ਵਾਕਫੀ ਲੱਭੋ ਤਾਂ ਕੰਮ ਸੌਖਾ ਹੋ ਸਕਦਾ ਏ ।" ਮੈਂ ਆਖਿਆ, "ਜਾਣਕਾਰੀ ਲੱਭਣ ਵਾਲੇ ਪਾਸੇ ਤਾਂ ਫੇਰ ਜਾਵਾਂਗੇ .... ਸੁਣਿਆਂ ਏਂ ਪੁਰੀ ਸਾਹਿਬ ਅਮਲੇ ਸਮੇਤ ਭ੍ਰਿਸ਼ਟਾਚਾਰ ਤੋਂ ਬਚੇ ਹੋਏ ਨੇ ।"

ਕਾਫੀ ਵੱਡੇ ਅਫਸਰ ਹੋਣ ਕਰਕੇ-ਓਹਨਾਂ ਦੇ ਆਪਣੇ ਬਚੇ ਰਹਿਣ ਦੀ ਗੱਲ ਤਾਂ ਕੁਝ ਸਮਝ ਵਿਚ ਔਂਦੀ ਸੀ- ਵਡੀ ਤਨਖਾਹ, ਘਰੋਗੀ ਜਾਇਦਾਦ ਬਹੁਤੀ, ਕੁਦਰਤੋਂ ਖਾਨਦਾਨ ਚੰਗਾ ਜਾਂ ਏਸੇ ਤਰ੍ਹਾਂ ਦਾ ਕੋਈ ਹੋਰ ਕਾਰਨ ਹੋਣ ਕਰਕੇ ਸ਼ਾਇਦ ਕੁਝ ਆਰਾਮ ਹੋਵੇ, ਪਰ ਨਾਲ ਹੀ ਜੇਹੜੀ ਦਫਤਰ ਵਾਲੀ ਗੱਲ ਸੀ, ਏਹਦੇ ਬਾਰੇ ਮਨ ਵਿਚ ਉਤਸੁਕਤਾ ਸੀ ।

ਏਹ ਗੱਲ ਪਿਛਲੀ ਸਦੀ ਦੇ ਚੌਥੇ ਪਹਿਰ ਦੇ ਪਹਿਲੇ ਵਰ੍ਹੇ ਦੇ ਏੜ-ਗੇੜ ਦੀ ਏ- 'ਪੁਰੀ ਸਾਹਿਬ, ਦਾ ਪੂਰਾ ਨਾਂ ਚੇਤੇ ਨਹੀਂ ਰਿਹਾ, ਅਸੀਂ ਦੋਵੇਂ ਚੰਡੀਗੜ੍ਹ ਪਹੁੰਚਕੇ 9-ਸੈਕਟਰ ਪੁਰੀ ਸਾਹਿਬ ਦੇ ਦਫਤਰ ਅੱਗੇ ਜਾ ਖੜ੍ਹੇ । ਸਿਆਣੇ ਜਹੇ ਜਾਪਦੇ ਸੇਵਦਾਰ ਹੱਥ ਅੰਦਰ ਫ਼ਿੱਟ ਭੇਜੀ । ਵੇਹਲ ਹੋਣ ਕਰਕੇ ਸਾਨੂੰ ਓਸੇ ਵੇਲੇ ਅੰਦਰ ਸੱਦ ਲਿਆ । ਬੜੀ ਖੁਸ਼ ਖੁਲਕੀ ਨਾਲ ਸਾਡੀ ਸਤਿ ਸ੍ਰੀ ਅਕਾਲ ਦੇ ਹੁੰਗਾਰੇ ਬਾਦ ਸਾਨੂੰ ਕੁਰਸੀਆਂ ਤੇ ਬਹਿਣ ਵਾਸਤੇ ਦੋਹਾਂ ਹੱਥਾਂ ਨਾਲ ਇਸ਼ਾਰਾ ਕੀਤਾ । ਇਤਨੇ ਚਿਰ ਨੂੰ ਸੇਵਾਦਾਰ ਪਾਣੀ ਲੈ ਆਇਆ । ਕਹਿਣ ਲਗੇ, "ਗਰਮੀ ਬਹੁਤ ਹੈ, ਪਹਿਲਾਂ ਪਾਣੀ ਪੀ ਲਓ ! ਫਿਰ ਕੰਮ ਬਾਰੇ ਗੱਲ ਕਰਾਂਗੇ ।"

ਸਾਡੀ ਗੱਲ ਸੁਣ ਕੇ-ਪੁਰੀ ਸਾਹਿਬ ਨੇ ਸਬੰਧਤ ਕਲਰਕ ਨੂੰ ਬੁਲਾ ਕੇ ਪੁਛਿਆ-ਏਸ ਕੰਮ ਦੀ ਕਾਗਜ਼ੀ ਪੁਜ਼ੀਸ਼ਨ ਕਿਸ ਤਰਾਂ ਦੀ ਹੈ ? ਉਸ ਨੌਜਵਾਨ ਨੇ, ਜਿਸ ਨੂੰ ਪੁਰੀ ਸਾਹਿਬ ਨੇ ਮੁਕੰਦ ਸਿੰਘ ਆਖ ਕੇ ਬੁਲਾਇਆ ਸੀ, ਫਾਇਲ ਅੰਦਰੋਂ ਲਿਆ ਕੇ ਦੋ ਮਿੰਟਾਂ ਵਿਚ ਸਾਰੀ ਜਾਣਕਾਰੀ ਪੇਸ਼ ਕਰ ਦਿੱਤੀ । ਫਾਇਲ ਵੇਖਕੇ, ਪੁਰੀ ਸਾਹਿਬ ਦੇ ਸ਼ਬਦਾਂ ਵਿਚ, "ਤੁਹਾਡਾ ਸਾਥੀ ਕਾਗਜ਼ਾਂ ਵਿਚ ਝਗੜੇਬਾਜ਼ ਬੜਾ ਹੈ..... ਜੇ ਅਗੋਂ ਵਾਸਤੇ ਓਹਦੇ ਸੁਧਰ ਜਾਣ ਦੀ ਗਰੰਟੀ ਦੇ ਦਿਓ, ਤਾਂ ਹੁਣੇ ਚੱਕੀਓਂ -ਮੁਕਤ ਕਰਨ ਵਾਸਤੇ ਲਿਖ ਦੇਨੇ ਆਂ ।"



Sri Satguru Jagjit Singh Ji eLibrary NamdhariElibrary@gmail.com

ਸਾਡੇ ਹਾਂ ਕਰਨ ਦੀ ਦੇਰ ਸੀ ਕਿ ਹੁਕਮ ਲਿਖ ਕੇ ਮੁਕੰਦ ਸਿੰਘ ਨੂੰ ਸੌਂਪ ਦਿੱਤਾ, ਜਿਸ ਨੇ ਓਸੇ ਵੇਲੇ ਕਾਗਜ਼ੀ ਕਾਰਵਾਈ ਮੁਕੰਮਲ ਕਰਕੇ, ਆ ਕੇ ਦੱਸਿਆ, "ਤੁਹਾਡੇ ਹਿਸਾਰ ਪੁਜਣ ਤੋਂ ਪਹਿਲਾਂ ਚੱਕੀਬੰਦ-ਖੁਲ੍ਹੇ ਕਮਰੇ ਵਿਚ ਆ ਗਿਆ ਹੋਇਗਾ"।

ਪੁਰੀ ਸਾਹਿਬ ਦਾ ਸੁਭਾਅ ਮਿਲਾਪੜਾ, ਕੰਮ ਢੰਗ ਬੜਾ ਸਾਦਾ ਜਿਹਾ, ਕੁਝ ਸਾਹਿਤਕ ਮੱਸ ਹੋਣ ਕਰਕੇ, ਮੇਰੇ ਹੱਥ ਵਿੱਚ ਪ੍ਰੀਤ ਲੜੀ ਵੇਖ, ਖੁਲ੍ਹੀਆਂ ਗੱਲਾਂਬਾਤਾਂ ਕਰਦਿਆਂ ਅੱਧਾ ਘੰਟਾ ਲੰਘ ਗਿਆ। ਏਸ ਵਕਤ ਵਿਚ ਅਸਾਂ ਵੇਖਿਆ-ਮੁਲਾਕਾਤੀਆਂ ਜਾਂ ਕੰਮਾਂ ਵਾਲਿਆਂ ਨੂੰ ਬਹੁਤਾ ਉਡੀਕਣਾ ਨਹੀਂ ਪੈਂਦਾ। ਕੰਮ ਬਾਰੇ ਹਾਂ ਜਾਂ ਨਾਂਹ ਕਰਕੇ-ਦਫਤਰ ਵਿਚ ਭੀੜ ਨਹੀਂ ਪੈਣ ਦਿੱਤੀ ਜਾਂਦੀ।

ਜਦੋਂ ਆਗਿਆ ਲੈ ਕੇ ਅਸੀਂ ਬਾਹਰ ਆਏ ਤਾਂ ਮੇਰੇ ਸਾਥੀ ਨੇ ਕਿਹਾ, "ਸਾਡਾ ਕੰਮ ਸੈਂਕੜਿਆਂ ਤੇ ਕਈ ਫੇਰਿਆਂ ਦਾ ਸੀ, ਪਰ ਏਥੇ ਵਕਤ ਪੰਜ ਮਿੰਟ ਤੇ ਖਰਚ ਪੰਜ ਪੈਸੇ ਵੀ ਨਾ ਹੋਣ ਕਰਕੇ ਸ. ਮੁਕੰਦ ਸਿੰਘ ਜੀ ਨੂੰ ਕੁਝ ਸ਼ੁਕਰਾਨਾ ਭੇਟ ਕਰ ਚੱਲੀਏ।" ਜਦੋਂ ਉਸਨੇ ਦਫਤਰੀ ਅਸੂਲ ਮੁਜਬ ਅੰਦਰ ਜਾ ਕੇ ਮੁਕੰਦ ਸਿੰਘ ਜੀ ਨੂੰ ਕੋਈ ਸੇਵਾ ਪੁੱਛੀ ਤਾਂ ਉਹ ਨਾਲ ਹੀ ਬਾਹਰ ਆ ਗਿਆ। ਮੇਰਾ ਸਫੈਦ ਨਾਮਧਾਰੀ ਪਹਿਰਾਵਾ ਵੇਖ ਕੇ ਆਖਣ ਲੱਗਾ, "ਮੈਨੂੰ ਲਗਦਾ ਏ ਤੁਸੀਂ ਏਸ ਦਫਤਰ ਵਿਚ ਪਹਿਲੀ ਵਾਰ ਆਏ ਹੋ। ਇਸ ਕਰਕੇ ਤੁਹਾਨੂੰ ਪਤਾ ਨਹੀਂ, .... ਨਹੀਂ ਤੇ ਮੈਂ ਹੁਣੇ ਪੁਰੀ ਸਾਹਿਬ ਦੇ-ਤੁਹਾਨੂੰ ਪੇਸ਼ ਕਰ ਦੇਣਾ ਸੀ, ਜੇਹੜੇ ਕਈ ਅਸੀਂ, ਕੁਝ ਬਚੇ ਵੀ ਹੋਏ ਆਂ, ਤੁਸੀਂ ਬਚੇ ਨਹੀਂ ਰਹਿਣ ਦੇਣਾ ਚਾਹੁੰਦੇ.... ਜੇਹੜੇ ਬਿਨ ਮੰਗਿਆਂ ਨੋਟ ਸਾਡੀਆਂ ਜੇਬਾਂ ਵਿਚ ਤੁੰਨੀ ਜਾਂਦੇ ਓ।"

ਅਸਾਂ ਏਸ ਅਨੋਖੇ ਦਫਤਰ ਬਾਰੇ ਅੰਞਾਣਪੁਣਾ ਪ੍ਰਗਟ ਕਰਕੇ-ਖਿਮਾਂ ਮੰਗ ਕੇ ਮੁਸ਼ਕਿਲ ਨਾਲ ਛੁਟਕਾਰਾ ਪਾਇਆ।

*******



Sri Satguru Jagjit Singh Ji eLibrary NamdhariElibrary@gmail.com

# ਕਿਸਾਨ ਦੇ ਦੋਸਤ

"ਦਰਜਾ ਯਾਰ ਦਾ ਵੱਧ ਭਰਾ ਨਾਲੋਂ,
ਲੋਕੀਂ ਆਖਦੇ, ਹੈਣ ਜਹਾਨ ਅੰਦਰ
ਅੰਮਾਂ ਜਾਏ ਭਰਾ ਸ਼ਰੀਕ ਹੁੰਦੇ,
ਯਾਰ ਨਿੱਤਰੇ ਰਣ ਮੈਦਾਨ ਅੰਦਰ"

ਲੋਕੋਕਤੀ ਮੁਤਾਬਕ ਸੱਤਰਿਆਂ ਬਹੱਤਰਿਆਂ ਤੋਂ ਅਗੇ ਲੰਘ ਕੇ, ਜਦੋਂ ਅੱਜ ਮੈਂ ਪਿਛੇ ਮੁੜ ਕੇ ਵੇਖਦਾ ਹਾਂ ਤਾਂ ਮੈਨੂੰ ਦੋਸਤਾਂ ਮਿੱਤਰਾਂ ਦਾ ਕੋਈ ਵੱਡਾ ਜਮਘਟਾ ਨਜ਼ਰ ਨਹੀਂ ਔਂਦਾ । ਦੋਹਾਂ ਹੱਥਾਂ ਦੇ ਪੋਟਿਆਂ ਤੇ ਗਿਣੇ ਜਾ ਸਕਣ ਜੋਗੇ ਜਿਗਰੀ ਯਾਰ ਈ, ਏਨੀ ਉਮਰ 'ਚ ਮਸੀਂ ਕਮਾ ਸਕਿਆ ਹਾਂ । ਏਹਦਾ ਕਾਰਨ ਏਹ ਵੀ ਏ ਕਿ ਦਿਲ ਦੇਣ ਜਾਂ ਦਿਲ ਹਾਸਲ ਕਰਨ ਤੋਂ ਘੱਟ ਦਾ ਸੌਦਾ, ਇਸ ਵਣਜ ਵਿਚ ਮੈਨੂੰ ਪੁੱਗਦਾ ਨਹੀਂ । ਜਿਨ੍ਹਾਂ ਬਾਰੇ, ਦਿਲ ਦੀਆਂ ਗਹਿਰਾਈਆਂ 'ਚੋਂ ਕਹਿ ਸਕਦਾ ਹਾਂ, ਕਿ ਮੇਰਾ ਸਭ ਕੁਝ, ਉਹਨਾਂ ਦਾ ਏ, ਅਤੇ ਹੈ ਵੀ ਉਹਨਾਂ ਦੇ ਸਹਾਰੇ ।

ਨਾਉ ਸਮੁੰਦ 'ਚ ਹੋਣ ਕਰਕੇ, ਕਿਸੇ ਦਾ ਨਾਂ ਨਹੀਂ ਲੈ ਸਕਦਾ, ਅਤੇ ਨੰਬਰ ਲਾਣ ਦਾ ਤਾਂ ਹੀਆ ਈ ਨਹੀਂ ਕਰ ਸਕਦਾ, ਕਿਉਂਕਿ ਸਾਰੇ ਹੀ ਮੇਰੇ ਨਾਲੋਂ ਅਫ਼ਜ਼ਲ ਨੇ, ਅਗਲੀਆਂ ਸਤਰਾਂ 'ਚ ਕਿਸੇ ਦਾ ਇਸ਼ਾਰਤਨ ਜ਼ਿਕਰ ਆ ਜਾਇ ਤਾਂ ਇਹ ਸਿਰਫ਼ ਸਹਿਵਨਤਾ ਹੋਵੇਗੀ ।

ਪਰ ਬਚਪਨ ਦੇ ਇਕ ਦਿਲਦਾਰ 'ਸਤਿਗੁਰ ਮਿੱਤਰ ਮੇਰਾ ਬਾਲ ਸਖਾਈ' , ਬਾਰੇ ਤਾਂ ਨਾਂ ਲੈਣ ਤੋਂ ਵੀ ਝਿਜਕ ਨਹੀਂ, ਕਿਉਂਕਿ ਉਹ ਏਨਾ ਵਿਸ਼ਾਲ ਦਿਲ ਏ ਕਿ, ਮੇਰੀ ਕਿਸੇ ਕਮਗੋਈ ਨੂੰ ਨਜ਼ਰ ਅੰਦਾਜ਼ ਕਰ ਦੇਣਾ, ਉਹਦੀ ਫ਼ਿਤਰਤ ਵਿਚ ਸ਼ਾਮਲ ਏ । ਮੈਂ ਉਸ ਯਾਰ ਨੂੰ ਦਿਲਦਾਰ ਆਖਿਆ ਏ ਕਿ ਉਹ ਮੇਰੇ ਦਿਲ ਦੇ ਨੇੜੇ ਨੇੜੇ ਈ ਨਹੀਂ, ਕਣ ਕਣ ਵਿਚ ਸਮਾਇਆ ਪਿਆ ਏ ।

ਪਹਿਲੀਆਂ ਦੋ ਸਤਰਾਂ ਵਿੱਚ ਦਿੱਤੀ ਦਰਜਾ ਬੰਦੀ ਤੋਂ ਉਲਟ, ਕੁਦਰਤ ਨੇ ਮੈਨੂੰ ਇਕ ਐਹੋ ਜਿਹਾ ਹਮਸ਼ੀਰ ਅਤਾ ਕੀਤਾ ਏ, ਜਿਹੜਾ ਮੇਰੇ ਦਿਲਦਾਰ ਮੰਡਲ ਦਾ ਦਰਖ਼ਸ਼ਾਂ ਸਿਤਾਰਾ ਏ ।

ਇਕ ਮੇਰਾ ਦੋਸਤ ਐਹੋ ਜਿਹਾ ਏ, ਜੇਹੜਾ ਹਰ ਔਖੇ ਅਤੇ ਸੌਖੇ ਵੇਲੇ ਮੇਰਾ ਮੁਸ਼ਕਿਲ ਕੁਸ਼ਾ ਸਾਬਤ ਹੋ ਨਿਬੜਿਆ ਏ ।

ਮੇਰਾ ਇਕ ਮਿੱਤਰ ਮੈਨੂੰ ਹਰ ਵੇਲੇ, ਕੁਝ ਨਾਂ ਕੁਝ ਦੇਣ ਦੇ ਰਾਹੇ ਪਿਆ ਹੋਇਆ ਏ, ਭਾਵੇਂ ਉਹ ਕੋਈ ਚੰਗੀ ਸਿਖਿਆ ਜਾਂ ਚੰਗਾ ਮਸ਼ਵਰਾ ਈ ਹੋਵੇ । ਅਤੇ ਦੇਣ ਵੇਲੇ ਉਹ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਇੰਜ ਮਹਿਸੂਸ ਕਰਾਇਗਾ, ਜਿਵੇਂ ਮੈਂ ਉਹਦੇ ਤੇ ਕੋਈ ਅਹਿਸਾਨ ਕਰਦਾ ਪਿਆ ਹੋਵਾਂ ।

ਮੇਰਾ ਇਕ ਉਚ ਸਰਕਾਰੀ ਅਫ਼ਸਰ ਮਿੱਤਰ ਏਨਾਂ ਸਾਫ ਗੋ ਏ ਕਿ ਇਕ ਔਖੇ ਵੇਲੇ ਜਦੋਂ ਮੈਂ ਉਹਦੇ ਕੋਲ ਗਿਆ ਤਾਂ ਓਹਨੇ ਬੜੇ ਸਪੱਸ਼ਟ ਤੇ ਬੜੇ ਹਲੀਮ ਸ਼ਬਦਾਂ ਵਿੱਚ ਮੈਨੂੰ ਦੱਸਿਆ ਕਿ ਇਸ ਮਸਲੇ ਵਿੱਚ ਮੈਂ ਤੈਨੂੰ ਇਕ ਐਹੋ ਜਹੇ ਇਨਸਾਨ ਨਾਲ ਮਿਲੌਂਦਾ ਹਾਂ, ਜੇਹੜਾ ਹਰ ਵੇਲੇ, ਹਰ ਕੰਮ ਵਿੱਚ, ਤੇਰੇ ਹਾਜ਼ਰ ਨਾਜ਼ਰ ਸਾਬਤ ਹੋਵੇ । ਕਿਉਂਕਿ ਮੈਂ ਆਪ, ਤੇਰੀ ਇਸ ਮਸਲੇ ਵਿੱਚ ਸਹਾਇਤਾ ਕਰਨੋਂ ਅਸਮੱਰਥ ਹਾਂ । ਤੇ ਮੈਂ ਉਸ ਸਾਫ ਗੋ ਦੋਸਤ ਦਾ, ਤਾ ਉਮਰ ਮਮਨੂਨ ਰਹਾਂ ਗਾ, ਕਿ ਉਸਨੇ ਮੈਨੂੰ ਇਕ ਐਹੋ ਜਿਹਾ ਦਿਲਦਾਰ, ਦਮਦਾਰ-ਦੋਸਤ ਅਤਾ ਕੀਤਾ ਏ, ਜਿਦੇ ਪਰਿਵਾਰ ਦੀ ਸ਼ਾਇਸਤਗੀ, ਲਖਨਵੀ ਤਹਿਜ਼ੀਬ ਨੂੰ ਮਾਤ ਪਾਂਦੀ ਏ । ਜਿਦ੍ਹੀ ਰਿਸ਼ਤੇਦਾਰੀ 'ਚ ਸਾਡੀ ਭਰਾਵਲੀ ਵਿੱਲਖਣ ਲਿਸ਼ਕੋਰਾਂ ਮਾਰਦੀ ਏ ।

ਇਕ ਮੇਰੇ ਮਿੱਤਰ ਨੂੰ ਜਦੋਂ ਕਦੀ ਮੈਂ ਫੋਨ ਕਰਾਂ ਤਾਂ, ਹੱਛਾ ! ਕਿਸਾਨ ਸਾਹਬ, ਸਵਾਲੀਆ ਤੇ ਮੁਖ਼ਾਤਬ ਮਿਸ਼ਰਤ, ਸ਼ਹਿਰੀ ਹੋਂਦਿਆਂ, ਪੇਂਡੂ ਪੰਜਾਬੀ, ਮਿੱਠਾ ਠੁੱਲਾ ਬੋਲ ਕੇ, ਮੈਨੂੰ ਸਵਾਦ ਸਵਾਦ ਕਰ ਦੇਵੇਗਾ, ਤੇ ਇਹਦੇ ਗੁਣਾਂ ਦਾ ਜੇ ਮੈਂ ਥੋੜਾ ਜਿਹਾ ਲੇਖਾ ਜੋਖਾ ਕਰਨਾਂ ਵੀ ਸ਼ੁਰੂ ਕਰ ਲਿਆ ਤਾਂ 'ਜਿਵੇਂ ਏਹਨੇ ਹਰਿਆਣੇ ਵਿੱਚ ਪੰਜਾਬੀ ਦੀਆਂ ਪੁਸਤਕਾਂ ਦੇ ਅਨੇਕਾਂ ਰੰਗ ਬਿਖੇਰੇ ਨੇ ।' ਮੈਨੂੰ ਸਹਿਜੇ ਈ ਕਈ ਸਫੇ ਸ਼ਿੰਗਾਰਨੇ ਪੈ ਜਾਣਗੇ ।

ਇਹ ਵੀ ਕੋਈ ਜ਼ਰੂਰੀ ਨਹੀਂ ਕਿ ਦੋਸਤ-ਮਿੱਤਰ, ਸਾਕਾਂ-ਸਨਬੰਧੀਆਂ ਤੋਂ ਬਾਹਰ ਦੇ ਈ ਹੋਣ, ਮੇਰੇ ਦੋ ਰਿਸ਼ਤੇਦਾਰ-ਦੋਸਤ, ਮਲਕੁਲ ਮੌਤ ਨੇ, ਭਰ ਅਕਲ ਜ਼ਹਾਨਤ, ਸੂਝ ਸਿਆਣਪ, ਢਲਦੀ ਉਮਰੋਂ ਪਹਿਲਾਂ ਈ ਮੇਰੇ ਹੱਥੋਂ ਖਿਸਕਾ ਲਏ ਨੇ, ਕਿ ਮੈਂ ਕੋਲ ਖੜ੍ਹਾ ਹੱਥ ਮਲਦਾ ਈ ਰਹਿ ਗਿਆ, ਤੇ ਹੁਣ ਵੀ ਜਦੋਂ ਕੋਈ ਉਹਨਾਂ ਦੀ ਪੱਧਰ ਦਾ ਮਸਲਾ ਸਾਹਮਣੇ ਔਂਦਾ ਏ ਤਾਂ ਸਿਵਾ ਹੱਥ ਮਲਣ ਦੇ, ਮੇਰੇ ਕੋਲ ਕੋਈ ਚਾਰਾ ਨਹੀਂ ਬਚਦਾ ।

ਇਕ ਮੇਰਾ ਆਂ ਜਹਾਨੀ ਰਿਸ਼ਤੇਦਾਰ ਮਿੱਤਰ ਸੀ, ਜਿਦ੍ਹੀਆਂ ਰਾਹ ਰੁਸ਼ਨਾਂਦੀਆਂ ਗਲਾਂ ਅਜ ਵੀ ਮੇਰੇ ਘੁੱਪ ਹਨੇਰਿਆਂ 'ਚ ਜਗਮਗ ਕਰਦੀਆਂ, ਖੱਡਿਆਂ ਖਾਈਆਂ ਤੋਂ ਬਚਾ ਲੈਂਦੀਆਂ ਨੇ । ਅਸਾਂ ਦੋਹਾਂ, ਮਿਤਰ ਮੰਡਲੀ 'ਚ ਖੂਬ ਖੁੱਲ-ਖੁਲਾਸੀਆਂ ਮਾਰਦਿਆਂ ਹੋਣਾਂ, ਤਾਂ ਹਾਜ਼ਰ ਸਤਿਗੁਰੂ ਜੀ ਨੇ ਸੁਚੇਤ ਕਰਨਾ, "ਓਇ ! ਤੁਹਾਡੀ ਰਿਸ਼ਤੇਦਾਰੀ ਕੀ ਏ ਤੇ ਤੁਸੀ ਗੱਲਾਂ ਕਿਵੇਂ ਦੀਆਂ ਕਰਦੇ ਪਏ ਓ !"

ਜੀਵਨ ਸੰਘਰਸ਼ਾਂ ਦੇ ਘਟਾਂ ਟੋਪਾਂ ਸਮੇਂ ਮੇਰਾ ਇਕ ਨੌਜਵਾਨ ਮਿੱਤਰ, ਸੜਕ ਹਾਦਸੇ ਪਾਰੋਂ, ਕੁਸਮੇਂ ਹੀ ਮੌਤ ਦੀ ਵਾਦੀ ਜਾ ਦਾਖਲ ਹੋਇਆ, ਤਾਂ ਬਾਪੂ ਜੀ ਨੇ ਦੁਖਿਤ ਹਿਰਦੇ ਨਾਲ ਆਖਿਆ "ਸਾਧੂ ਸਿੰਘਾਂ ! ਤੂੰ ਦੋਸਤੀ ਦੀ ਇਕ ਬਾਂਹ ਤੋਂ ਹੀਣਾ ਹੋ ਗਿਆ ਏਂ ।"



Sri Satguru Jagjit Singh Ji eLibrary NamdhariElibrary@gmail.com

ਤੇ ਇਕ ਪਰਮ ਮਿੱਤਰ ਮੇਰੇ ਪਿਤਾ ਸ੍ਰੀ ਵਹਿਮੀ ਜੀ ਸਨ, ਜਿਨ੍ਹਾਂ ਆਪਣੇ ਤੋਂ ਅਠਾਈ ਸਾਲ ਛੋਟੇ ਪੁੱਤਰ ਨੂੰ-ਦੋਸਤੀ ਦਾ ਮਾਣ ਬਖਸ਼ ਕੇ, ਅਨੇਕ ਉਚ ਸਿਖਿਆਵਾਂ ਨਾਲ ਮਾਲਾ-ਮਾਲ ਕੀਤਾ, ਕਿ ਮੈਂ ਡਿਗਰੀਆਂ ਵਿਹੂਣਾ ਪੇਂਡੂ ਕਿਸਾਨ, ਵਿਦਵਾਨਾਂ-ਸਭਾਵਾਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਨ ਦੇ ਯੋਗ ਹੋ ਸੱਕਿਆ । ਮੇਰੇ ਪਿਤਾ ਜੀ ਵਲੋਂ ਮੈਨੂੰ ਮਿੱਤਰ ਮਾਣ ਦੇਣ ਦੀ ਜਾਚ ਪਾਰੋਂ ਈ, ਅੱਗੋਂ ਮੇਰੇ ਪੁੱਤਾਂ-ਭਤੀਜਿਆਂ ਵਿਚੋਂ, ਮੈਨੂੰ ਦੋਸਤੀ ਦੀ ਖੁਸ਼ਬੂ, ਸਰਸ਼ਾਰ ਕਰੀ ਰੱਖਦੀ ਏ ।

ਵਿਦਵਤਾ ਦੀ ਏਡੀ ਉਚੀ ਟੀਸੀ ਤੇ ਪਹੁੰਚੇ ਹੋਏ, ਇਕ ਅਦਭੁਤ ਮਾਨਵ ਨੂੰ-ਇਕਵੱਲੇ ਤੌਰ ਤੇ, ਆਪਣਾ ਮਿੱਤਰ ਮਿਥ ਕੇ, ਥੋੜਾ ਸਹਿਮਦਾ ਹੋਇਆ ਵੀ, ਮੈਂ ਏਡਾ ਅਹਿਸਾਨਮੰਦ ਆਂ ਕਿ ਜਦੋਂ ਮੈਂ ਕਲਮ ਨੂੰ ਕਰੀਬ ਕਰੀਬ ਅਲਵਿਦਾ ਈ ਕਹਿ ਰਿਹਾ ਸਾਂ, ਤਾਂ ਮੇਰੇ ਇਕ ਨਿੱਕੇ ਜਹੇ ਕਲਮੀ ਚਿੱਤਰ ਦੀ, ਮੇਰੇ ਤੋਂ ਪਾਸੇ ਈ, ਪ੍ਰਸੰਸਾਂ ਦਾ ਹੁਲਾਰਾ ਦੇ ਕੇ, ਮੈਨੂੰ ਪਿਤਾ ਜੀ ਦੀ ਅੰਸ਼ਕ ਪੈੜ ਤੋਂ ਥਿੜਕਣੋਂ ਬਚਾ ਲਿਆ ।

ਹੁਣ ਮੈਂ ਇਕ ਐਹੋ ਜਹੇ ਆਪਣੇ ਸਤਿਗੁਰ ਸਿਫਤੀ-ਗੀਤ ਗਲੋਟੇ ਦਾ ਜ਼ਿਕਰ ਕਰਨ ਲਗਾ ਆਂ, ਜਿਨ੍ਹੇ ਕਲਮ ਨੂੰ ਜੁੰਬਸ਼ ਦੇ ਕੇ, ਭਰੇ ਪੂਰੇ ਪਰਿਵਾਰ ਨੂੰ, ਕਲਮੀ ਵਿਰਾਸਤ ਵਲੋਂ ਵਾਰਸ ਵਿਹੀਨ ਹੋਣੋਂ ਬਚਾ ਲਿਆ ।

ਇਕ ਖੋਜ ਦੀਆਂ ਭੂਲ-ਭੁਲੱਈਆਂ ਚ ਵਿਚਰਦੇ ਮਹਾਂ ਵਿਦਵਾਨ, ਅਨੇਕ ਬੋਲੀਆਂ ਦੇ ਅਨੁਵਾਦਕ, ਦਰਸ਼ਨੀ ਯੋਗੀ ਰਾਜ ਵੈਦ, ਜੀ ਦੀ ਵਡਿਆਈ ਸਾਹਵੇਂ ਨਤ ਮਸਤਕ ਆਂ ।

ਉਸਤਾਦਾਂ ਦੇ ਉਸਤਾਦ, ਪਰ ਜਿਵੇਂ ਕੁਝ ਨਾ ਜਾਣਦੇ ਹੋਣ, ਅਚਨਚੇਤ ਕੋਈ ਸਬਜੈਕਟ ਲਿਖਣ ਜਾਂ ਬੋਲਣ ਵਾਸਤੇ ਦੇ ਦਿਓ, ਵਕਤ ਦੀ ਕੋਈ ਪਾਬੰਦੀ ਨਹੀਂ, ਜਦੋਂ ਆਖੋਗੇ ਓਦੋਂ ਹੀ ਹਟਣਗੇ, ਇਸ ਮਿੱਤਰ ਦੀ ਕਾਰਜ ਸਮੱਰਥਾ ਦਾ ਮਦਾਹ ਵੀ, ਆਂ ਤੇ ਹੈਰਾਨ ਵੀ ਕਿਵੇਂ ਘਰੋਗੀ ਮਜਬੂਰੀ ਦੇ ਰੂਬਰੂ ਅਨੇਕ ਤਰਫੀ- ਜਿਵੇਂ ਤਿਤਲੀ, ਕਈ ਬੂਟਿਆਂ ਤੇ ਫੇਰੇ ਮਾਰ ਲੈਂਦੀ ਏ-ਪੂਰਾ ਆ ਰਿਹੈ ।

ਜੇ ਕੋਈ ਦੁਖਾਂ ਦਾ ਸਾਥੀ, ਬਚਪਨ ਦਾ ਗਹਿਰਾ ਦੋਸਤ-ਕਮ-ਰਿਸ਼ਤੇਦਾਰ, ਅਕਾਰਨ ਹੀ ਕਿਸੇ ਵੀ ਸਬੰਧ ਨੂੰ ਮਾਨਤਾ ਦੇਣੋਂ ਇਨਕਾਰੀ ਹੋ ਜਾਇ, ਸਗੋਂ ਲਗਾਤਾਰ ਅਸਹਿ ਅਪ-ਸ਼ਬਦਾਂ ਨਾਲ ਨਿਵਾਜਣਾਂ ਸ਼ੁਰੂ ਕਰ ਦੇਵੇ, ਤਾਂ ਉਸ ਗੁੰਝਲਦਾਰ ਪੀੜ ਨੂੰ ਝੇਲਣ ਵਾਸਤੇ, ਕਿਹੋ ਜਹੀ ਮਾਨਸਿਕਤਾ ਗ੍ਰਹਿਣ ਕਰਨੀ ਪੈ ਸਕਦੀ ਏ ।

ਗੱਲ ਤੇ ਏਥੋਂ ਈ ਸ਼ੁਰੂ ਹੋਈ ਸੀ, ਇਕ ਦਿਲਦਾਰ ਦੇ ਮਹੱਲਾਂ 'ਚ ਰਾਤ ਗੁਜ਼ਾਰ ਕੇ ਜਦੋਂ ਸਾਜਰੇ, ਦੂਰ ਦਾ ਸਫਰ ਜਾਣ ਕੇ ਖਿਸਕਣ ਲੱਗਿਆ, ਤਾਂ ਉਹ ਭਲਾ ਪੁਰਸ਼ ਇਕ ਅੱਤ ਜ਼ਰੂਰੀ ਕੰਮ ਨਿਪਟਾਣ ਜਾ ਰਿਹਾ ਸੀ । ਜਦੋਂ ਮੈਂ ਮੱਥੇ ਨੂੰ ਉਂਗਲ ਛੁਹਾ ਕੇ, ਸਲਾਮੀ ਦੇਂਦਿਆਂ ਬਾਹਰ ਨੂੰ ਧਾਈ ਕੀਤੀ, ਉਹ ਅਬੜ ਵਾਹਿਆਂ ਬੋਲ ਪਿਆ, ਓ ! ਹੋ ! ਰੁਕ



Sri Satguru Jagjit Singh Ji eLibrary NamdhariElibrary@gmail.com

ਜਾਓ ! ਅਸਾਂ ਵੀ ਉਸੇ ਪਾਸੇ ਜਾਣਾ ਏ, ਸਾਥਣ ਨੂੰ ਕਾਹਲ ਪਾਂਦਾ ਹੋਇਆ, ਆ ਬਈ ! ਸਵੇਰ ਦੀ ਸੈਰ ਕਮ ਐਸ਼ ਕਰ ਆਈਏ । ਨਾਲੇ ਇਹਨਾਂ ਨੂੰ ਬਸ ਤੇ ਚੜ੍ਹਾ ਦਿਆਂਗੇ । ਮੈਂ ਕਿਹਾ ਅੜਿਆ ਤੂੰ ਵੇਹਲਾ ਤੇ ਹੋ ਲੈ, ਨਹੀਂ ਨਹੀਂ ਕਿੱਥੇ ਰਿਕਸ਼ੇ ਨਾਲ ਪੱਗੋ ਹੱਥੀ ਹੋਦੇਂ ਜਾਉਗੇ, ਨਾਲੇ ਸਾਡੀ ਨਵੀਂ ਕਾਰ ਪਵਿੱਤਰ ਕਰੋ । ਉਨੇਂ ਮੈਨੂੰ ਕੋਈ ਗੱਲ ਨਹੀਂ ਕਰਨ ਦਿੱਤੀ । ਜੇ ਮੈਂ ਕੀਤੀ, ਉਨ ਸੁਣੀ ਨਹੀਂ, ਮੈਨੂੰ ਧੱਕ ਕੇ ਗੱਡੀ ਚ ਬਿਠਾ ਕੇ ਨਹੀਂ, ਸੁੱਟ ਕੇ ਚਾਬੀ ਲਾਕੇ ਪਿੱਛੇ ਵੇਖਿਆ ਪਰ ਮੇਰੀ ਦੀਦੀ ਤਾਂ ਪਿਛਲੀ ਸੀਟ ਤੇ ਪਹਿਲਾਂ ਈ ਸਜੇ ਹੋਏ ਸਨ, ਮੈਨੂੰ ਸਾਰੇ ਰਾਹ ਕੋਈ ਗੱਲ ਨਾ ਸੁੱਝੀ, ਤਾਂ ਹੀ ਪਤਾ ਲੱਗਾ, ਕਾਰ ਖਲਿਹਾਰ ਕੇ ਕਹਿਣ ਲਗੇ, ਲਓ ਜੀ, ਲਾਰੀ ਸਵਾਰ ਹੋ ਜਾਓ, ਮੈਂ ਬੱਸ 'ਚ ਬੈਠਾ, ਏਹੋ ਸੋਚਦਾ ਗਿਆ– ਅਜੀਬ ਆਦਮੀ ਏਂ, ਭਾਵੇਂ ਮੇਰੀ ਕਾਹਲ ਕਿੰਨੀ ਜਰੂਰੀ ਸੀ, ਪਰ ਏਹ ਵੀ ਕੀ, ਆਖਿਰ ਏਡਾ ਜਰੂਰੀ ਕੰਮ ਫੇਰ ਤੇ ਪਾ ਦਿੱਤਾ ਜਾਇ ।

*************



Sri Satguru Jagjit Singh Ji eLibrary NamdhariElib

ਜਾਓ ! ਅਸਾਂ ਵੀ ਉਸੇ ਪਾਸੇ ਜਾਣਾ ਏ, ਸਾਥਣ ਨੂੰ ਕਾਹਲ ਪਾਂਦਾ ਹੋਇਆ, ਆ ਬਈ ! ਸਵੇਰ ਦੀ ਸੈਰ ਕਮ ਐਸ਼ ਕਰ ਆਈਏ । ਨਾਲੇ ਇਹਨਾਂ ਨੂੰ ਬਸ ਤੇ ਚੜਾ ਦਿਆਂਗੇ । ਮੈਂ ਕਿਹਾ ਅੜਿਆ ਤੂੰ ਵੇਹਲਾ ਤੇ ਹੋ ਲੈ, ਨਹੀਂ ਨਹੀਂ ਕਿੱਥੇ ਰਿਕਸ਼ੇ ਨਾਲ ਪੱਗੋ ਹੱਥੀ ਹੋਦੇਂ ਜਾਉਗੇ, ਨਾਲੇ ਸਾਡੀ ਨਵੀਂ ਕਾਰ ਪਵਿੱਤਰ ਕਰੋ । ਉਨੇਂ ਮੈਨੂੰ ਕੋਈ ਗੱਲ ਨਹੀਂ ਕਰਨ ਦਿੱਤੀ । ਜੇ ਮੈਂ ਕੀਤੀ, ਉਨ ਸੁਣੀ ਨਹੀਂ, ਮੈਨੂੰ ਧੱਕ ਕੇ ਗੱਡੀ ਚ ਬਿਠਾ ਕੇ ਨਹੀਂ, ਸੁੱਟ ਕੇ ਚਾਬੀ ਲਾਕੇ ਪਿੱਛੇ ਵੇਖਿਆ ਪਰ ਮੇਰੀ ਦੀਦੀ ਤਾਂ ਪਿਛਲੀ ਸੀਟ ਤੇ ਪਹਿਲਾਂ ਈ ਸਜੇ ਹੋਏ ਸਨ, ਮੈਨੂੰ ਸਾਰੇ ਰਾਹ ਕੋਈ ਗੱਲ ਨਾ ਸੁੱਝੀ, ਤਾਂ ਹੀ ਪਤਾ ਲੱਗਾ, ਕਾਰ ਖਲਿਹਾਰ ਕੇ ਕਹਿਣ ਲਗੇ, ਲਓ ਜੀ, ਲਾਰੀ ਸਵਾਰ ਹੋ ਜਾਓ, ਮੈਂ ਬੱਸ 'ਚ ਬੈਠਾ, ਏਹੋ ਸੋਚਦਾ ਗਿਆ- ਅਜੀਬ ਆਦਮੀ ਏਂ, ਭਾਵੇਂ ਮੇਰੀ ਕਾਹਲ ਕਿੰਨੀ ਜਰੂਰੀ ਸੀ, ਪਰ ਏਹ ਵੀ ਕੀ, ਆਖਿਰ ਏਡਾ ਜਰੂਰੀ ਕੰਮ ਫੇਰ ਤੇ ਪਾ ਦਿੱਤਾ ਜਾਇ ।

************



Sri Satguru Jagjit Singh Ji eLibrary NamdhariElibrary@gmail.com

# ਵਿਦੇਸ਼ੀ ਮੂਲ

ਬਹੁਤ ਪੁਰਾਣੇ ਸਮਿਆਂ ਤੋਂ-ਸਾਡੇ ਮਨੂੰਵਾਦੀ ਸ਼ਾਸਤਰਾਂ ਵਿਚ, ਬ੍ਰਹਿਮਣਾਂ ਦੀ, ਸਭ ਤੋਂ ਵੱਧ ਮਹਿਮਾ ਗਾਈ ਗਈ ਹੈ । ਇਹਨਾਂ ਵਿਚ ਵਿਦਿਆ ਦੇਣ ਲੈਣ, ਪੂਜਾ ਪਾਠ ਕਰਨ, ਸੁੱਚ ਮਰਿਆਦਾ ਰੱਖਣ, ਅਤੇ ਖਾਸ ਕਰ, ਸੱਚ ਬੋਲਣ ਵਰਗੇ ਅਨੇਕ ਗੁਣ ਵਿਦਮਾਨ ਹਨ । ਜਿਵੇਂ ਗਊ ਨੂੰ-ਤਾਕਤਵਰ ਦੁੱਧ ਦੇਣ, ਅਤੇ ਬੱਚਿਆਂ ਦੇ ਖੇਤੀ ਦਾ ਕੰਮ ਕਰਨ ਪਾਰੋਂ, ਗਊ-ਮਾਤਾ, ਜਾਂ ਗੋ-ਦੇਵਤਾ, ਕਰਕੇ ਪੂਜਿਆ ਜਾਂਦਾ ਹੈ । ਮੈਨੂੰ ਜਾਪਦੈ ਉਦੋਂ ਸਾਡੇ ਦੇਸ ਵਿਚ ਮੱਝਾਂ ਨਹੀਂ ਹੋਣਗੀਆਂ, ਜੇ ਹੁੰਦੀਆਂ ਤਾਂ ਇਹਨਾਂ ਵਿਚ ਵੀ ਉਪਰੋਕਤ ਦੋਵੇਂ ਗੁਣ ਭਰਪੂਰ ਮਾਤਰਾ ਵਿਚ ਹੋਣ ਕਰਕੇ, 'ਮੱਝ ਮਾਤਾ' ਦੇ ਦਰਜੇ ਤੋਂ ਵਾਂਝੀਆਂ ਨਹੀਂ ਸਨ ਰਹਿ ਸਕਦੀਆਂ । ਅਜੇ ਤੇ ਅਸਾਂ ਬੱਕਰੀ, ਦਾ ਲਿਹਾਜ਼ ਕਰ ਦਿੱਤਾ ਏ, ਕਿ ਇਸਦੇ ਬੱਚੇ, ਖੇਤੀ ਦੇ ਕੰਮ ਨਹੀਂ ਆ ਸਕਦੇ । ਪਰ ਭਾਰਤ ਦੀ ਸਭ ਤੋਂ ਵੱਡੀ 'ਘੱਟ ਗਿਣਤੀ' , ਮੋਮਨਾਂ ਦੀ ਕੁਰਬਾਨੀ ਦਾ ਪੁੰਨ, ਇਹਨਾਂ ਬਿਨਾਂ ਸੰਪੰਨ ਹੋ ਈ ਨਹੀਂ ਸਕਦਾ, ਪਰ ਦੁੱਧ ਪੱਖੋਂ ਤਾਂ ਇਸਦਾ ਨੰਬਰ, ਗਾਂ, ਮੱਝ ਨਾਲੋਂ ਵੀ ਪਹਿਲਾਂ ਹੈ । ਕਿਉਂਕਿ ਵਿਚਾਰੀ ਗਿਰੀਆਂ, ਕਾਜੂ, ਅੰਗੂਰ, ਸੌਗੀ ਖਾ ਕੇ ਬੜੀ ਮੁਸ਼ਕਿਲ ਨਾਲ ਗਾਂਧੀ ਬਾਬੇ ਨੂੰ ਪਾਲਦੀ ਰਹੀ ਏ । ਅਤੇ ਬੀਮਾਰਾਂ ਦੀ ਸੇਵਾ ਤਾਂ ਏਤਨੀ ਕਰ ਜਾਂਦੀ ਏ ਕਿ ਇਸਦੀ ਮਹੱਤਾ ਨੂੰ ਜਾਂਚਦਿਆਂ, ਇਸਨੂੰ 'ਬੱਕਰੀ ਦੇਵੀ' ਦਾ ਦਰਜਾ ਮਿਲਣਾ ਹੀ ਚਾਹੀਦਾ ਹੈ ।

ਗੱਲ ਤਾਂ 'ਬ੍ਰਹਿਮਣ ਦੇਵਤਾ ਦੀ ਕਰਨ ਲਗੇ ਸਾਂ, ਇਹ ਤਾਂ ਕਾਂਟਾ ਬਦਲ ਕੇ ਕਲਮ, ਲਾਲੂ ਵਾਂਗ ਦੂਸਰੀ ਲੀਹੇ ਪੈ ਗਈ ।

ਇਹਨਾਂ ਵਿਚ ਗੁਣ ਤਾਂ ਬੇਅੰਤ ਨੇ, ਅੱਜ ਤਾਂ ਸਿਰਫ ਇਹਨਾਂ ਦੇ 'ਬਚਨ ਸੱਤ, ਹੋਣ ਬਾਰੇ ਹੀ ਜ਼ਿਕਰ ਕੀਤਾ ਜਾਇਗਾ ।' ਇਕ ਬੜੇ ਮਸ਼ਹੂਰ ਤੇ ਮਿਠ ਬੋਲੇ ਰਿਸ਼ੀ ਜੀ ਹੋਏ ਹਨ, ਜਿਨਾਂ ਦੀ ਮਿੱਠੀ ਤੇ ਸੱਚੀ ਬਾਣੀ ਦੀਆਂ ਕਹਾਣੀਆਂ, ਜਨ ਜਨ ਦੇ ਮੂੰਹ ਤੇ ਅਖਾਣਾਂ ਵਾਂਗ ਚੜ੍ਹੀਆਂ ਹੋਈਆਂ ਨੇ ।

ਏਹ ਮ੍ਰਿਦੁ ਭਾਸ਼ੀ ਮਹਾਤਮਾ ਜੀ, ਏਕ ਸਮੇਂ ਯਾਦਵੋਂ ਕੀ ਦਵਾਰਕਾ ਮੇਂ ਪਧਾਰੇ, ਯਾਦਵਾਂ ਦੇ ਛੋਟੇ ਬਾਲਕਾਂ, ਥੋੜ੍ਹਾ ਹਾਸਾ ਮਖੌਲ ਕਰ ਲਿਆ । ਤਾਂ ਮੁਨੀ ਜੀ ਦੇ ਪਵਿੱਤਰ ਮੁਖਾਰ ਬਿੰਦ 'ਚੋਂ 'ਸਰਵਨਾਸ਼' ਦਾ ਕੋਮਲ ਜਿਹਾ ਵਾਕ ਨਿਕਲ ਗਿਆ, ਕਿ ਸ੍ਰੀ ਕ੍ਰਿਸ਼ਨ ਜੀ ਨੂੰ ਵੀ ਪਰਿਵਾਰ ਸਮਾਪਤੀ ਬਾਦ,ਬਧਿਕ ਹੱਥੋਂ ਬਾਣ ਖਾ ਕੇ ਪ੍ਰਾਣਾਂਤ ਕਰਨਾ ਪਿਆ ।

ਅਤੇ ਇਸੇ ਗੱਲ ਦੇ ਹਿਲੇ ਹੋਏ ਏਹ ਮਹਾਨੁਭਾਵ, ਰਾਜੇ ਅੰਬ੍ਰੀਕ ਦੇ ਘਰੇ ਕੁਵੇਲੇ ਜਾ ਧਮਕੇ, 'ਅਸਾਂ ਲੰਗਰ ਛਕਣਾ ਹੈ, ਕਹਿ ਕੇ ਆਪ ਨਦੀ ਇਸ਼ਨਾਨ ਕਰਨ ਤੁਰ ਪਏ, ਰਾਜੇ ਬੇਨਤੀ ਕੀਤੀ ਕਿ ਮੈਂ ਵਰਤ ਖੋਹਲਣਾਂ ਹੈ ।'ਪ੍ਰਹਿਲਾਂ ਪਰਤਨ ਦੀ ਕਿਰਪਾ ਕਰਨੀ



Sri Satguru Jagjit Singh Ji eLibrary NamdhariElibrary@gmail.com

ਗਰਮੀ ਦੇ ਦਿਨ, ਸਫਰ ਦੇ ਭੰਨੇ ਹੋਏ ਰਿਸ਼ੀ ਜੀ, ਨਦੀ ਦਾ ਠੰਡਾ ਜਲ, ਮਨ ਵਿਚ ਅਹੰ ਕਿ ਮੇਰੇ ਬਿਨਾਂ ਰਾਜਾ ਵਰਤ ਕਿਵੇਂ ਖੋਹਲ ਸਕਦਾ ਹੈ ? ਕਾਫੀ ਲੇਟ ਹੋ ਗਏ । ਕੁਵੇਲੇ ਆਇਆਂ ਪਤਾ ਲੱਗਾ, ਰਾਜੇ ਬ੍ਰਤ ਉਪਾਰ ਲਿਆ ਹੈ, ਤਾਂ ਗੁੱਸੇ ਤੇ ਭੁਖ ਨਾਲ ਲਾਲ ਪੀਲੇਹੋ ਕੇ ਸਰਾਪ ਨਾਲ ਰਾਜੇ ਨੂੰ ਭਸਮ ਕਰਨ ਵਾਲੇ ਹੀ ਸਨ, ਕਿ ਸ੍ਰੀ ਵਿਸ਼ਨੂੰ ਜੀ ਦੇ ਚਕੱਰ ਨੇ, ਵਿਚ ਲੱਤ ਅੜਾ ਦਿੱਤੀ । ਬੜੀ ਭੱਜ ਦੌੜੀ ਬਾਦ ਅਖੀਰ ਨੂੰ ਰਾਜੇ ਦੀ ਪੈਰੀਂ ਪੈ ਕੇ ਹੀ ਜਾਨ ਬਚੀ । ਅਤੇ ਇਹਨਾਂ ਦੀ ਇਸੇ ਮਿੱਠੀ ਬੋਲੀ ਤੋਂ ਕਈ ਕਮਲਿਆਂ, ਕੰਡ ਪਿਛੇ ਸ਼ੁਭ ਨਾਮ 'ਦੁਰ ਭਾਸ਼ਾ, ਕਹਿਣਾ ਸ਼ੁਰੂ ਕਰ ਦਿੱਤਾ । ਜੋ ਕਾਲਾਂਤਰ, ਪੰਜਾਬੀ 'ਚ 'ਦੁਰਬਾਸ਼ਾ, ਬਣ ਗਿਆ । ਆਹ ਅਜੇ ਪਿਛਲੇ ਦਿਨਾਂ ਦੀ ਗੱਲ ਏ ਕਿ, ਸਾਡੇ ਹੁਣੇ ਜਹੇ ਵਿਚਾਰੇ 'ਭੂਤ ਪੂਰਵ ਹੋ ਗਏ ਪਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਜੀ ਨੇ, ਬੰਗਲਾ ਦੇਸ਼ ਦੀ ਜੰਗ ਜੇਤੂ ਇੰਦਰਾ ਨੂੰ, ਦੁਰਗਾ- ਚੰਡਕਾ ਜਹੇ ਵਰਾਂ ਨਾਲ ਨਿਵਾਜਿਆ ਸੀ । ਐਮਰਜੈਂਸੀ ਦੌਰਾਨ, ਅਕਾਲੀਆਂ ਦੇ ਸਫਲ ਵਿਰੋਧ ਤੋਂ ਚਿੜ੍ਹਕੇ, ਇਸਨੇ ਐਸਾ ਚੰਡਿਕਾ ਸਰੂਪ ਧਾਰਨ ਕੀਤਾ, ਕਿ ਸਿੱਖਾਂ ਦੇ ਸਭ ਤੋਂ ਮਹਾਨ ਤੀਰਥ ਦੀ-ਉਹ ਦੁਰਗਤੀ ਕੀਤੀ ਕਿ ਸਿੱਖਾਂ ਨੂੰ ਅਹਿਮਦਸ਼ਾਹ ਤੇ ਮੀਰ ਮਨੂੰ ਵੀ, ਇਸ ਬ੍ਰਹਿਮਣੀ ਤੋਂ ਊਣੇ ਜਾਪਣ ਲਗ ਪਏ ।

ਇਹ ਗੱਲ ਤਾਂ ਹੋਈ ਜੀਂਦੀ ਜਾਗਦੀ ਪੰਡਤਾਣੀ ਦੀ, ਇਸ ਚੰਡਕਾ ਨੇ ਤਾਂ ਮਰ ਕੇ ਵੀ ਦਿੱਲੀ , ਕਾਨ੍ਹਪੁਰ ਆਦਿ ਸ਼ਹਿਰੀਂ, ਹਜ਼ਾਰਾਂ ਸਿੱਖ ਬੀਬੀਆਂ ਦੀ ਬੇਪਤੀ, ਹਜ਼ਾਰਾਂ ਸਿੱਖ ਮਰਦਾਂ ਨੂੰ ਇਸ ਮੌਤੇ ਮਾਰਿਆ-ਕਿ ਦਿੱਲੀ ਨੇ ਨਾਦਿਰਸ਼ਾਹ ਵੇਲੇ ਵੀ ਇਹੋ ਜਿਹਾ ਨਜ਼ਾਰਾ ਨਹੀਂ ਸੀ ਵੇਖਿਆ, ਤੇ ਜਿਸਦੀ ਰੀਸ ਬਰੀਸੇ ਮੋਦੀ-ਅਡਵਾਣੀਆਂ ਨੇ, ਕਲ੍ਹ ਹੀ ਗਾਂਧੀ ਦੇ ਗੁਜਰਾਤ ਨੂੰ ਕਰਬਲਾ ਬਣਾ ਕੇ ਰੱਖ ਦਿੱਤਾ ।

ਆਹ ਅੱਜ ਦੀਓ ਗੱਲ ਏ, ਕਿ ਪੰਡਿਤ ਵਾਜਪੇਈ ਜੀ ਨੇ, ਭਾਜਪਾਈਆਂ ਜਨ ਜਨ ਦੇ ਮੂੰਹੋਂ ਆਪਣਾ ਸ਼ੁਭ ਬਚਨ ਅਖਵਾਇਆ ਕਿ 'ਸੋਨੀਆ ਵਿਦੇਸ਼ੀ ਹੈ । ਇਸੇ ਮੁੱਦੇ ਤੇ ਇਲੈਕਸ਼ਨ ਲੜਿਆ ਗਿਆ, ਕਿ ਹੋਰ ਤੇ ਮੁੱਦਾ ਈ ਕੋਈ ਨਹੀਂ ਸੀ । ਬ੍ਰਹਿਮਣ ਦੇਵਤਾ ਦਾ ਵਾਕ-ਵਿਰਥਾ ਜਾ ਹੀ ਨਹੀਂ ਸਕਦਾ । ਸੋਨੀਆ ਨੇ, ਪੀ.ਐਮ. ਦੀ ਕੁਰਸੀ ਕੋਲ ਖਲੋ ਕੇ 'ਵਿਦੇਸ਼ੀ ਮੂਲ' ਵਖਾ ਦਿੱਤਾ, ਕਿ ਇਸ ਤੇ ਕੋਈ ਸ਼ੁੱਧ ਭਾਰਤੀ ਹੀ ਬੈਠੇਗਾ । ਕਾਂਗਰਸੀਆਂ ਤੇ ਹੋਰ ਸਾਥੀਆਂ ਅਸਤੀਫੇ ਦਿੱਤੇ, ਮਰਨ ਵਕਤ ਰੱਖੇ, ਪਰ ਏਹ ਵਿਦੇਸ਼ੀ ਲੜਕੀ ਟੱਸ ਤੋਂ ਮੱਸ ਨਾ ਹੋਈ । ਇਕ ਵਾਰ ਸੋਚ ਕੇ, ਫੈਸਲੇ ਕੀਤੇ ਨੂੰ-ਬਦਲਣ ਵਾਸਤੇ ਨਹੀਂ ਮੰਨੀ । ਜੇ ਕੋਈ ਭਾਰਤੀ ਪੀ.ਐਮ. ਕੁਰਸੀ ਨੇੜੇ ਪੁੱਜ ਜਾਂਦੀ ਤਾਂ ਕਹਿ ਦਿੰਦੀ, 'ਮੇਰਾ ਬਿਆਨ ਮੀਡੀਏ ਬਦਲ ਦਿੱਤਾ ਏ' ਇਕ ਹੋਰ ਪੰਡਿਤ ਲਾਲ ਬਹਾਦਰ ਸ਼ਾਸਤਰੀ ਬਿਨਾਂ ਹੈ ਕੋਈ ਮਾਈ ਦਾ ਲਾਲ ? ਭਾਰਤੀ ਜੋ ਇਸ ਤਰ੍ਹਾਂ ਤ੍ਰਿਣ ਸਮ ਕੁਰਸੀ ਤਿਆਗ ਸਕਦਾ ਹੋਵੇ, ਇਹ ਤਾਂ 'ਵਿਦੇਸ਼ੀ ਸੋਨੀਆ, ਹੀ ਇੰਜ ਕਰ ਸਕਦੀ ਏ । ਦੇਸੀ ਦੇਵੀਆਂ ਤਾਂ 'ਸਾਧਣੀਆਂ, ਬਣ ਕੇ ਵੀ ਕੁਰਸੀ ਨੂੰ ਚਾਰ ਚੰਨ ਲਾਈ ਫਿਰਦੀਆਂ ਨੇ ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਭਰਾਵਾਂ ਨੂੰ ਖੁੱਲ੍ਹੀ ਚਿੱਠੀ

ਪਿਆਰੇ ਪੰਜਾਬੀ ਭਰਾਓ !

ਤੁਸਾਂ ਪਾਣੀ ਦੇ ਸਾਬਕਾ ਸਮਝੌਤੇ ਰੱਦ ਕਰਕੇ ਚੰਗਾ ਕੀਤੈ । ਇਹਦੇ ਨਾਲ ਅਜੋਕੇ ਸਮੇਂ ਮੁਤਾਬਿਕ ਨਵੇਂ ਸਿਰਿਓਂ ਵੰਡ ਕਰਨ ਦਾ ਰਾਹ ਸੁਖਾਲਾ ਹੋ ਗਿਆ ਹੈ । ਤੁਹਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਰਦਾਂ ਵਾਲੀ ਗੱਲ ਕੀਤੀ ਏ, ਜਿਸ ਨੇ ਕੇਂਦਰ, ਪਾਰਟੀ, ਆਪਣਿਆਂ, ਬੇਗਾਨਿਆਂ, ਗਵਾਂਢੀਆਂ ਅਤੇ ਕੁਰਸੀ ਤੱਕ ਦੀ ਪ੍ਰਵਾਹ ਨਹੀਂ ਕੀਤੀ ।

ਉਂਜ, ਕੀਤੇ ਸਮਝੌਤੇ ਰੱਦ ਕਰਨੇ, ਤੋੜਨੇ ਗੈਰ-ਸਮਾਜੀ ਗੱਲ ਗਿਣੀ ਜਾਂਦੀ ਏ, ਪਰ ਜੇ ਹਾਲਾਤ ਦਾ ਪਾਣੀ ਸਿਰੋਂ ਲੰਘ ਜਾਏ ਤਾਂ ਹੰਭਲਾ ਮਾਰ ਕੇ, ਉਤੇ ਆਉਣਾ ਵੀ ਵਿਰਲੇ ਬਹਾਦਰ ਤਾਰੂ ਦਾ ਹੀ ਕੰਮ ਹੁੰਦਾ ਹੈ । ਏਹੋ ਜਿਹੇ ਬਹਾਦਰਾਂ ਤੋਂ ਅੱਗੋਂ ਵੀ ਦਲੇਰੀ ਭਰੇ ਇਨਸਾਫ ਦੀ ਆਸ ਰੱਖੀ ਜਾ ਸਕਦੀ ਹੈ । ਸਾਨੂੰ ਪਤਾ ਏ ਕਿ ਪੰਜਾਬ ਨਾਲ ਪਿਛਲੇ ਸਮੇਂ ਵਿਚ ਬਹੁਤ ਵਧੀਕੀਆਂ ਹੋਈਆਂ ਨੇ । ਪੰਜਾਬੀ ਬੋਲੀ ਦੇ ਆਧਾਰ 'ਤੇ, ਲੂਲ੍ਹੀ ਤੇ ਲੰਗੜੀ ਪੰਜਾਬੀ ਸੂਬੀ ਦੀ ਗੱਲ, 'ਤੇ ਹੋਰ ਕਈ ਗੱਲਾਂ ਛੱਡ ਵੀ ਦੇਈਏ, ਸਿਰਫ ਪਾਣੀਆਂ ਦੀ ਗੱਲ ਹੀ ਕਰੀਏ, ਤਾਂ ਜੀ ਕੌੜਾ ਕਸੈਲਾ ਹੋਣ ਲੱਗ ਪੈਂਦਾ ਹੈ, ਪਰ ਗੱਲ ਤਾਂ ਕਰਨੀ ਹੀ ਪੈਂਦੀ ਹੈ ।

ਸਭ ਤੋਂ ਪਹਿਲਾਂ, ਇੰਦਰਾ ਗਾਂਧੀ ਦੇ ਦਬਾ ਹੇਠ, ਗਿਆਨੀ ਜ਼ੈਲ ਸਿੰਘ ਤੇ ਸ: ਦਰਬਾਰਾ ਸਿੰਘ ਨੇ, ਗਲਤ ਪਾਣੀ ਵੰਡ ਪ੍ਰਵਾਨ ਕਰ ਲਈ । ਚਾਹੀਦਾ ਤਾਂ ਇਹ ਸੀ ਕਿ ਅਕਾਲੀਆਂ ਦੀ ਬੇ-ਅਕਲੀ ਨਾਲ, ਜਦੋਂ ਪੰਜਾਬ-ਹਰਿਆਣਾ ਘਰੋਂ ਬਾਹਰੋਂ ਵੱਖਰੇ ਹੋ ਗਏ ਸਨ ਤਾਂ ਜਿਵੇਂ ਦੋ ਸੱਕੇ ਭਾਈ ਵਾਹੀਆਂ ਵੀ ਵੱਖਰੀਆਂ ਕਰਦੇ ਨੇ ਤਾਂ ਘਰ, ਕੋਠੇ, ਪਸ਼ੂ, ਭਾਂਡੇ, ਚੁੱਲੇ-ਚੌਂਕੇ, ਜੁਲੇ ਬਿਸਤਰੇ, ਜ਼ਮੀਨ ਤੇ ਪਾਣੀ ਦੀ ਵਾਰੀ ਦੀਆਂ ਢੇਰੀਆਂ ਬਣਾਉਂਦੇ ਨੇ, ਤਾਂ ਸਾਂਰਾ ਕੁਝ ਇੱਕੋ ਜਿਹਾ ਕਰਨਾ ਹੁੰਦੇ ਏ, ਜੇ ਖੇਤ ਕਿਸੇ ਨੂੰ ਮਾੜੇ ਆਏ ਹੋਣ ਤਾਂ ਬਹੁਤੇ ਦੇਣੇ ਪੈਂਦੇ ਨੇ, ਜੇ ਜ਼ਮੀਨ ਉਚੀ ਆਈ ਹੋਵੇ ਤਾਂ ਪਾਣੀ ਦੀ ਵਾਰੀ ਵੀ ਵੱਧ ਹੀ ਦੇਣੀ ਪੈਂਦੀ ਹੈ । ਵਾਜਬ ਰਸਤੇ, ਖਾਲੇ, ਹਰ ਇਕ ਨੂੰ ਦੇਣੇ ਦੀ ਬਣਦੇ ਹਨ । ਜਿਵੇਂ ਪੰਜਾਬ ਨੂੰ, ਦਿੱਲੀ ਤੇ ਹੋਰ ਸੂਬਿਆਂ ਨੂੰ ਰਸਤਾ ਦਿੱਤਾ ਗਿਆ, ਏਵੇਂ ਹੀ ਹਰਿਆਣੇ ਨੂੰ ਸਾਂਝੇ ਪੰਜਾਬ ਦੇ ਸਾਂਝੇ ਦਰਿਆਵਾਂ ਵਿਚੋਂ ਪਾਣੀ ਤੇ ਨਹਿਰਾਂ ਆਦਿ ਮਿਲਣੇ ਹੀ ਚਾਹੀਦੇ ਸਨ ,ਤੇ ਮਿਲੇ ਵੀ।

ਸ੍ਰੀਮਤੀ ਇੰਦਰਾ ਗਾਂਧੀ ਦੇ ਪੰਜਾਬੀ ਵਿਰੋਧ ਨੇ, ਵੰਡ ਵੇਲੇ, ਧੱਕੇ ਦੀ ਸਾਲਸ ਬਣਕੇ, ਬਿੱਲੀਆਂ ਦੀ ਬਾਂਦਰ ਵੰਡ ਨੂੰ ਵੀ ਮਾਤ ਕਰ ਦਿੱਤਾ । ਪਹਿਲਾਂ ਥੋੜ੍ਹੇ ਪਾਣੀ ਨੂੰ ਬਹੁਤਾ ਗਿਣ ਲਿਆ ਤੇ ਫੇਰ ਵੰਡਣ ਵੇਲੇ ਅੱਧਾ ਪਾਣੀ ਅਣ-ਮੰਗਿਆ ਤੇ ਅਣ-ਮੁੱਲਾ ਹੀ



Sri Satguru Jagjit Singh Ji eLibrary NamdhariElibrary@gmail.com

ਰਾਜਸਥਾਨ ਨੂੰ ਦੇ ਦਿੱਤਾ । ਜਿਹੜਾ, ਗੰਗਾ ਨਗਰ ਜ਼ਿਲ੍ਹੇ ਤੋਂ ਅੱਗੇ ਜਾ ਕੇ, ਟਿੱਬਿਆਂ ਨੂੰ ਸੇਮ ਕਰਨ ਬਿਨਾਂ ਕਿਸੇ ਕੰਮ ਨਹੀਂ ਆ ਰਿਹਾ । ਪਰ ਓਦੋਂ ਤਾਂ ਇੰਦਰਾ ਨੂੰ ਰਾਜਸਥਾਨ ਵਿਚ ਚੋਣਾਂ ਨੇੜੇ ਦਿਸਦੀਆਂ ਸੁਨ । ਜੇ ਤੁਸੀਂ 1966 ਵਿਚ ਸਾਨੂੰ ਵੱਖ ਨਾ ਕਰ ਦੇਂਦੇ, ਤਾਂ ਅੱਜ ਨੂੰ ਦੱਖਣੀ ਹਰਿਆਣੇ ਵਿਚ ਨੱਖਲਸਤਾਨ ਬਣਿਆ ਨਜ਼ਰ ਆਉਂਦਾ । ਖ਼ੈਰ ! ਜੋ ਬੀਤ ਗਈ ਸੋ ਬੀਤ ਗਈ, ਹੁਣ ਦੋਵੇਂ ਭਰਾ ਬਹਿਕੇ, ਨਵੇਂ ਸਿਰੇ ਪਾਣੀ ਦੀ ਵੰਡ ਕਰ ਲਈਏ । ਰਾਜਸਥਾਨ ਨੂੰ, ਇਕ ਦੋ ਜ਼ਿਲ੍ਹਿਆਂ ਜੋਗਾ ਪਾਣੀ ਮੁੱਲ ਦੇ ਕੇ ਬਾਕੀ ਦੇ ਪਾਣੀ ਨੂੰ ਅੱਧੋ-ਅੱਧ ਕਰ ਲਿਆ ਜਾਵੇ । ਸਾਨੂੰ (ਹਰਿਆਣੇ) ਨੂੰ ਬਰਾਨੀ ਇਲਾਕਾ ਬਹੁਤਾ ਮਿਲ ਗਿਆ ਏ ਇਸ ਕਰਕੇ ਪਾਣੀ ਵੀ ਬਹੁਤਾ ਹੀ ਮਿਲਣਾ ਚਾਹੀਦਾ ਹੈ ।

ਅਸੀਂ ਰਾਜਸਥਾਨੀ ਬਾਗੜੀ ਤਾਂ ਹੈ ਨਹੀਂ, ਮੀਂਹ ਪਿਆ ਤੇ ਬੀਜ ਲਈਆਂ- ਨਹੀਂ ਤੇ ਅਸਮਾਨ ਵੱਲ ਵੇਖਦੇ ਰਹੇ । ਅਸੀਂ ਤੁਹਾਡੇ ਹੀ ਭਰਾ ਭਾਈ ਹਾਂ । ਤੁਸੀਂ ਜੱਟ ਅਸੀਂ ਜਾਟ, ਫਰਕ ਸਿਰਫ ਬੋਲੀ ਦਾ ਹੀ ਹੈ, ਸੁਭਾ ਦਾ ਕੋਈ ਫਰਕ ਨਹੀਂ । ਅਸੀਂ ਤੁਹਾਨੂੰ ਰਾਹ ਖਹਿੜੇ ਤੋਂ ਨਹੀਂ ਰੋਕਦੇ, ਤੁਸੀਂ ਸਾਡੇ ਨਹਿਰਾਂ ਖਾਲੇ ਵਗਦੇ ਰਹਿਣ ਦਿਉ, ਸ਼ਰੀਕੇ ਬਰਾਦਰੀ ਵਿਚ ਇੰਜ ਹੀ ਹੁੰਦਾ ਏ । ਕੋਈ ਚੀਜ਼ ਲੈ ਲਈ ਤੇ ਕੋਈ ਦੇ ਦਿੱਤੀ । ਜੇ ਤੁਸੀਂ ਆਖੋ ਕਿ ਅਸੀਂ ਹੁਣ ਕੱਲੇ ਹੀ ਰੀਪੇਰੀਅਨ ਹੋ ਗਏ ਹਾਂ, ਤਾਂ ਇਹ ਗੱਲ ਨਹੀਂ ਜੇ ਬਣ ਸਕਣੀ, ਅਸੀਂ ਤੁਹਾਡੇ ਮਾਂ-ਜਾਏ ਸ਼ਰੀਕ ਭਰਾ ਹਾਂ, ਅਸਾਂ ਆਪਣਾ ਹਿੱਸਾ ਲਿਆਂ ਬਿਨਾਂ ਨਹੀਂ ਰਹਿਣਾ । ਜ਼ਾਤਾਂ ਸਾਡੀਆਂ ਸਾਂਝੀਆਂ, ਗੋਤਾਂ ਸਾਡੀਆਂ ਸਾਂਝੀਆਂ, ਇਤਿਹਾਸ ਸਾਡੇ ਸਾਂਝੇ, ਰਸਮੋ-ਰਿਵਾਜ਼ ਸਾਡੇ ਸਾਂਝੇ । ਹੋਰ ਤੇ ਹੋਰ ਸਾਡੀ ਤੇ ਪਰਿਵਾਰਕ ਰਾਜਧਾਨੀ ਤੇ ਹਾਈ ਕੋਰਟ ਵੀ ਸਾਂਝੇ ਹਨ । ਸਾਡੇ ਰਾਮ ਕ੍ਰਿਸ਼ਨ ਸਾਂਝੇ, ਸਾਡੇ ਨਾਨਕ-ਗੋਬਿੰਦ ਸਾਂਝੇ, ਸਾਡੀ ਜਣਨੀ ਧਰਤੀ ਭਾਰਤ ਮਾਂ ਸਾਂਝੀ, ਸਾਡੀ ਪਾਲਣਹਾਰੀ ਕਿਰਤ ਖੇਤੀ ਸਾਂਝੀ, ਫੇਰ ਸਾਡੇ ਨਦੀਆਂ ਨਾਲੇ ਕਿਵੇਂ ਵੱਖੋ-ਵੱਖਰੇ ਹੋ ਗਏ ? ਜੇ ਇਕ ਨੂੰ ਕੋਈ ਤਕਲੀਫ ਹੋ ਗਈ, ਦੂਸਰੇ ਨੂੰ ਕੋਈ ਹੋਰ ਤਕਲੀਫ ਹੋ ਸਕਦੀ ਹੈ, ਇਹ ਨਾਂ ਸੋਚ ਲਿਓ ! ਕਿ ਅਸੀਂ ਤਿਹਾਏ ਮਰ ਜਾਵਾਂਗੇ । ਇਹ ਪਾਣੀ ਤਾਂ ਰੱਬੀ ਦਾਤ ਏ, ਆਪ ਵੀ ਪੀਓ ਤੇ ਸਾਨੂੰ ਵੀ ਪੀਣ ਦਿਓ, ਵਲੀ ਕੰਧਾਰੀ ਨਾ ਬਣੋ । ਕੈਪਟਨ ਨੂੰ ਆਖੋ, ਚੌਟਾਲੇ ਨੂੰ ਸੱਦ ਕੇ, ਆਪੋ ਆਪਣੀਆਂ ਖੇਤੀਬਾੜੀ ਯੂਨੀਵਰਸਿਟੀਆਂ ਦੇ ਮਾਹਿਰਾਂ ਤੇ ਪਾਣੀ ਵਿਗਿਆਨੀਆਂ ਨੂੰ ਬਿਠਾ ਕੇ, ਜਿੰਨਾ ਪਾਣੀ ਹੈ, ਉਹਨੂੰ ਲੋੜ ਮੁਤਾਬਿਕ ਵੰਡ ਲਈਏ।ਜ਼ਿਦਬਾਜ਼ੀ ਕੀਤਿਆਂ ਕੁਝ ਵੀ ਹੱਥ ਨਹੀਂ ਆਉਂਦਾ । ਸਾਡੀ ਏਸ ਧਰਤੀ ਨੇ ਅੱਗੇ ਬੜੇ ਮਹਾਂਭਾਰਤ ਵੇਖੇ ਨੇ, ਉਨ੍ਹਾਂ ਨੂੰ ਚੇਤੇ ਕਰਕੇ ਅੱਗੋਂ ਲਈ ਕਸਮਾਂ ਖਾਈਏ ਕਿ ਹੁਣ ਕਿਸੇ ਸੜੇ 'ਸ਼ਕੁਨੀ' ਨੂੰ ਨੇੜੇ ਨਹੀਂ ਫਟਕਣ ਦਿਆਂਗੇ । ਕ੍ਰਿਸ਼ਨ ਤੇ ਨਾਨਕ ਦੀ ਸਿਖਿਆ ਜੀਂਦੀ ਜਾਗਦੀ ਸਾਡੇ ਕੋਲ ਹੈ । ਉਹਦੇ ਤੋਂ ਸੇਧ ਲੈ ਕੇ ਆਪ ਜੀਵੀਏ ਤੇ ਆਂਢ-ਗੁਆਂਢ ਨੂੰ ਜੀਣ ਦੇਈਏ । ਨਾ ਖੇਡਣਾ ਨਾ ਖੇਡਣ ਦੇਣਾ, ਵਾਲੀਆਂ ਆਦਤਾਂ ਚੰਗੀਆਂ ਨਹੀਂ ਹੁੰਦੀਆਂ ।



Sri Satguru Jagjit Singh Ji eLibrary NamdhariElibrary@gmail.com

## ਸੁਨਹਿਰੀ ਸਿਮਰਨਾ

ਦੋ ਕਾਮਰੇਡ ਲਗਦੇ ਬੰਦਿਆਂ ਨੂੰ ਸੰਤਾਂ ਦੇ ਖੁਲ੍ਹੇ ਦਾਹੜੇ ਤੇ ਲੰਮੇ ਚੋਗੇ ਵਾਲੇ ਸੇਵਕਾਂ ਨੇ, ਸਵੇਰ ਦੇ ਸੱਤ ਵਜੇ ਤੋਂ ਨੌਂ ਵਜੇ ਤਕ ਨਾ ਤੇ ਦਰਸ਼ਨ ਹੀ ਕਰਾਏ, ਨਾ ਜਾਣ ਹੀ ਦਿੱਤਾ ।

ਕਲ੍ਹ ਸ਼ਾਮ ਇਕ ਪੰਡਾਲ ਕੋਲੋਂ ਲੰਘਦਿਆਂ ਇਕ ਨੌਂ ਉਮਰੇ ਸੰਤ ਦੇ ਕੀਰਤਨ ਦਾ ਜਾਦੂ, ਸਾਡੀ ਕਾਮਰੇਡੀ ਤੋਂ ਲੰਘਦਾ ਹੋਇਆ, ਅੱਜ ਸੰਤਾਂ ਦੇ ਦਰਸ਼ਨ ਤੇ ਅਗਲੇ ਪ੍ਰੋਗਰਾਮ ਦੀ ਤਾਂਘ ਲਈ ਏਥੇ ਲੈ ਆਇਆ ਸੀ ।

ਵੱਡੇ ਸ਼ਹਿਰ ਦੇ ਅਮੀਰ ਏਰੀਏ 'ਚ ਸੁੰਦਰ ਮਟਕਣੀ ਕੋਠੀ ਮੂਹਰੇ 'ਪਰਣ ਕੁਟੀਰ' , ਭਾਵ 'ਕੱਖਾਂ ਦੀ ਕੁੱਲੀ, ਪੜ੍ਹ ਕੇ, ਸਾਡਾ ਤਰਕਸ਼ੀਲ ਮਨ, ਇਕ ਵਾਰ ਤਾਂ ਠਿਣਕਿਆ, ਕਿ ਸਾਨੂੰ ਏਥੇ ਆਉਣਾ ਨਹੀਂ ਸੀ ਚਾਹੀਦਾ, ਜੇ ਹੁਣ ਆਏ ਹਾਂ ਤਾਂ ਸੋਹਣੀ ਤਸਵੀਰ ਦਾ ਦੂਸਰਾ ਪਾਸਾ ਵੇਖਣਾ ਈ ਚਾਹੀਦਾ ਏ ।

ਦਸ ਕੁ ਵਜੇ ਸਰਕਾਰੀ ਜਾਪਦੇ ਸਰਦਾਰਾਂ ਦਾ ਜੋੜਾ ਇਕ ਸੁੰਦਰ ਕਾਰ ਚੋਂ ਉਤਰਿਆ । ਖੁੱਲੇ ਦਾਹੜੇ ਲੰਮੇ ਚੋਗੇ ਵਾਲੇ ਸੇਵਕਾਂ ਨੇ ਹੁੱਬ ਕੇ ਓਹਨਾਂ ਦਾ ਸਵਾਗਤ ਕੀਤਾ, ਓਹਨਾਂ ਨਾਲ ਸਾਨੂੰ ਵੀ ਅੱਗੇ ਨਾਲੋਂ ਚੰਗਾ ਜਲ ਪਾਣੀ ਛਕਣ ਨੂੰ ਮਿਲ ਗਿਆ, ਪਰ ਦਰਸ਼ਨਾਂ ਦਾ ਵਕਤ ਓਹਨਾਂ ਨੂੰ ਵੀ ਦੁਪਹਿਰੋਂ ਬਾਦ ਸੰਗਤ ਵਿਚ ਹੀ ਦੱਸਿਆ ਗਿਆ ।

ਦੋਹਾਂ ਸਰਦਾਰਾਂ ਨੇ ਆਪਸ ਵਿਚ ਅੱਖ ਰਲਾ ਕੇ ਇਕ ਉਚੇਚੇ ਲੰਮੇ ਚੋਗੇ ਤੇ ਖੁੱਲੇ ਦਾਹੜੇ ਵਾਲੇ ਸੇਵਕ ਨੂੰ, ਇਸ਼ਾਰੇ ਨਾਲ ਨੇੜੇ ਸੱਦ ਕੇ ਸਰਗੋਸ਼ੀ 'ਚ ਆਖਿਆ, "ਅਸੀਂ ਵਿਦੇਸ਼ੀ ਸੁਨਹਿਰੀ ਸਿਮਰਨਾ, ਸੰਤਾਂ ਵਾਸਤੇ ਸਪੈਸ਼ਲ ਬਣਵਾ ਕੇ ਲਿਆਏ ਆਂ, ਜੋ ਭੇਟਾ ਕਰਕੇ ਹੁਣੇ ਵਾਪਸ ਚਲੇ ਜਾਣਾ ਚਾਹੁੰਦੇ ਹਾਂ ।

'ਭੇਟਾ', ਦਾ ਜ਼ਿਕਰ ਸੁਣ ਕੇ ਸੇਵਕ ਨੂੰ ਤਾਂ ਜਿਵੇਂ ਖੰਭ ਉੱਗ ਪਏ ਹੋਣ । ਉਸ ਨੇ ਸਾਡੇ ਤੋਂ ਵੀ ਕੋਈ ਸੰਗ-ਸੰਕੋਚ ਨਾ ਕੀਤਾ, ਉਡਦਾ ਹੋਇਆ ਅੰਦਰ ਗਿਆ, ਅਤੇ ਆਗਿਆ ਲੈ ਕੇ ਆ ਗਿਆ । ਦੋਹਾਂ ਸਰਦਾਰਾਂ ਨਾਲ ਦਬਾ ਦਬ ਅਸੀਂ ਵੀ ਅੰਦਰ ਚਲੇ ਗਏ, ਚਿਲਕੋਰਾਂ ਮਾਰਦੀ ਚਾਂਦੀ ਦੀ ਡੱਬੀ ਚੋਂ, ਹਰੀ ਮਖ਼ਮਲ ਚ ਲਿਪਟਿਆ 'ਸੁਨਹਿਰੀ ਸਿਮਰਨਾ' , ਕਢ ਕੇ, ਜਦੋਂ ਸਰਦਾਰਾਂ ਨੇ ਸੰਤ ਜੀ ਦੇ ਹੱਥ ਪਹਿਨੌਣਾਂ ਚਾਹਿਆ, ਤਾਂ ਸੱਸੀ ਦਾਹੜੀ ਵਾਲੇ ਅਤਿ ਖ਼ੂਬਸੂਰਤ ਸੰਤ ਨੇ, ਗਦ ਗਦ ਹੋ ਕੇ ਆਪਣਾ ਗੋਰਾ ਮਲੂਕੜਾ ਹੱਥ, ਸਰਦਾਰਾਂ ਦੇ ਕੂਲੇ ਹੱਥਾਂ ਵਿਚ ਸੌਂਪ ਦਿੱਤਾ ।

************



Sri Satguru Jagjit Singh Ji eLibrary NamdhariElibrary@gmail.com

# "ਇਨ ਮਾਇਆ ...."

ਧੰਨ ਧੰਨ ਧਨ ਕੋ ਭਾਖੀਐ, ਜਾਕਾ ਜਗਤ ਗੁਲਾਮ
ਸਭ ਨਿਰਖਤ ਯਾਂ ਕੋ ਫਿਰੈ, ਸਭ ਚਲ ਕਰਤ ਸਲਾਮ

ਧਨ ਦੀ ਬਹੁਪੱਖੀ ਵਡਿਆਈ ਨੂੰ ਸਿਰਫ ਇਕ ਦੋਹਰੇ ਵਿੱਚ, ਜਿੰਨੇ ਵਧੀਆ ਢੰਗ ਨਾਲ ਸਮਰੱਥ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਿਤ੍ਰਿਆ ਹੈ, ਇਹ ਆਪਣੀ ਮਿਸਾਲ ਆਪ ਹੈ । ਜੇ ਇਸ ਦੀ ਪ੍ਰਮਾਣਾਂ ਸਹਿਤ ਵਿਆਖਿਆ ਕਰਨ ਲਗ ਜਾਈਏ, ਤਾਂ ਪੋਥਿਆਂ ਦੇ ਪੋਥੇ ਲਿਖੇ ਜਾ ਸਕਦੇ ਹਨ ।

ਪਤਾ ਨਹੀਂ ਕਿੰਨੀ ਕੁ ਅਤੇ ਕਿਵੇਂ ਦੀ ਔਕੜ ਬਣੀ ਹੋਵੇ ਦਸਮੇਸ਼ ਜੀ ਨੂੰ, ਜਿਨ੍ਹੇ ਇਹ ਸਰਬੋਤਮ ਸਤਰਾਂ ਧਨ ਬਾਰੇ ਉਹਨਾਂ ਤੋਂ ਲਿਖਵਾਈਆਂ ਹੋਣ । ਸਿਖਰਲੀ ਕਿਰਤ ਕੋਈ ਵੀ ਓਨਾ ਚਿਰ ਹੋਂਦ ਵਿੱਚ ਨਹੀਂ ਆਉਂਦੀ, ਜਿੰਨਾਂ ਚਿਰ ਰਚਨਹਾਰੇ ਨੂੰ ਉਹਦੇ ਬਾਰੇ ਨਿਜੀ ਧੂਹ ਨਾ ਪਵੇ ।

ਵਾਰਿਸ ਦੀ ਹੀਰ, ਤੁਲਸੀ ਦੀ ਰਾਮਾਇਣ, ਗੁਰੂ ਨਾਨਕ ਜੀ ਦੀ "ਤੈਂ ਕੀ ਦਰਦ ਨਾ ਆਇਆ", ਗਹਿਰੇ ਜਜ਼ਬਾਤ ਵਿੱਚੋਂ ਨਿਕਲੀ ਸੋਚ ਦੀਆਂ ਕਿਰਨਾਂ ਹੀ ਤਾਂ ਹਨ।

ਮਾਇਆ ਮਹਿਮਾ ਤੋਂ ਗੱਲ ਹੋਰ ਪਾਸੇ ਚਲੀ ਗਈ ਏ, "ਇਨ ਮਾਇਆ ਜਗਦੀਸ ਗੁਸਾਂਈ ਤੁਮਰੇ ਚਰਨ ਬਿਸਾਰੇ", ਭਾਵ ਇਹ ਇਤਨੀ ਜ਼ੋਰਾਵਰ ਏ, ਜਿਨ੍ਹੇ ਆਪਣੇ ਰਚਨਹਾਰੇ ਨੂੰ ਵੀ ਪਿੱਛੇ ਪਾ ਦਿੱਤਾ ਏ, ਕਾਟ ਕੂਟਕੇ ਡਾਰਨ ਵਾਲਾ, ਤਾਂ ਕੋਟ ਮਧੇ ਕੋਈ ਵਿਰਲਾ ਈ ਨਿਕਲਦਾ ਏ । ਤੇ ਸ੍ਰੀ ਕਬੀਰ ਜੀ ਮੁਜਬ ਵੀ, ਤੀਨ ਲੋਕ ਦੀ ਪਿਆਰੀ ਏ, ਅਤੇ ਗੱਲ ਅਸਲ ਵਿੱਚ ਓਹੋ ਈ ਹੋਂਦੀ ਏ ਜੋ 99 ਬਟਾ 99 ਪਰਸੰਟ ਹੋਵੇ ।

ਇਕ ਬੜਾ ਸੁਲਝਿਆ ਹੋਇਆ ਗੁਰ ਸਿੱਖ, ਪ੍ਰਸੰਨ ਹੋਏ ਸਤਿਗੁਰਾਂ ਤੋਂ, ਬੜੀ ਜੁਗਤ ਨਾਲ ਮੰਗ ਮੰਗਦਾ ਏ,

ਨਾਮ ਦੇਹਿ, ਧਨ ਦੇਹਿ ਨਾ ਜਨ ਕੋ
ਧਨ ਬਿਨਾ ਜਨ, ਜਗ ਨਾ ਸੁਹਾਇ ।

ਅਤੇ ਇਕ ਹੋਰ ਸਿੱਧ ਪੱਧਰਾ ਜੱਟ ਭਗਤ, ਸਿੱਧਾ ਈ ਰੱਬ ਨੂੰ ਵੰਗਾਰਨ ਲੱਗ ਪੈਂਦਾ ਏ - "ਭੂਖੇ ਭਗਤ ਨਾਂ ਕੀਜੈ, ਯਹਿ ਮਾਲਾ ਅਪੁਨੀ ਲੀਜੈ" ।

ਪਾਕਿਸਤਾਨ ਵੱਲ ਸੈਂਕੜੇ ਏਕੜ ਜ਼ਮੀਨਾਂ ਛੱਡ ਕੇ ਆਇਆ ਨੂੰ ਵੀ, ਸ੍ਰੀ ਜੀਵਨ ਨਗਰੋਂ ਮਿਲਦੇ ਹਫਤਾਵਾਰੀ ਰਾਸ਼ਨ ਤੇ ਹੀ, ਗੁਜ਼ਾਰਾ ਕਰਨਾ ਪੈ ਰਿਹਾ ਸੀ । ਇਕ ਦਿਨ ਅਚਾਨਕ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ, ਸੰਤਨਗਰ ਇਕੱਠੇ ਕੀਤੇ ਮੁਖਤਿਆਰਾਂ ਨੂੰ ਪੁਛਿਆ-ਸੁਣਾਓ ਭਾਈ ! ਤੁਹਾਡੇ ਨਿਜੀ ਲੰਗਰ ਪਾਣੀ ਦਾ ਕਿਵੇਂ ਚਲਦਾ ਏ ?"



Sri Satguru Jagjit Singh Ji eLibrary NamdhariElibrary@gmail.com

ਸਾਰੇ ਗੁਰੂ ਕਿਰਪਾ ਦਾ ਬਖਾਨ ਕਰੀ ਜਾ ਰਹੇ ਹਨ। ਇਕ ਚੁੱਪ ਜਿਹਾ ਪਿੱਛੇ ਖੜੋਤੇ, ਖੁਦਦਾਰ ਮੁਖਤਿਆਰ-ਕਮ-ਨੰਬਰਦਾਰ ਨੂੰ, ਸਤਿਗੁਰੂ ਜੀ ਨੇ ਕੁਝ ਉਚੇਚ ਨਾਲ ਪੁਛਿਆ ਤਾਂ ਓਹ ਸਨਿਮਰ ਪਰ ਸ਼ਰਧਾ-ਗੁੱਧੇ ਸ਼ਬਦਾਂ ਵਿੱਚ ਇਓਂ ਅਰਜ਼ ਗੁਜ਼ਾਰ ਹੋਇਆ

"ਪਾਤਸ਼ਾਹੋ ! ਆਪ ਜੀ ਵੱਲੋਂ ਬਖਸ਼ਿਆ ਰਾਸ਼ਨ, ਆਇਆ ਗਿਆ ਜ਼ਿਆਦਾ ਹੋਣ ਕਰਕੇ, ਦੋ ਦਿਨ ਪਹਿਲਾਂ ਹੀ ਸੰਪੂਰਨਤਾ ਪਾ ਗਿਆ। ਇਕ ਦਿਨ ਸਪਰਿਵਾਰ ਮਸਤਾਨੇ ਲੰਗਰ ਬਿਤਾ ਕੇ, ਅੱਜ ਮੇਰੀ ਸਾਥਣ ਨੇ, ਮੇਰੇ ਬਿਨ ਪੁਛਿਆਂ, ਮੇਰੇ ਘਰ ਪਏ ਆਪ ਜੀ ਦੇ ਭੜੋਲਿਆਂ ਹੇਠਲੇ, ਮਿੱਟੀ ਮਿਲੇ ਦਾਣੇ, ਧੋ ਸੁਕਾ ਹੱਥੀ ਪੀਹ ਕੇ, ਪਰਸ਼ਾਦੇ ਸਾਰੇ ਪਰਿਵਾਰ ਨੂੰ ਛਕਾਣ ਬਾਦ, ਮੈਨੂੰ ਬਾਹਰੋਂ ਆਏ ਨੂੰ ਛਕਣ ਵਾਸਤੇ ਆਖਿਆ। ਤਾਂ ਮੈਂ ਕਿਹਾ, ਦਾਣਿਆਂ ਬਿਨਾਂ ਲੰਗਰ ਕਿਵੇਂ ਤਿਆਰ ਹੋ ਗਿਆ ? ਓਹਦੇ ਸਾਰੀ ਗੱਲ ਦੱਸਣ ਤੇ ਮੈਂ ਆਖਿਆ, ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕਰਕੇ ਹੀ, ਗ੍ਰਾਹੀ ਮੂੰਹ ਪਾਵਾਂਗਾ। ਜੀਵਨ ਨਗਰ ਜਾਣ ਨੂੰ ਤਿਆਰ ਹੋਇਆ ਸਾਂ ਕਿ ਆਪ ਜੀ ਨੇ ਏਥੇ ਹੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅਮਾਨਤ ਵਿੱਚ ਖਿਆਨਤ ਦਾ ਗੁਨਾਂਹਗਾਰ ਹਾਜ਼ਰ ਆਂ, ਜੋ ਸਜ਼ਾ ਮਿਲੇ, ਖਿੜੇ ਮੱਥੇ ਮਨਜ਼ੂਰ ਏ।"

ਸ੍ਰੀ ਸਤਿਗੁਰੂ ਜੀ ਦੇ ਨੇਤਰੀਂ ਜਲ ਆ ਗਿਆ, "ਓਹੋ, ਓ ਮੇਰੇ ਸੱਚੇ ਸੁੱਚੇ ਸਾਥੀ ਸਿੱਖੋ ਬਚਿਓ ! ਮੇਰਾ ਜੀ ਕਰਦਾ ਏ ਹੁਣੇ ਤੁਹਾਡੇ ਆਰ ਬੁਖਾਰ ਭਰ ਦਿਆਂ, ਪਰ ....... ਹੇ ਤੰਗ ਦਸਤੀਏ ਤੇਰਾ ਸੱਤਿਆਨਾਸ ! ....... (ਥੋੜਾ ਰੁਕ ਕੇ) ਅੱਛਾ ! "ਆਓ ਦੱਸੋ ! ਨਾਮ ਲਿਖਾਓ, ਕਿਦ੍ਹਾਂ ਕਿਦ੍ਹਾਂ ਰਾਸ਼ਨ ਹਫਤਿਓਂ ਪਹਿਲਾਂ ਹੁਕਮ ਸੱਤ ਹੋ ਜਾਂਦਾ ਏ ?"

ਪਰ ਕਿਸੇ ਇੱਕ ਨੇ ਵੀ ਨਾਂ ਨਹੀਂ ਲਿਖਾਇਆ, ਤਾਂ ਪਾਤਸ਼ਾਹਾਂ ਫੁਰਮਾਇਆ, "ਅਸੀਂ ਲਿਸਟ ਵੇਖ ਕੇ, ਆਪ ਹੀ ਇਤੰਜ਼ਾਮ ਕਰ ਦਿਆਂਗੇ।"

***************



Sri Satguru Jagjit Singh Ji eLibrary NamdhariElibrary@gmail.com

# ਬਾਰ੍ਹਵੀਂ

ਸੰਨ 1940-41 ਦਾ ਸਮਾਂ ਸੀ । ਪਹਿਲੇ ਸਵਾ ਲੱਖ ਪਾਠਾਂ ਦਾ ਪ੍ਰਵਾਹ ਬੜੇ ਜ਼ੋਰ ਸ਼ੋਰ ਨਾਲ ਚੱਲ ਰਿਹਾ ਸੀ ।

ਇਸ ਸਮੇਂ, ਭੈਣੀ ਸਾਹਿਬੋਂ ਵਹਿਮੀ ਜੀ ਦੇ ਜ਼ਿੰਮੇ, ਚੌਂਹ ਰਾਗਾਂ 'ਭੈਰਉ-ਬਸੰਤ-ਸਾਰੰਗ-ਮਲਾਰ' ਦੇ ਪੱਤਰੇ ਲਾਏ ਗਏ । ਕਈ ਪਿੰਡਾਂ ਵਿਚ ਫਿਰ ਕੇ, ਪੱਤਰੇ ਵੰਡ ਕੇ, ਪਾਠ ਕਰਨ ਦੀ ਮਰਿਆਦਾ ਸਮਝਾਈ ਗਈ । ਯਾਦ ਨਾ ਰਹਿਣ ਪਾਰੋਂ, ਸਾਰੀ ਜੁਗਤ ਲਿਖ ਕੇ ਦਿੱਤੀ ਗਈ । ਦੋ ਮਹੀਨੇ ਤੱਕ ਦਸ ਪਾਠ ਰੋਜ਼ ਕਰਨੇ, ਸਵੇਰੇ ਇਸ਼ਨਾਨ ਕਰਕੇ ਇਕ ਥਾਂ ਬੈਠ ਕੇ ਪਾਠ ਕਰਨਾ । ਜੇ ਸਵੇਰੇ ਵਕਤ ਨਾ ਮਿਲੇ-ਦਿਨੇ ਕਿਸੇ ਵੇਲੇ ਪੰਜ ਇਸ਼ਨਾਨਾ ਕਰ ਕੇ ਬੈਠ ਜਾਣਾ । ਜਦੋਂ ਪੱਤਰਾ ਕੰਠ ਹੋ ਜਾਇ, ਤੁਰਦੇ ਫਿਰਦੇ, ਪਰ ਜੋੜਾ ਲਾਹ ਕੇ, ਪਾਠ ਕਰਨਾ । ਦੋ ਮਹੀਨੇ ਬਾਦ, ਪੰਜੀ ਪਾਠ ਰੋਜ਼ਾਨਾ, ਇੱਕ ਸਾਲ ਤੱਕ ਨਾਗਾ ਨਹੀਂ ਪਾਣਾ । ਇਸ ਮਰਿਆਦਾ ਨੂੰ, ਠੀਕ ਚਲਦੀ ਵੇਖਣ ਵਾਸਤੇ ਫੇਰਾ ਮਾਰਦਿਆਂ ਰਹਿਣਾ ਪੈਂਦਾ ।

ਇਸ ਕੰਮ ਵਿਚ ਵਹਿਮੀ ਜੀ ਦੇ ਸਾਥੀ ਜਥੇਦਾਰ ਗੁਰਬਚਨ ਸਿੰਘ, ਮਾਨ ਸਿੰਘ, ਵਧਾਵਾ ਸਿੰਘ, ਨੇੜਲੇ ਪਿੰਡ ਪਿਪਲੀ ਵਾਲਾ ਦਾ ਅਮਰ ਸਿੰਘ ਆਦਿ ਵਾਰੀ-ਵਾਰੀ ਨਾਲ ਤੁਰਦੇ । ਇਸ ਤਰ੍ਹਾਂ ਇਹਨਾਂ ਸਾਰੇ ਜਣਿਆਂ ਨਾਲ, ਵਹਿਮੀ ਜੀ ਨੇ ਸਲਾਹ ਕੀਤੀ ਕਿ ਬਾਰ੍ਹਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਵਾਸਤੇ ਸਵਾ ਲੱਖ ਪਾਠ ਕੀਤੇ ਜਾ ਰਹੇ ਹਨ, ਕਿਉਂ ਨਾ ਹਰ ਦੇਸੀ ਮਹੀਨੇ ਦੀ 'ਬਾਰ੍ਹਵੀਂ' ਸੰਗਤ ਇਕੱਠੀ ਹੋ ਕੇ,ਬਾਰ੍ਹਵੇਂ ਸਤਿਗੁਰੂ ਨੂੰ ਯਾਦ ਕਰਿਆ ਕਰੇ । ਜਿਦੇ ਵਿੱਚ ਪਾਠ ਕਰਨ ਵਾਲੇ ਜ਼ਰੂਰ ਆਇਆ ਕਰਨ । ਇਸ ਪੱਜ ਹੋਰ ਸੰਗਤ ਨੂੰ ਪ੍ਰੇਰ ਕੇ, ਇਸ ਪਾਸੇ ਲਾਣ ਦਾ ਜਤਨ ਕੀਤਾ ਜਾਇ । ਸਾਰਿਆਂ ਬੜਾ ਵਧੀਆ ਹੁੰਗਾਰਾ ਭਰਿਆ, ਤਾਂ ਪਹਿਲੀ 'ਬਾਰ੍ਹਵੀਂ' ਵਹਿਮੀ ਜੀ ਦੇ ਘਰ, ਇਕੱਠਿਆਂ ਹੋਣ ਦਾ ਨਿਰਨਾ ਹੋਇਆ ।

ਇਸ ਦਿਨ, ਸਾਰੇ ਹਿੰਦੂ ਚੱਕ ਦੇ ਨਾਮਧਾਰੀ ਅਤੇ ਕਾਫ਼ੀ ਸਾਰੇ ਹੋਰ ਸਜਣ ਮਿੱਤਰ ਵੀ, ਸਾਡੇ ਘਰ ਦਰਸ਼ਨ ਦੇਣ ਆਏ, ਜਿਨ੍ਹਾਂ ਵਿਚ ਬੀਬੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ । ਇਹਨਾਂ ਪਾਠਾਂ ਵਿਚ, ਸਿੰਘਾਂ ਨਾਲੋਂ ਸਿੰਘਣੀਆਂ, ਖ਼ਾਸ ਕਰ ਲੜਕੀਆਂ ਨੇ, ਬਹੁਤਾ ਹਿੱਸਾ ਪਾਇਆ । ਇਸੇ ਸਮੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਜਾਬੀ ਦੀ ਪੜ੍ਹਾਈ ਵਾਸਤੇ, ਹਰ ਨਾਮਧਾਰੀ ਨਗਰ ਵਿਚ, ਪੇਂਡੂ ਸਕੂਲ ਖੋਲ੍ਹੇ ਹੋਏ ਸਨ, ਜੋ ਕਿ ਸ੍ਰੀ ਭੈਣੀ ਸਾਹਿਬ ਹੁਕਮ ਨਾਮਿਆਂ ਦੀ ਕਥਾ ਵਿਚ, ਵਡੇ ਸਤਿਗੁਰਾਂ ਵੱਲੋਂ ਆਏ 'ਹੁਕਮ' ਦੀ ਪੂਰਤੀ ਹਿਤ, ਚਾਲੂ ਕੀਤੇ ਗਏ ਸਨ । ਅਸੀਂ ਪੁਰਾਣੇ, ਪੇਂਡੂ ਨਾਮਧਾਰੀ, ਬਹੁਤੇ ਏਸੇ ਕਰ



Sri Satguru Jagjit Singh Ji eLibrary NamdhariElibrary@gmail.com

ਕੇ ਸਿਰਫ਼ ਪੰਜਾਬੀ ਤੱਕ ਹੀ ਸੀਮਿਤ ਰਹਿ ਗਏ ਹਾਂ ਕਿ ਅਸਾਂ ਅੰਗਰੇਜ਼ੀ ਸਕੂਲਾਂ ਦਾ ਬਾਈਕਾਟ ਕੀਤਾ ਹੋਇਆ ਸੀ। ਸਾਡੇ ਨਿੱਜੀ ਡੇਰੇ ਵਿੱਚ, ਜਿਸਨੂੰ 'ਕੂਕਿਆਂ ਦਾ ਗੁਰਦੁਆਰਾ' ਆਖਿਆ ਜਾਂਦਾ ਸੀ, ਪਿੰਡ ਦੇ ਮੁੰਡਿਆਂ ਨੂੰ ਪੜ੍ਹਾਣ ਦੀ ਡਿਊਟੀ, ਬਾਪੂ ਜੀ ਨੇ ਮੇਰੀ ਲਾਈ ਹੋਈ ਸੀ। ਮੇਰੇ ਕੋਲ ਨਾਮਧਾਰੀ, ਖੁਲ੍ਹੇ ਸਿੱਖ, ਹਿੰਦੂ, ਮੁਸਲਮਾਨ, ਤੇ ਇਸਾਈਆਂ ਦੇ ਮੁੰਡੇ ਵੀ ਪੜ੍ਹਦੇ ਸਨ। ਬਹੁਤੇ ਮੇਰੇ ਤੋਂ ਵੱਡੇ ਹੁੰਦੇ ਸਨ। ਕਿਉਂ ਜੋ, ਮੈਂ ਤਾਂ ਨੌ ਦਸ ਵਰ੍ਹੇ ਦੀ ਉਮਰ ਵਿਚ ਖੁਲ੍ਹਿਆਂ ਘਰ ਚਲਦੇ ਅਖੰਡ ਪਾਠਾਂ ਵਿਚ, ਰੌਲ ਲਾ ਲੈਂਦਾ ਸਾਂ। ਪਿੰਡ ਦੀਆਂ ਬੀਬੀਆਂ ਮੇਰੇ ਤੋਂ ਵੱਡੇ ਭੈਣ ਹਰਬੰਸ ਕੌਰ ਜੀ ਕੋਲ, ਸਾਡੇ ਘਰ ਨਿੱਤ ਆ ਕੇ ਪੜ੍ਹਦੀਆਂ।

ਮੁੰਡਿਆਂ ਨਾਲੋਂ ਕੁੜੀਆਂ ਵਿਚ ਪੜ੍ਹਨ ਦਾ ਬਹੁਤਾ ਚਾਅ ਹੁੰਦਾ ਸੀ। ਏਸੇ ਕਰ ਕੇ ਬਹੁਤ ਬੀਬੀਆਂ, ਪੰਜ ਗ੍ਰੰਥੀ ਤੋਂ ਬਾਦ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨ ਯੋਗ ਹੋ ਗਈਆਂ। ਪਰ ਮੇਰੇ ਸ਼ਾਗਿਰਦ ਬੇਲੀ ਬਹੁਤੇ 'ਬਾਲ ਸਿੱਖਿਆ' ਜੋ ਮਾਸਟਰ, ਨਿਹਾਲ ਸਿੰਘ ਜੀ ਦਾ ਲਿਖਿਆ ਭੈਣੀ ਸਾਹਿਬੋਂ ਛੱਪ ਕੇ ਆਉਂਦਾ ਸੀ ਤੋਂ ਅੱਗੇ, ਥੋੜ੍ਹੇ ਜਹੇ ਕਿੱਸੇ ਪੜ੍ਹਨ ਤੱਕ ਹੀ ਰਹਿ ਗਏ। ਹਾਂ, ਇਕ ਈਸਾਈਆਂ ਦਾ ਮੁੰਡਾ 'ਰਹਿਮਤ' ਪੰਜ ਗ੍ਰੰਥੀ ਦਾ ਵਧੀਆ ਪਾਠੀ ਹੋ ਗਿਆ। ਸਾਡੇ ਪਿੰਡ, ਦੂਜੇ ਚੌਥੇ ਕੋਈ ਨਾ ਕੋਈ ਜਥੇਦਾਰ ਆਇਆ ਰਹਿੰਦਾ। ਦੀਵਾਨ ਵਿਚ 'ਰਹਿਮਤ' ਮੇਰੇ ਨਾਲ ਬੈਠ ਕੇ ਛੈਣੇ ਵਜਾਂਦਾ, ਅਤੇ ਇਸ ਨੂੰ ਖਲਿਹਾਰ ਕੇ ਇਕ ਸ਼ਬਦ ਜ਼ਰੂਰ ਸੁਣਿਆਂ ਜਾਂਦਾ। ਇਸਦੀ ਆਵਾਜ਼ ਤੇ ਕੁਦਰਤੀ ਸੁਰ ਗਿਆਨ, ਇਸ ਦੇ ਸਨਮਾਨ ਦਾ ਕਾਰਨ ਸਨ। ਬਾਪੂ ਜੀ ਲਾਡ ਨਾਲ ਇਸ ਨੂੰ, ਰਹਿਮਤ ਸਿੰਘ ਜਾਂ ਰਹਿਮਤ ਬੇਟਾ ਕਹਿੰਦੇ।

ਇਹ ਪਹਿਲੀ ਬਾਰ੍ਹਵੀਂ ਸੌਣ ਜਾਂ ਭਾਦਰੋਂ ਮਹੀਨੇ ਦੀ ਜਾਪਦੀ ਹੈ। ਕਿਉਂ ਜੋ ਉਸ ਦਿਨ ਥੋੜ੍ਹੀ ਕਿਣਮਿਣ ਹੋਈ ਸੀ। ਔੜ ਬਾਦ, ਮੀਂਹ ਦੀ ਆਮਦ ਨੂੰ 'ਬਾਰ੍ਹਵੀਂ' ਦੀ ਖੁਸ਼ੀ ਨਾਲ ਜੋੜਿਆ ਗਿਆ। ਖੀਰ ਤੇ ਪੂੜੇ ਸੰਗਤ ਨੂੰ ਛਕਾਏ ਗਏ। ਅਗਲੀ ਬਾਰ੍ਹਵੀਂ ਜਥੇਦਾਰ ਗੁਰਬਚਨ ਸਿੰਘ ਨੇ ਅਰਜ ਕਰ ਕੇ, ਆਪਣੇ ਨਵੇਂ ਬਣ ਰਹੇ ਮਕਾਨਾਂ ਦੀ ਚੱਠ ਵਾਸਤੇ ਮੰਗ ਲਈ। ਵਹਿਮੀ ਜੀ ਨੇ ਸਲਾਹ ਦਿੱਤੀ, ਹੋਰ ਨਗਰਾਂ ਦੇ ਨਾਮਧਾਰੀਆਂ ਨੂੰ ਵੀ ਅਰਜ਼ ਕੀਤੀ ਜਾਏ। ਉਦੋਂ ਤੱਕ ਸਾਡੇ ਛੋਟੇ ਜਹੇ ਪਿੰਡ ਵਿਚ, ਇੱਕੋ ਜੋੜਾ ਸਾਈਕਲਾਂ ਦਾ ਇਹਨਾਂ ਕੋਲ ਸੀ। ਇੱਕ 'ਰੈਲੇ' ਇੱਕ 'ਹਿੰਦ'। ਦੂਜੇ ਦਿਨ ਦੋਵੇਂ ਸਵਾਰ ਹੋ ਕੇ ਪਿਪੱਲੀ ਵਾਲਾ, ਸਹਿੰਸਰਾ ਗੁਰਾਇਆਂ, ਜੰਡਿਆਲਾ, ਮੇਲੋ ਕੇ, 'ਚੱਕ ਰਮਦਾਸ-ਜੋ ਰੂਸ ਤੱਕ ਸੁਹਿਸੁਭਾ ਰੇ... ਮਾਰਨ ਵਾਲੇ ਜੋਧੇ ਸਫ਼ਰੀ ਗੁਰਚਰਨ ਸਿੰਘ ਵਿਰਕ ਦਾ ਪਿੰਡ ਸੀ, ਸਾਰੇ ਪਿੰਡਾਂ ਵਿਚ ਅਰਜ਼ਾਂ ਕਰ ਕੇ ਸ਼ਾਮ ਨੂੰ ਮੁੜ ਆਏ।

'ਬਾਰ੍ਹਵੀਂ' ਤੋਂ ਦੋ ਕੁ ਦਿਨ ਪਹਿਲਾਂ, ਕੁਦਰਤੋਂ ਹੀ ਸਾਡੇ ਇਲਾਕੇ ਦੇ ਸੂਬਾ ਅਰੂੜ ਸਿੰਘ ਜੀ ਬੌਰਿਆਂ ਵਾਲੇ ਜਥੇ ਸਮੇਤ ਆ ਗਏ। ਰਿਵਾਜ ਮੁਤਾਬਕ ਜਥੇ ਨੇ ਰੜੀ ਵਿਚ ਤਾਂਗਿਆਂ ਤੋਂ ਉਤਰ ਕੇ ਸਾਜ ਵਜਾਣੇ ਸ਼ੁਰੂ ਕਰ ਦਿੱਤੇ। ਸਾਡੇ ਬਾਗ ਵਾਲੇ ਖੂਹ, ਤੇ



Sri Satguru Jagjit Singh Ji eLibrary NamdhariElibrary@gmail.com

ਪਿੰਡ ਵਿਚਾਲੇ ਇਕ ਖੁੱਲ੍ਹਾ ਜਿਹਾ ਮੈਦਾਨ ਸੀ ਜਿਸ ਨੂੰ 'ਰੜੀ' ਆਖਿਆ ਜਾਂਦਾ। ਢੋਲਕ ਤੇ ਧੱਫਾ ਵੱਜਦਿਆਂ ਲੋਕ ਔਣੇ ਸ਼ੁਰੂ ਹੋ ਗਏ। ਵਾਜਾ ਵਜਾਣ ਵਾਲੇ ਤੇਜਾ ਸਿੰਘ ਜੀ ਲਾਲੇ ਪੁਰੀਏ, ਕਾਲੇ ਮੋਤੀ, ਗੁਣਾਂ ਦੇ ਗੁਥਲੇ, ਜਦੋਂ ਸੁਰਾਂ ਛੇੜਦੇ, ਬੱਚੇ ਬੁਢਿਆਂ ਦੇ ਮਨਾਂ 'ਚ ਲੂਹਰੀਆਂ ਉਠ ਪੈਂਦੀਆਂ। ਸੰਤਾਂ ਸਿੰਘ 'ਛਾਕਾਂ' ਦੇ ਧੱਫੇ ਸਿੱਧੇ ਕਾਲਜੇ ਤੇ ਪੈਂਦੇ। ਸੂਬਾ ਜੀ ਦੀ ਰਸਭਿੰਨੀ ਉਚੀ ਸੁਰ ਮਸਤੀਆਂ ਵੰਡਦੀ। ਸ਼ਬਦ ਆਇਆ 'ਘਰ ਆਏ ਸੰਤ ਪ੍ਰਾਹੁਣੋਂ ਸੋਹੇ ਬੰਕ ਦੁਆਰੇ ਨੇ'। ਜਥਾ ਸੁਤੇ ਸਿੱਧ ਸਾਡੇ ਘਰ ਵੱਲ ਨੂੰ ਹੋ ਤੁਰਿਆ ਜੋ ਥੋੜ੍ਹਾ ਦੁਰੇਡਾ ਸੀ। ਖੂਹ ਤੇ ਵਹਿਮੀ ਜੀ ਕੋਲ ਜਥੇਦਾਰ ਜੀ ਅਤੇ ਕੁਝ ਹੋਰ ਸੱਜਣ ਬੈਠੇ ਸਨ। ਵਹਿਮੀ ਜੀ ਖੁਸ਼ੀ ਭਰੇ ਰੌਂਅ ਵਿਚ ਕਹਿਣ ਲੱਗੇ "ਲੌ ਜਥੇਦਾਰ ਜੀ! ਤੁਹਾਡੀ ਬਾਰ੍ਹਵੀਂ ਦਾ ਮੇਲਾ ਤਾਂ ਭਰ ਗਿਆ ਜੇ।" ਅਗੋਂ ਜਥੇਦਾਰ ਜੀ ਨੇ ਵਕਤ ਸੰਭਾਲਦਿਆਂ ਕਿਹਾ "ਚਲੋ ਭਰਾ ਜੀ ਅਰਜ਼ ਕਰੀਏ! ਜਥਾ ਏਸੇ ਤਰ੍ਹਾਂ ਅੱਜ ਨੇੜੇ-ਸਾਡੇ ਘਰ ਚਰਨ ਪਾਣ ਦੀ ਕਿਰਪਾ ਕਰੇ।" ਦੋਹਾਂ ਨੇ ਅੱਗੇ ਆ ਕੇ ਚਰਨ ਬੰਦਨਾਂ ਕਰਕੇ ਬੇਨਤੀ ਕੀਤੀ ਕਿ ਸੂਬਾ ਜੀ! ਐਥੇ ਜਥੇਦਾਰ ਦੇ ਨਵੇਂ ਬਣੇ ਘਰ ਵੱਲ ਮੋੜਾ ਪਾਓ!

ਜਥੇਦਾਰ ਦੌੜ ਕੇ ਪਹਿਲਾਂ ਘਰ ਪੁੱਜ ਗਿਆ। ਵਹਿਮੀ ਜੀ ਜਥੇ ਨੂੰ ਅੱਗੇ ਲੱਗ ਕੇ ਗਲੀਆਂ ਵਿਚੋਂ ਦੀ, ਚਾਰ ਪੰਜ ਪੌੜੀਆਂ ਉਚੇ ਬਣੇ ਘਰ ਵਿਚ ਲੈ ਅੱਪੜੇ। ਸ਼ਬਦ ਸੰਪੰਨ ਹੋਣ ਬਾਦ, ਜਥੇ ਦੀ ਖੋਏ ਦੁੱਧ ਨਾਲ ਸੇਵਾ ਕੀਤੀ ਗਈ। ਫਿਰ ਦੋ ਕੁ ਸੇਰ ਬਦਾਮ, ਖਸਖਾਸ-ਮਗਜ਼ ਵਗੈਰਾ ਦੇ ਕੇ, ਸਰਦਾਈ ਛਕਣ ਦੀ ਅਰਜ਼ ਕੀਤੀ। ਸਾਰੇ ਜਥੇ ਨੂੰ, ਸੋਧੀ ਹੋਣ ਕਰ ਆਪਣੀ ਸੇਵਾ ਆਪ ਹੀ ਕਰਨੀ ਪੈਂਦੀ। ਗਿਰੀਆਂ ਸ਼ਾਇਦ ਨਾ ਮਿਲਦੀਆਂ ਹੋਣ, ਸਾਡੇ ਦੋਹਾਂ ਘਰਾਂ ਵਿਚ, ਬਦਾਮਾਂ ਦੇ ਤੋੜੇ ਭਰੇ ਮਿਲਦੇ। ਸਾਡੀਆਂ ਜੇਬਾਂ ਵਿਚ ਬਦਾਮ ਖੜਕਦੇ ਰਹਿਣੇ। ਰਾਤ ਨੂੰ ਜਥੇਦਾਰ ਦੇ ਕੋਠੇ ਉਤੇ, ਜੋ ਸਾਰੇ ਪਿੰਡ ਚੋਂ ਉਚਾ ਸੀ, ਦੀਵਾਨ ਸ਼ੁਰੂ ਹੋ ਗਿਆ। ਕੋਠੋ ਕੋਠੀ ਸਾਰਾ ਪਿੰਡ ਕੱਠਾ ਹੋ ਗਿਆ।

ਪਿੰਡ ਵਿਚ ਖੁੱਲੇ ਲੋਕ ਬਹੁਤੇ ਸਨ, ਪਰ ਸਾਰੇ ਕੂਕਿਆਂ ਦੀ ਢੋਲਕੀ ਦੇ ਆਸ਼ਕ ਸਨ। ਦੀਵਾਨ ਬਾਦ ਆਖਿਆ ਗਿਆ, ਕਲ੍ਹ ਦਿਨੇ ਦੀਵਾਨ ਬਾਗ ਵਾਲੇ ਖੂਹ ਤੇ ਡੇਰੇ ਚ ਲੱਗੇਗਾ। ਪਰਸੋਂ 'ਬਾਰ੍ਹਵੀ' ਜਥੇਦਾਰ ਜੀ ਦੇ ਘਰ -ਸੰਗਤ ਦਰਸ਼ਨ ਦੇਣ ਦੀ ਕਿਰਪਾ ਕਰੇ।

ਬਾਰ੍ਹਵੀਂ ਦਾ ਦਿਨ ਬੱਦਲਾਂ ਭਰਿਆ ਸੀ। ਸ਼ਾਮ ਦਾ ਲੰਗਰ ਛਕ, ਜਥੇ ਨੇ ਕੋਠੇ ਤੇ ਢੋਲਕ ਖੜਕਾ ਦਿੱਤੀ। ਹੋਰ ਪਿੰਡਾਂ ਤੋਂ ਸੰਗਤ ਔਣ ਕਰ ਕੇ ਮੇਲਾ ਭਰ ਗਿਆ। ਸੂਬਾ ਜੀ ਨੇ ਧਾਰਨਾਂ ਛੋਹੀ "ਸਾਧ ਸੰਗਤ ਮਿਲ ਗਾਂਵਦੇ" ਜਥਾ ਚੰਗਾ ਕੜਮਾਲਿਆ ਹੋਇਆ ਸੀ, ਪਹਿਲੇ ਹੱਲੇ ਨਾਲ ਹੀ ਮਸਤੀ ਛਾ ਗਈ। ਸਾਰਾ ਪਿੰਡ ਘਰਾਂ ਚੋਂ ਨਿਕਲ ਕੋਠਿਆਂ ਤੇ ਆ ਗਿਆ। ਪੁਰੇ ਦੀ ਹਵਾ ਨਾਲ ਫੂਰ ਪੈਣ ਲੱਗੀ ਤਾਂ ਸੰਤਾ ਸਿੰਘ ਨੇ ਢੋਲਕ ਬੰਨ੍ਹਣੀ ਚਾਹੀ। ਦੂਸਰੇ ਕੋਠਿਆਂ ਤੋਂ ਵਾਜਾਂ ਔਣ ਲੱਗ ਪਈਆਂ "ਜਦੋਂ ਅਸੀਂ ਨਹੀਂ ਹਿੱਲਦੇ, ਤੁਸੀਂ ਦੀਵਾਨ



Sri Satguru Jagjit Singh Ji eLibrary NamdhariElibrary@gmail.com

ਬੰਦ ਨਾ ਕਰੋ !" ਦੋ ਜਣਿਆਂ ਢੋਲਕ ਵਾਜੇ ਤੇ ਖੇਸ ਤਾਣ ਲਿਆ । ਥੋੜੀਆਂ ਕਣੀਆਂ ਬਾਦ ਟਿਕਟਿਕਾ ਹੋ ਗਿਆ । ਢਲੀ ਰਾਤ ਦੀਵਾਨ ਦੇ ਭੋਗ ਬਾਦ ਸੰਗਤ ਨੂੰ ਰੱਜਵਾਂ ਕੜਾਹ ਪ੍ਰਸਾਦ ਵੰਡਿਆ । ਚੱਕ ਰਮਦਾਸ ਵਾਲਿਆਂ, ਅਗਲੀ ਬਾਰ੍ਹਵੀਂ ਦੀ ਬੇਨਤੀ ਕੀਤੀ, ਜੋ ਥੋੜ੍ਹੇ ਸਲਾਹ ਮਸ਼ਵਰੇ ਪਿਛੋਂ ਪਰਵਾਨ ਹੋ ਗਈ । ਸੂਬਾ ਜੀ ਨੇ ਸੁਝਾਉ ਰੱਖਿਆ ਕਿ ਬਾਰ੍ਹਵੇਂ ਗੁਰਾਂ ਦੀ 'ਬਾਰ੍ਹਵੀ' , ਦਿਨੇ ਬਾਰਾਂ ਵਜੇ ਹੋਣੀ ਚਾਹੀਦੀ ਹੈ । ਰਾਤ ਨੂੰ ਸੰਗਤ ਨੂੰ ਗਰਮੀ, ਸਰਦੀ ਬਾਰਸ਼ ਤੋਂ ਮੁਸ਼ਕਲ ਬਣ ਸਕਦੀ ਹੈ । ਵਿਚਾਰ ਗੋਚਰਾ ਰਖਿਆ ਗਿਆ । ਪਰ ਕਈ ਪਿੰਡਾਂ ਵਿਚ ਜਾਣ ਕਰ ਓਧਰ 'ਬਾਰ੍ਹਵੀ' ਰਾਤ ਨੂੰ ਹੀ ਮੰਨੀਦੀ ਰਹੀ ।

ਭਾਰਤ ਆ ਕੇ, ਅਸਾਂ ਦਸ ਵਰ੍ਹੇ ਸੰਤ ਨਗਰ ਨਿਵਾਸ ਰੱਖਿਆ । ਸਾਧ ਸੰਗਤ ਦਾ ਬਹੁਤ ਪ੍ਰਵਾਹ ਹੋਣ ਕਰ, 'ਬਾਰ੍ਹਵੀਂ ਦਾ ਚੇਤਾ ਭੁੱਲਿਆ ਰਿਹਾ । ਕੁਝ ਬਾਪੂ ਜੀ ਨੂੰ ਮੁਖਤਿਆਰੀ , ਨੰਬਰਦਾਰੀ, ਜੱਸ ਜੀਵਨ ਅਤੇ ਖ਼ਾਸ ਕਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿੱਜੀ ਨੇੜ ਨੇ, ਏਨਾਂ ਮਖ਼ਮੂਰ ਕੀਤੀ ਰੱਖਿਆ ਕਿ ਹੋਰ ਕੁਝ ਸੁੱਝਿਆ ਈ ਨਾ ।

ਏਥੇ ਬੁੱਢੀ ਮਾੜੀ (ਰਾਮਪੁਰ ) ਆ ਕੇ ਨਵੇਂ ਥਾਂ ਦੇ ਮਸਲਿਆਂ ਵਿਚ ਰੁੱਝ ਗਏ । ਪਹਿਲਾਂ ਸਾਰੀ ਜ਼ਮੀਨ ਬਾਪੂ ਜੀ ਦੇ ਨਾਂ ਸੀ । ਪਾਕਿਸਤਾਨੋਂ ਔਣ ਲਗਿਆਂ ਵੱਡੀ ਮਾਲਕੀ ਨੂੰ ਬਹੁਤ 'ਕਾਟ' ਲੱਗੀ ਸੀ । ਹੁਣ ਫੇਰ ਭਾਰਤ ਸਰਕਾਰ ਨੇ 'ਕੱਟ' ਲਾਣ ਦੇ ਮਨਸੂਬੇ ਤਿਆਰ ਕੀਤੇ । ਸੰਤ ਨਗਰੋਂ ਸਾਰੀ ਪੈਲੀ ਵੇਚ ਕੇ ਏਥੇ ਚੌਹਾਂ ਭਰਾਵਾਂ ਦੇ ਨਾਂ ਖਰੀਦ ਕੇ 'ਕੱਟ' ਤੋਂ ਬਚਾ ਕਰ ਲਿਆ ।

5-6 ਭਾਦਰੋਂ ਸੰਨ 1959, ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿਛੋੜੇ ਨੇ, ਬਾਪੂ ਜੀ ਨੂੰ ਬਹੁਤ ਉਪ੍ਰਾਮ ਕਰ ਦਿੱਤਾ । ਕਹਿਣ ਲੱਗੇ, ਸਾਰੇ ਕੰਮ ਸੰਭਾਲੋ ! ਮੇਰਾ ਵੀ ਹੁਣ ਕੋਈ ਪਤਾ ਨਹੀਂ .... ਮੈਂ ਜੱਸ ਜੀਵਨ ਸਿਰੇ ਲਾ ਸੱਕਾਂ, ਤਾਂ ਏਹੀ ਬਹੁਤ ਹੈ । ਦਿਨ ਰਾਤ ਲੱਗ ਕੇ, ਕੱਚੀਆਂ ਕਾਪੀਆਂ ਚੋਂ ਰਜਿਸਟਰਾਂ ਤੇ ਚਾੜ੍ਹਿਆ । ਫਿਰ ਤੀਜੀ ਵਾਰ-ਪ੍ਰੈਸ ਵਿਚ ਦੇਣ ਵਾਸਤੇ ਲਿਖਿਆ । ਬਹੁਤੀ ਖੇਚਲ ਤੋਂ ਨਜ਼ਰ ਕਮਜ਼ੋਰ ਹੋ ਗਈ । ਕਿਤੇ ਔਣ-ਜਾਣ ਘਟ ਗਿਆ .... ਮੇਲੀ, ਗੇਲੀ, ਸਾਧੂ ਆ ਕੇ ਮਿਲ ਜਾਇਆ ਕਰਨ ।

ਜਿੱਥੇ ਦੋ ਚਾਰ ਸਰੀਰਾਂ ਇਕਠਿਆਂ ਹੋਣਾ, ਸੱਜਰੇ ਵਿਛੱੜੇ ਸੱਜਣ ਦੇ ਕੀਰਨੇਂ ਕਰੀ ਜਾਣਾ । ਇਸ ਗੱਲ ਨੂੰ ਮਹਿਸੂਸ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੁਰਾਣੇ ਸਿੱਖਾਂ ਨਾਲ ਮੇਲ ਜੋਲ ਵਧਾਇਆ । ਤਾਂ ਸੱਜਰੇ ਵਿਛੋੜੇ ਦੀ ਕਸਕ ਮੱਧਮ ਪੈਣੀ ਸ਼ੁਰੂ ਹੋ ਗਈ । ਪੁਰਾਣੇ ਬਿਰਹੋਂ ਨੇ ਸਿਰ ਚੁੱਕਣਾ ਸ਼ੁਰੂ ਕੀਤਾ । ਇਕ ਦਿਨ ਵਹਿਮੀ ਜੀ ਕੋਲ ਸੰਤ ਮੱਘਰ ਸਿੰਘ ਜੀ ਖਾਰੇ ਵਾਲੇ, ਬਾਬਾ ਜਗਤ ਸਿੰਘ ਜੀ ਭਿੱਖੀ, ਜਥੇਦਾਰ ਕਰਤਾਰ ਸਿੰਘ ਜੀ ਜੱਲਣ, ਸੰਤ ਕਰਤਾਰ ਸਿੰਘ ਜੀ ਲਾਲੇਪੁਰੀ (ਸਾਡੇ ਫੁੱਫੜ ਜੀ, ਮਾ. ਅਮਰੀਕ ਸਿੰਘ ਦੇ ਪਿਤਾ ਸ੍ਰੀ) ਆਦਿ ਸਾਧਾਂ ਮਿਲ ਬਹਿਣ ਦਾ ਵਸੀਲਾ ਸੋਚਿਆ । ਤਾਂ ਵਹਿਮੀ ਜੀ ਨੇ 'ਬਾਰ੍ਹਵੀ' ਬਾਰੇ ਵਿਚਾਰ ਪੇਸ਼ ਕੀਤਾ, ਜੋ ਸਭ ਦੇ ਪਸੰਦ ਆਇਆ ।



Sri Satguru Jagjit Singh Ji eLibrary NamdhariElibrary@gmail.com

ਸਵਰਗੀ ਸੂਬਾ ਅਰੂੜ ਸਿੰਘ ਜੀ ਦਾ ਸੁਝਾ ਚੇਤੇ ਆਇਆ ਕਿ ਦਿਨੋਂ ਇੱਕਠ
ਹੋਇਆ ਕਰੀਏ । ਬਾਰਾਂ ਵਜੇ ਤੋਂ ਇੱਕ ਤੱਕ ਨਾਮ ਸਿਮਰਨ, ਫਿਰ ਸ਼ਬਦ ਬਾਣੀ
ਵਿਚਾਰ ਚਰਚਾ, ਬਾਦ ਜਿਵੇਂ ਦਾ ਕਿਸੇ ਤੋਂ ਸਰੇ, ਰੁੱਖਾ ਮਿੱਸਾ ਲੰਗਰ, ਜਲ ਪਾ
ਕਈਆਂ ਨੇ ਖਰਚ ਵਧਾ ਕੇ ਬੂੰਦੀ-ਜਲੇਬ ਸ਼ੁਰੂ ਕਰ ਦਿੱਤੇ । ਜੋ ਹੁਣ ਖੀਰ ਤੇ ਕ
ਪ੍ਰਸਾਦ ਤੱਕ ਪੁੱਜ ਕੇ ਟਿਕ ਗਿਆ ਹੈ ।

ਦੁਬਾਰਾ ਜਾਰੀ ਹੋਈ 'ਬਾਰ੍ਹਵੀਂ' ਸੰਨ 1965 ਦੇ ਸੌਣ ਭਾਦਰੋਂ ਮਹੀਨੇ ਦਾ
ਚੇਤਾ ਆ ਰਿਹੈ । ਰਾਮਪੁਰ, ਅਮਰਤਸਰ ਛੋਟਾ, ਵੱਡਾ, ਪਰਤਾਪ ਨਗਰ, ਡੇਰਾ ਨ
ਤੱਕ ਚਲਦੀ ਰਹੀ, ਫਿਰ ਹੋਰ ਨਗਰਾਂ ਵਿਚ ਵਿਚਰਦੀ ਹੋਈ ਇਸੇ ਭਾਦਰੋਂ ਚ, ਪਟਿਆ
ਤੱਕ ਪੁੱਜ ਗਈ ।

ਪਿਛਲੇ ਕਈ ਮਹੀਨਿਆਂ ਤੋਂ, ਸੰਤ ਹਰਬੰਸ ਸਿੰਘ ਜੀ ਵਡੇ ਅਮਰਾਸਰ ਵਾ
ਜੋ ਪਟਿਆਲੇ ਜਾ ਵੱਸੇ ਹਨ, ਬੇਨਤੀਆਂ ਕਰਦੇ ਪਏ ਸਨ । ਜੋ ਸੰਗਤ ਵਲੋਂ ਪਰਵ
ਹੋਈਆਂ । ਪਟਿਆਲੇ ਦੁਆਲਿਓਂ ਵੀ ਸੰਗਤ ਆਈ, ਪਰ ਸਰਸੇ ਵੱਲੋਂ ਬਹੁਤ ਸਾਧ ਪ
ਗਏ । ਸੁੰਦਰ ਜਥੇਦਾਰ ਸੁਦਰਸ਼ਨ ਸਿੰਘ ਜੀ ਨੇ ਰਸ ਭਿੰਨਾ ਕੀਰਤਨ ਕੀਤਾ । ਕਿ
ਬਿਸ਼ਨ ਦਾਸ ਨੇ ਪੱਕੇ ਰਾਗਾਂ ਵਿਚ, ਮਾਸਟਰ ਅਮਰੀਕ ਸਿੰਘ ਜੀ ਰਚਿਤ ਗੁਰ ਮਹਿਮਾਂ
ਗੀਤ ਗਾਏ । ਉਪਰੰਤ ਦੌਲਤਪੁਰ ਦੀਆਂ ਬੀਬੀਆਂ ਨੇ ਉਚੇ ਸੁਰਾਂ ਵਿਚ ਸ਼ਬਦ ਪੜ੍ਹੇ
ਲੰਗਰ ਛੱਕ ਸੰਗਤ ਘਰਾਂ ਨੂੰ ਚਾਲੇ ਪਾਏ ।

***************



Sri Satguru Jagjit Singh Ji eLibrary NamdhariElibrary@gmail.com

ਸਵਰਗੀ ਸੂਬਾ ਅਰੂੜ ਸਿੰਘ ਜੀ ਦਾ ਸੁਝਾ ਚੇਤੇ ਆਇਆ ਕਿ ਦਿਨੇਂ ਇੱਕਠਿਆਂ ਹੋਇਆ ਕਰੀਏ । ਬਾਰਾਂ ਵਜੇ ਤੋਂ ਇੱਕ ਤੱਕ ਨਾਮ ਸਿਮਰਨ, ਫਿਰ ਸ਼ਬਦ ਬਾਣੀ ਜਾਂ ਵਿਚਾਰ ਚਰਚਾ, ਬਾਦ ਜਿਵੇਂ ਦਾ ਕਿਸੇ ਤੋਂ ਸਰੇ, ਰੁੱਖਾ ਮਿੱਸਾ ਲੰਗਰ, ਜਲ ਪਾਣੀ । ਕਈਆਂ ਨੇ ਖਰਚ ਵਧਾ ਕੇ ਬੂੰਦੀ-ਜਲੇਬ ਸ਼ੁਰੂ ਕਰ ਦਿੱਤੇ । ਜੋ ਹੁਣ ਖੀਰ ਤੇ ਕੜਾਹ ਪ੍ਰਸਾਦ ਤੱਕ ਪੁੱਜ ਕੇ ਟਿਕ ਗਿਆ ਹੈ ।

ਦੁਬਾਰਾ ਜਾਰੀ ਹੋਈ 'ਬਾਰ੍ਹਵੀ' ਸੰਨ 1965 ਦੇ ਸੌਣ ਭਾਦਰੋਂ ਮਹੀਨੇ ਦਾ ਹੀ ਚੇਤਾ ਆ ਰਿਹੈ । ਰਾਮਪੁਰ, ਅਮਰਤਸਰ ਛੋਟਾ, ਵੱਡਾ, ਪਰਤਾਪ ਨਗਰ, ਡੇਰਾ ਨਹਿਰ, ਤੱਕ ਚਲਦੀ ਰਹੀ, ਫਿਰ ਹੋਰ ਨਗਰਾਂ ਵਿਚ ਵਿਚਰਦੀ ਹੋਈ ਇਸੇ ਭਾਦਰੋਂ ਚ, ਪਟਿਆਲੇ ਤੱਕ ਪੁੱਜ ਗਈ ।

ਪਿਛਲੇ ਕਈ ਮਹੀਨਿਆਂ ਤੋਂ, ਸੰਤ ਹਰਬੰਸ ਸਿੰਘ ਜੀ ਵਡੇ ਅਮਰਾਸਰ ਵਾਲੇ, ਜੋ ਪਟਿਆਲੇ ਜਾ ਵੱਸੇ ਹਨ, ਬੇਨਤੀਆਂ ਕਰਦੇ ਪਏ ਸਨ । ਜੋ ਸੰਗਤ ਵਲੋਂ ਪਰਵਾਨ ਹੋਈਆਂ । ਪਟਿਆਲੇ ਦੁਆਲਿਓਂ ਵੀ ਸੰਗਤ ਆਈ, ਪਰ ਸਰਸੇ ਵੱਲੋਂ ਬਹੁਤ ਸਾਧ ਪੁੱਜ ਗਏ । ਸੁੰਦਰ ਜਥੇਦਾਰ ਸੁਦਰਸ਼ਨ ਸਿੰਘ ਜੀ ਨੇ ਰਸ ਭਿੰਨਾ ਕੀਰਤਨ ਕੀਤਾ । ਫਿਰ ਬਿਸ਼ਨ ਦਾਸ ਨੇ ਪੱਕੇ ਰਾਗਾਂ ਵਿਚ, ਮਾਸਟਰ ਅਮਰੀਕ ਸਿੰਘ ਜੀ ਰਚਿਤ ਗੁਰ ਮਹਿਮਾਂ ਦੇ ਗੀਤ ਗਾਏ । ਉਪਰੰਤ ਦੌਲਤਪੁਰ ਦੀਆਂ ਬੀਬੀਆਂ ਨੇ ਉਚੇ ਸੁਰਾਂ ਵਿਚ ਸ਼ਬਦ ਪੜ੍ਹੇ । ਲੰਗਰ ਛੱਕ ਸੰਗਤ ਘਰਾਂ ਨੂੰ ਚਾਲੇ ਪਾਏ ।

***************



Sri Satguru Jagjit Singh Ji eLibrary NamdhariElibrary@gmail.com

# ਵਹਿਮੀ ਦੇ 'ਵਾਰਿਸ'

ਕਿਸੇ ਦੀ ਵਿਰਾਸਤ, ਸੰਭਾਲਣ ਵਾਲੇ ਨੂੰ 'ਵਾਰਿਸ' ਆਖਿਆ ਜਾਂਦਾ ਹੈ। ਵਾਰਿਸ, ਧੀਆਂ, ਪੁੱਤਰ, ਪੋਤਰੇ, ਰਿਸ਼ਤੇਦਾਰ, ਮਿੱਤਰ, ਸ਼ਾਗਿਰਦ, ਸੇਵਕ, ਚੇਲੇ ਆਦਿ ਕੋਈ ਵੀ ਹੋ ਸਕਦੇ ਹਨ।

ਗੁਰਬਾਣੀ ਦੀ ਪੰਗਤੀ ਹੈ - ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨ ॥ ਮੈਂ ਇਸ ਦਾ ਭਾਵ ਇਉਂ ਸਮਝਦਾ ਹਾਂ - ਵਡਿਆਂ ਦੀਆਂ ਗੱਲਾਂ ਪੁੱਤਾਂ ਨੂੰ ਸਪੁਤ ਬਣਾ ਦੇਂਦੀਆਂ ਹਨ। ਅਥਵਾ-ਇਹ ਗੱਲਾਂ ਪੁੱਤ ਸਪੁੱਤ ਹੀ ਕਰਦੇ ਹਨ। ਤੇ ਓਹੀ ਸਹੀ ਵਾਰਿਸ ਹੋਂਦੇ ਹਨ।

'ਵਿਰਾਸਤ', 'ਜਾਇਦਾਦ' ਕਈ ਤਰ੍ਹਾਂ ਦੀ ਹੋ ਸਕਦੀ ਹੈ। ਜਿਵੇਂ ਜ਼ਮੀਨ, ਮਕਾਨ, ਮਾਇਆ, ਹੱਥ ਲਿਖਤ, ਕੀਰਤੀ ਜੱਸ, ਗੁਣ ਵਗੈਰਾ।

ਸੰਤ ਤਰਨ ਸਿੰਘ ਵਹਿਮੀ ਜੀ ਦੇ ਚਾਰ ਪੁੱਤਰ ਹਨ। ਜਿੰਨ੍ਹਾਂ ਜ਼ਮੀਨ ਤਾਂ ਵੰਡ ਕੇ ਸੰਭਾਲ ਲਈ, ਪਰ ਪੁਸਤਕਾਂ ਨਾ ਸੰਭਾਲੀਆਂ। ਭਾਵ ਓਹਨਾਂ ਤੋਂ, ਜਾਂ ਉਹਨਾਂ ਦਾ ਕੋਈ ਗੁਣ ਗ੍ਰਹਿਣ ਨਾ ਕੀਤਾ। ਹਾਂ ਇਕ ਬੇਟੇ ਨੇ ਵਹਿਮੀ ਜੀ ਦੀ ਲਾਈ-ਬਾਰ੍ਹਵੇਂ ਗੁਰਾਂ ਨਮਿਤ ਬਾਰਵੀਂ ਨੂੰ, ਅਗੇ ਤੋਰਨ ਵਿਚ, ਬਹੁਤ ਯੋਗਦਾਨ ਪਾਇਆ ਹੈ ਤੇ ਸਰਗਰਮ ਹੈ। ਜੋ ਸਮਾਜ ਵਿਚ ਕੀਰਤਨ ਕਰਕੇ ਜਾਣਿਆ ਜਾਂਦਾ ਹੈ। 'ਨਾਮਧਾਰੀ ਪੰਜਾਬੀ ਸਾਹਿਤ ਸਭਾ' , ਨੂੰ (ਜਿਸਦਾ ਬੂਟਾ ਵਹਿਮੀ ਜੀ ਨੇ ਲਾਇਆ ਸੀ) ਵੀ ਮੈਂ ਕੁਛ ਹੱਦ ਤੱਕ, ਵਾਰਿਸ ਵਜੋਂ ਕਬੂਲ ਕਰਦਾ ਹਾਂ-ਜੋ ਬਹੁਤ ਬਿਖੜੀਆਂ ਹਾਲਤਾਂ ਵਿਚ ਵੀ ਲੰਮੇ ਸਮੇਂ ਤੋਂ ਜੁੜ ਕੇ ਚਲੀ ਆ ਰਹੀ ਹੈ। ਵਹਿਮੀ ਜੀ ਦੇ ਇਕ ਭਣੇਂਵੇਂ ਨੇ ਵੀ, 'ਵਿਰਾਸਤ', ਵਜੋਂ ਲਿਖਣ ਰੀਤ ਨੂੰ ਅਗੇ ਤੋਰਿਆ ਹੈ। ਦੂਸਰੇ ਨੇ ਪੰਥਕ ਪ੍ਰਚਾਰ ਕਰ ਕੇ ਨਾਮਣਾ ਖੱਟਿਆ ਹੈ।

ਵਹਿਮੀ ਜੀ ਦੀ 'ਵਿਰਾਸਤ' ਸੰਭਾਲਣ ਵਿਚ ਇੱਕੋ ਇਕ ਨਾਮਧਾਰੀ ਮਾਸਿਕ 'ਵਰਿਆਮ' ਨੇ ਵੀ ਵੱਡਾ ਯੋਗਦਾਨ ਪਾਇਆ ਹੈ। ਇਸੇ ਤਰ੍ਹਾਂ ਵਹਿਮੀ ਜੀ ਦੇ ਇਲਾਕੇ ਦੇ ਪ੍ਰਸਿਧ ਸਮਾਜਸੇਵੀ ਅਤੇ ਲੇਖਕ ਸੁਵਰਨ ਸਿੰਘ ਵਿਰਕ ਨੇ ਵੀ।

ਪਰ, ਸਭ ਤੋਂ ਵਿਲੱਖਣ ਗੱਲ, ਜੋ ਵਹਿਮੀ ਜੀ ਦੇ ਪਾਠਕਾਂ ਨੇ ਕਰ ਵਿਖਾਈ-ਉਸਦਾ ਜ਼ਿਕਰ ਉਚੇਚਾ ਕਰਨਾ ਬਣਦਾ ਹੈ।

ਕਿਸੇ ਆਮ ਆਦਮੀ ਦੀ 'ਵਿਰਾਸਤ' ਸੰਭਾਲਣੀ ਔਖਾ ਨਹੀਂ-ਪਰ ਅਤਿ ਪ੍ਰਤਿਭਾਵਾਨ ਵਿਅਕਤੀ ਦੀ ਪੈੜ ਪਿੱਛੇ ਤੁਰਨ ਵਾਸਤੇ-ਓਹਦੇ ਨੇੜੇ ਤੇੜੇ ਦੀ ਸਮਝ ਹੋਣੀ ਜ਼ਰੂਰੀ ਹੈ। ਇਹੋ ਜਿਹੇ ਮਾਨਵਾਂ ਦੇ ਪਰਿਵਾਰ ਵਿਚੋਂ, ਅਗੋਂ ਓਸੇ ਤਰਾਂ ਦਾ ਹੋਣਾ, ਏਹ ਮਿਸਾਲ ਉਚੇਚੇ ਲੱਭਿਆਂ ਤਾਂ ਭਾਵੇਂ ਲੱਭ ਜਾਇ। ਜਿਵੇਂ ਪੰਜਾਬੀ ਦਾ ਅਖਾਣ ਹੈ -ਕਿ



Sri Satguru Jagjit Singh Ji eLibrary NamdhariElibrary@gmail.com

ਬੋਹੜ ਦੀ ਥਾਂ ਬੋਹੜ ਨਹੀਂ ਹੋਂਦੀ ।

ਜੇਹੜਾ ਕੰਮ ਪੁੱਤ, ਪਰਿਵਾਰ, ਪੰਥ, ਸਮਾਜ ਨਾ ਕਰ ਸਕਿਆ-ਓਹ 'ਦੋ'ਹ' ਪਾਠਕਾਂ ਨੇ ਕਰ ਵਿਖਾਇਆ । ਇਹ ਪਾਠਕ ਵਹਿਮੀ ਜੀ ਨੂੰ ਸਾਂਗੋ-ਪਾਂਗ ਨਾ ਪੜ੍ਹ ਸਕੇ, ਪਰ ਜਿੰਨਾਂ ਪੜ੍ਹਿਆ ਪੂਰਾ ਖੁੱਭ ਕੇ ਪੜ੍ਹਿਆ । ਦੁਹਾਂ-ਵੱਖੋ ਵੱਖ ਪੜ੍ਹ ਕੇ, ਇੱਕੋ ਤਰਾਂ ਸੋਚਿਆ । ਪਈ 'ਹਰਿਆਣੇ' ਦੇ ਸਭ ਤੋਂ ਵੱਧ, ਪੰਜਾਬੀ ਵਿਚ ਲਿਖਣ ਵਾਲੇ ਦੇ ਨਾਂ ਤੇ, ਵੱਡਾ 'ਸਰਕਾਰੀ ਸਨਮਾਨ' ਜਾਰੀ ਹੋਣਾ ਚਾਹੀਦਾ ਹੈ ।

ਹੁਣ ਜਦੋਂ ਹੁੱਡਾ ਸਰਕਾਰ ਵਲੋਂ 51 (ਇਕਵੰਜਾ ਹਜ਼ਾਰ) ਦਾ, ਵਹਿਮੀ ਜੀ ਦੇ ਨਾਂ ਤੇ ਸਮਮਾਨ ਜਾਰੀ ਹੋ ਕੇ, ਇਕ ਲੇਖਕ ਨੂੰ ਦਿੱਤਾ ਜਾ ਚੁੱਕਾ ਹੈ, ਤਾਂ ਏਹਨਾਂ ਦੋ ਪਾਠਕਾਂ ਦੇ ਨਾਮ, ਵਹਿਮੀ ਜੀ ਦੇ ਵਿਸ਼ੇਸ਼ ਵਾਰਸਾਂ, ਵਜੋਂ ਦੱਸ ਦੇਣੇ ਵਾਜਬ ਹੋਣਗੇ ।

ਸਨਮਾਨ ਰੂਪੀ ਫਲਦਾਰ ਬੂਟੇ ਦਾ ਬੀਜ, ਅਨੇਕਾਂ ਪੁਸਤਕਾਂ ਦੇ ਰਚੇਤਾ 'ਡਾ. ਜੀ.ਡੀ. ਚੌਧਰੀ' ਦੇ ਜ਼ਰਖੇਜ਼ ਦਿਮਾਗ ਵਿਚ ਪੁੰਗਰਿਆ, ਜਿਸ ਨੂੰ ਵਿਚਾਰਾਂ ਦੀ ਖਾਦ, ਪਿਆਰ ਦੇ ਪਾਣੀ ਨਾਲ ਸਿੰਜ ਕੇ, ਫਲਵਾਨ ਹੋਣ ਤੱਕ ਪੁਚਾਇਆ-ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ 'ਸੀ.ਆਰ. ਮੁਦਗਿਲ' ਨੇ, ਜੋ ਕਿ ਆਪ ਵੀ ਚਾਰ-ਪੰਜ ਦਰਜਨਾਂ ਪੁਸਤਕਾਂ ਦੇ ਲਿਖਾਰੀ ਹਨ । ਏਹਨਾਂ ਹਰਿਆਣਾ ਦੇ ਤਦ ਵਕਤੀ ਸਿਖਿਆ ਮੰਤਰੀ ਫੂਲ ਚੰਦ ਮੁਲਾਣਾ ਨਾਲ ਗੱਲ ਕੀਤੀ-ਜਿਸ ਨੇ ਸੁਣ ਕੇ, ਸਮਝ ਕੇ, ਹਾਂ ਕਰ ਦਿੱਤੀ-ਅਤੇ ਸਰਕਾਰ ਤੋਂ ਐਲਾਨ ਕਰਾ ਦਿੱਤਾ । ਇਸ ਤਰਾਂ, ਦੋ ਪਾਠਕਾਂ ਦੀ ਮੇਹਨਤ ਰੰਗ ਲਿਆਈ ।

****



Sri Satguru Jagjit Singh Ji eLibrary NamdhariElibrary@gmail.com

# ਜ਼ਿੰਦਗੀ ਦਾ ਸੋਹਜ

ਓਹਨਾਂ ਦੀ ਲਵ ਮੈਰਿਜ ਤਾਂ ਨਹੀਂ, ਅੱਖੀਂ ਡਿੱਠਾ ਵਰ ਆਖਿਆ ਜਾ ਸਕਦੈ । ਕਈ ਬੇਟੀਆਂ ਦਾ ਬਾਪ-ਬਿਰਧ, ਭਰਾਵਾਂ ਦੀ ਚਾਲਾਕੀ ਪਾਰੋਂ ਬੇਮਾਲਕ ਹੋਇਆ ਪਿਆ ਸੀ । ਓਹਦੀ ਸਿਆਣਪ ਨੇ ਬੱਚੀਆਂ ਵਿਦਿਆਵਤੀ ਕਰ ਦਿੱਤੀਆਂ ।

ਸਾਕਾਂ ਵਿਚ ਸਾਕ ਦੀ ਗੱਲ ਚੱਲੀ । ਮੁੰਡਾ ਕਹਿਣ ਲੱਗਾ-ਮੈਂ ਅੱਖੀਂ ਵੇਖ ਕੇ ਰਿਸ਼ਤਾ ਲੈਣਾ ਹੈ । ਧੀਆਂ ਦੇ ਬਾਪ ਦੀ ਮਜਬੂਰੀ ਤੋਂ ਆਖਿਆ ਨਾ ਗਿਆ - 'ਆਪਣਾ ਮਧਰਾ ਕੱਦ-ਸੌਲਾ ਰੰਗ-ਫਿੱਸਿਆ ਨੱਕ-ਨਹੀਂਓਂ ਦਿਸਦਾ ?

ਕਾਲੇ ਜਾਪਾਨੀ ਜਹੇ ਨੇ-ਗੁਲਾਬੀ ਫੁੱਲ ਤੋੜ ਲਿਆ । 'ਸਿਆਣੇ ਪਿਤਾ ਨੇ ਛੋਟੀ, ਛੋਟੇ ਨੂੰ ਪਰਨਾ ਦਿੱਤੀ' ।

ਬਿਰਧ ਬਾਪ ਨੂੰ ਬੀਮਾਰ ਹੋ ਕੇ, ਧੀਆਂ ਦੇ ਦੁਆਰ ਔਣਾਂ ਪੈ ਗਿਆ । ਇਕੱਲਾ ਆਪ ਈ ਨਹੀਂ-ਇਕ ਪੁਤ੍ਰੇਲਾ ਜਿਹਾ ਵੀ ਨਾਲੇ ਈ ਲਿਔਣਾ ਪਿਆ ।

'ਮਾੜਿਆਂ ਨੂੰ ਮੁਸੀਬਤਾਂ ਭਾਲ ਕੇ ਮਿਲਦੀਆਂ ਨੇ'

ਬਿਰਧ ਐਹੋ ਜਹੇ ਰੋਗ ਦੇ ਸ਼ਿਕੰਜੇ 'ਚ ਫਸ ਗਿਆ । ਸਾਂਭਿਆਂ-ਸਾਂਭਿਆ ਨਾ ਜਾਇ । ਏਥੇ ਜਪਾਨੀਏ ਨੇ ਆਪਣਾ ਨੱਕ ਉਚਾ ਕਰ ਲਿਆ । ਛੋਟੀ ਜੋੜੀ ਅੰਞਾਣ ਸੀ-ਵੇਲਾ ਸੰਭਾਲ ਨਾ ਸਕੀ । ਨਾਲੇ ਕੇਹੜਾ ਕੋਈ ਜਾਇਦਾਦ ਮਿਲਣੀ ਸੀ ? ਵੱਡਿਆਂ ਨੇ ਬੀਮਾਰ ਦੀ ਨਿਰਇੱਛਤ ਓਹ ਸੇਵਾ ਕੀਤੀ....ਵੇਖਣ ਸੁਣਨ ਵਾਲੇ ਅਸ਼-ਅਸ਼ ਕਰ ਉਠੇ ।

ਏਹ ਪਹਿਲਾ ਪੇਪਰ ਸੀ-ਜਿਦ੍ਹੇ ਵਿਚੋਂ ਅਜੋੜ ਜੋੜੀ, ਪੂਰੇ ਨੰਬਰ ਲੈ ਕੇ ਪਾਸ ਹੋ ਗਈ ।

ਸਿਆਣਾ ਬਿਰਧ-ਚੰਗੀ ਪੁਗਾ ਗਿਆ । ਪੁਤ੍ਰੇਲੇ ਦੇ ਜੀਵਨ ਵਿਚ-ਘੋਰ ਅੰਧਕਾਰ ਫੈਲ ਗਿਆ-ਮਨੋ ਵੀ ਤਨੋਂ ਵੀ । ਮੇਰੀ ਬਾਂਹ ਕੌਣ ਫੜੇਗਾ-ਅਤੇ ਕਿਓਂ ਫੜੇਗਾ ।

ਹੁਣ ਫੇਰ ਜਪਾਨੀ ਅੱਗੇ ਆਇਆ । ਅਣ ਹੋਏ ਸਾਲੇ ਨੂੰ ਸਾਂਭਿਆ ਵੀ-ਧਿਆਨ ਵੀ ਲਾਇਆ । ਪਰ ਕੁਦਰਤ ਦਾ ਕ੍ਰੋਪ ਅਜੇ ਮੁਕਿਆ ਨਹੀਂ ਸੀ । ਟੋਹ ਟਾਕ ਕੇ ਡੰਗੋਰੀ ਨਾਲ ਤੁਰਿਆ ਫਿਰਦਾ ਸੀ-ਨਜ਼ਰ ਵਿਹੂਣਾ ਸੀ-ਕਦਮ ਵਿਹੂਣਾਂ ਵੀ ਹੋ ਗਿਆ । ਲੱਤਾਂ ਦੀਆਂ ਮਾਲਸ਼ਾਂ ਕਰਕੇ ਤੁਰਨ ਜੋਗਾ ਕਰ ਲਿਆ । ਅਤੇ ਇਸ ਪਰਚੇ ਵਿਚੋਂ ਵੀ ਪੂਰੇ ਨੰਬਰ ਹਾਸਲ ਹੋ ਗਏ ।

ਕਰਨਹਾਰ, ਪਰਚੇ ਹੱਲ ਕਰਨ ਵਾਲਿਆਂ ਨੂੰ ਪਰਚੇ ਪਾਈ ਰੱਖਦਾ ਏ । ਜ਼ਿੰਦਗੀ ਦਾ ਸਭ ਤੋਂ ਵੱਡਾ ਪਰਚਾ ਸੀ, ਇਕੋ ਇਕ ਬੇਟੀ ਸੀ-ਓਹ ਪਰਨਾ ਦਿੱਤੀ । ਸੱਖਣਾ ਅੰਙਣ-ਹੁਣ ਕੀ ਕਰੀਏ । ਵੈਦ-ਡਾਕਟਰ ਜੁਆਬ ਦੇ ਗਏ । ਵਿਛੋੜ ਚੁੱਕੇ ਬਜ਼ੁਰਗ ਦਾ



Sri Satguru Jagjit Singh Ji eLibrary NamdhariElibrary@gmail.com

ਫ਼ਾਰਮੂਲਾ ਚੇਤੇ ਆਇਆ ।

ਦੋਹਾਂ ਜੀਆਂ ਸਲਾਹ ਕਰਕੇ-ਇਕ ਪੁਤ੍ਰੇਲਾ ਪਾਲ ਕੇ ਜੁਆਨ ਕਰ ਲਿਆ । ਕਈ ਪੇਟੋਂ ਜੰਮਿਆਂ ਤੋਂ ਸੁਖ ਨਹੀਂ ਲੈ ਸਕਦੇ-ਗ਼ੈਰ ਗੋਤ-ਗ਼ੈਰ ਖ਼ੂਨ-ਅਖੱੜ ਸੁਭਾ, ਕਦੀ ਤੀਜੇ ਕੰਨ ਵਾਜ ਨਹੀਂ ਪੈਣ ਦਿੱਤੀ । ਕਦੀ ਕੋਈ ਸ਼ਿਕਵਾ ਨਹੀਂ ਕਦੀ ਸ਼ਿਕੈਤ ਨਹੀਂ ।

*****

# ਨਾਂ ਵਿਚ ਕੀ ਪਿਐ

ਆਮ ਜਿਹਾ ਮੁਹਾਵਰਾ ਏ 'ਨਾਂ ਵਿਚ ਕੀ ਪਿਆ ਏ, ਪਰ ਮੈਂ ਦੱਸਣ ਲੱਗਾ ਆਂ ਕਿ ਨਾਂ ਵਿਚ ਬੜਾ ਕੁਝ ਹੁੰਦਾ ਏ, ਜਿਵੇ ਇਕ ਨਾਂ ਏ ਸੁਵਰਨ ਸਿੰਘ, ਇਸ ਨਾਂ ਦਾ ਦੂਸਰਾ ਭਾਗ ਤਾਂ ਸਿਰਫ਼ ਏਹੋ ਦਸੱਦਾ ਏ ਕਿ ਇਹ ਸਿੱਖ ਜਮਾਤ ਦਾ ਭਾਗ ਏ, ਅਤੇ ਪਹਿਲੇ ਹਿੱਸੇ ਦਾ ਮਤਲਬ ਏ ਸ਼ੁੱਧ-ਸਾਫ਼-ਸਪਸ਼ਟ-ਚਿੱਟਾ ਚਮਕਦਾ ਸੋਨਾਂ ।

ਜੇ ਇਹ ਨਾਂ-ਕਿਸੇ ਇੱਕਲੇ ਦਾ ਹੁੰਦਾ ਤਾਂ ਵੀ ਦਰ ਗੁਜ਼ਰ ਕੀਤੀ ਜਾ ਸਕਦੀ ਸੀ, ਜਦੋਂ ਦੋ ਸਵਰਨ ਸਿੰਘ ਹੋਣ, ਤੇ ਹੋਣ ਵੀ ਇੱਕਠੇ, ਸਗੋ ਆਹਮੋ ਸਾਮ੍ਹਣੇਂ, ਇਕ ਦੂਸਰੇ ਤੋਂ ਵੱਧ ਚੜ ਕੇ ਲਿਸ਼ਕਦੇ- ਤਾਂ ਏਹਨਾਂ ਤੋਂ ਕਿਵੇਂ ਅੱਖ ਚੁਰਾਈ ਜਾ ਸਕਦੀ ਏ ।

ਇਕ ਨੇ ਜੱਸ ਜੀਵਨ ਚੋਂ ਇਕ ਖਿਆਲ ਸਾਮ੍ਹਣੇ ਰੱਖ ਕੇ, ਪੰਜ ਸੱਤ ਲੰਮੇ ਲੇਖ, ਹਵਾਲਿਆਂ ਨਾਲ ਚਮਕਾ ਧਰੇ ਨੇਂ, ਤਾਂ ਦੂਸਰੇ ਨੇ ਪ੍ਰੀਤ ਲੜੀ ਦੇ ਬਾਨੀ ਦੀ ਧਾਰਮਿਕਤਾ ਬਾਰੇ, ਕਿੰਨੇ ਸਾਰੇ ਲੰਮ ਸਲੰਮੇਂ ਲੇਖ ਪੰਨੇ ਦੱਸ ਦੱਸ ਕੇ ਮਟਕਾ ਧਰੇ ਨੇਂ ।

ਖਿਮਾਂ ਕਰਨਾਂ, ਦੋਹਾਂ ਦਾ ਆਪਸੀ ਮੁਕਾਬਲਾ ਮੈਂ ਬਿਲਕੁਲ ਨਹੀਂ ਕਰਨਾਂ, ਕਿਓ ਕਿ ਨਾਂ ਤੇ ਮੇਰੀ ਵਿਦਿੱਆ ਦੋਹਾਂ ਦੇ ਨੇੜ ਤੇੜ ਏ ਤੇ ਨਾਂ ਹੀ ਮੈਂ ਚੇਤੇ ਪੱਖੋਂ ਈ ਦੋਹਾਂ ਦੀ ਹਮਸਰੀ ਕਰ ਸਕਦਾ ਆਂ । ਸਗੋਂ ਮੈਂ ਤੇ ਹੈਰਾਨ ਆਂ ਕਿ ਏਨੀਆਂ ਗੱਲਾਂ ਏਹਨਾਂ ਨੂੰ ਯਾਦ ਕਿਵੇਂ ਰਹਿ ਜਾਂਦੀਆਂ ਨੇਂ ।

ਇਕ ਨੇ ਚਕੱਰਵਰਤੀ ਜੀ ਤੇ ਹੋਰਨਾਂ ਬਾਰੇ, ਪਤਾ ਨਹੀਂ ਕਿੱਥੋਂ ਤੇ ਕਿਵੇ ਤੱਥ ਇਕੱਤਰ ਕਰ ਕੇ ਸੁਚੇ ਮੋਤੀ ਪਰੋਏ ਨੇਂ, ਤਾਂ ਦੂਸਰੇ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਂ ਆਸਰੇ-ਕਿੰਨੀ ਸਾਰੀ ਇਤਿਹਾਸਕ ਸਮਗਰੀ ਇਕੱਠੀ ਕਰਕੇ ਸੰਭਾਲ ਦਿੱਤੀ ਏ ।

ਦੋਹਾਂ ਦੀਆਂ ਕਲਮਾਂ ਚੋਂ ਨਿਕਲੇ ਇੱਕ-ਇੱਕ ਅੱਖਰ ਦੀ ਸੋਨ ਸੁਗੰਧੀ 'ਵਰਿਆਮ, ਦੇ ਪੰਨਿਆ ਤੇ ਲਪਟਾਂ ਮਾਰਦੀ ਪਈ ਏ ।

ਅੱਲਹ ਕਰੇ ਜ਼ੋਰਿ ਕਲਮ ਔਰਿ ਜ਼ਿਆਦਾ ।

*****



Sri Satguru Jagjit Singh Ji eLibrary NamdhariElibrary@gmail.com

# ਦਰਦ ਭਰੀ ਅਪੀਲ

ਭਾਰਤ ਦੇ ਮਹਾ ਮਹਿਮ ਰਾਸ਼ਟਰ ਪਤੀ ਜੀ !
ਲੋਕ ਰਾਜੀ ਭਾਰਤ ਦੇ ਪਰਧਾਨ ਮੰਤਰੀ ਜੀ !
ਸੁਪ੍ਰੀਮ ਕੋਰਟ ਦੇ ਮਾਨਨੀਆ ਚੀਫ ਜਸਟਿਸ ਜੀ ।

ਭਾਰਤ ਦੇ ਸਾਰੇ ਪ੍ਰਾਂਤਾਂ ਦੇ ਗਵਰਨਰ ਸਾਹਿਬਾਂਨ । ਪ੍ਰਾਂਤਕ ਮੁਖ ਮੰਤਰੀ ਜਨ । ਪ੍ਰਾਂਤਕ ਹਾਈ ਕੋਰਟਾਂ ਦੇ ਚੀਫ ਜੱਜ ਸਾਹਿਬਾਂਨ । ਔਰਤਾਂ ਅਤੇ ਬਚਿੱਆ ਦੇ ਦਰਦ ਨੂੰ ਸ਼ਿਦਤ ਨਾਲ ਮਹਿਸੂਸ ਕਰਨ ਵਾਲੇ ਬੁਧੀ ਜੀਵੀ ਅਤੇ ਆਂਮ ਲੋਕਾਂ ਅਗੇ, ਦਿਲ ਦੇ ਡੂੰਘੇ ਦਰਦ ਨਾਲ ਬਲਾਤਕਾਰ ਕਾਨੂੰਨ ਵਿਚ ਪਰਿਵਰਤਨ ਬਾਰੇ-ਪੁਰ ਜ਼ੋਰ ਬੇਨਤੀ ਕਰਦਾ ਹਾਂ ।

ਜਦੋਂ ਤੋਂ ਮਾਨਵ ਸਮਾਜ ਹੋਂਦ ਵਿਚ ਆਇਆ ਹੈ, ਲੋੜ ਅਨੁਸਾਰ ਕਾਨੂੰਨਾਂ ਵਿਚ ਤਬਦੀਲੀ ਹੁੰਦੀ ਆਈ ਹੈ । ਕਤਲ-ਬਹੁਤੀ ਵਾਰੀ ਵਕਤੀ ਕ੍ਰੋਧ ਕਰਕੇ ਕੀਤੇ ਜਾਂਦੇ ਹਨ ਜਿਸ ਦੀ ਸਜ਼ਾ ਵੀ ਮੌਤ ਦੇ ਦਿੱਤੀ ਜਾਂਦੀ ਹੈ ।

ਪਰ ਇਹ ਬਲਾਤਕਾਰ-ਫਿਰ ਕਤਲ, ਕਿਸੇ ਵਕਤੀ ਜਜ਼ਬੇ ਦਾ ਨਤੀਜਾ ਨਹੀ ਹੁੰਦੇ । ਇਹ ਤਾਂ ਨਾਰਮਲ ਦਿਮਾਗ਼ ਨਾਲ ਸੋਚ ਕੇ ਕੀਤਾ ਕੁਕਰਮ ਹੈ । ਇਸ ਵਾਸਤੇ ਇਸ ਦੀ ਸਜ਼ਾ ਦਾ ਨਿਰਨਾਂ ਕਰਨ ਵੇਲੇ, ਹੋਰ ਗਲਾਂ ਤੋਂ ਇਲਾਵਾ ਉਸ ਬੱਚੇ-ਉਸ ਇਸਤਰੀ ਦੀ, ਓਸ ਵੇਲੇ ਦੀ ਮਾਨਸਿਕ ਤੇ ਸਰੀਰਕ ਹਾਲਤ ਨੂੰ ਬੜੇ ਧਿਆਨ ਨਾਲ ਵਾਚ ਕੇ, ਫੈਸਲਾ ਕੀਤਾ ਜਾਣਾਂ ਚਾਹੀਦਾ ਹੈ । ਇਸ ਜੁਰਮ ਵਾਸਤੇ ਸਪੈਸ਼ਲ ਅਦਾਲਤਾਂ ਕਾਇਮ ਕਰਕੇ, ਇਸਤਰੀ ਮਰਦ-ਰਲਵੇਂ ਜੱਜ ਲਾਏ ਜਾਂਣ । ਜੇਹੜੇ ਸਾਲ-ਮਹੀਨੇ ਨਹੀਂ ਹਫਤਿਆਂ-ਦਿਨਾਂ ਵਿਚ ਫੈਸਲੇ ਕਰਨ ਦੇ ਪਾਬੰਦ ਹੋਣ ।

ਜੇ ਜੁਰਮ ਕਰਨ ਵਾਲੇ, ਪਸ਼ੂਆਂ ਤੋਂ ਵੀ ਗਏ ਗੁਜ਼ਰੇ ਹੋ ਗਏ ਹਨ ਤਾਂ ਸਜ਼ਾ ਵਾਸਤੇ ਵੀ ਓਹੋ ਪਧੱਰ ਅਪਨਾਇਆਂ ਹੀ ਮੋੜਾ ਪੈ ਸਕਦਾ ਹੈ । ਮੈਨੂੰ ਪੱਕਾ ਯਕੀਨ ਹੈ ਜੇ ਜੁਰਮਵਰਗੀ ਸਜ਼ਾ (ਖਾਸ ਕਰ ਬਲਾਤਕਾਰ-ਕਤਲ) ਵਰਗੀ ਨਿਸਚਿਤ ਕੀਤੀ ਜਾਇ, ਤਾਂ ਇਸ ਕਰੂਰ ਕੁਕਰਮ ਨੂੰ ਠੱਲ ਪੈ ਸਕਦੀ ਹੈ ।

ਮੈਂ ਤਾਂ ਪੂਰੇ ਜ਼ੋਰ ਨਾਲ ਕਹਿੰਦਾ ਹਾਂ, ਕਿ ਇਹੋ ਜਹੇ ਦੁਸ਼ਟ-ਕੁਕਰਮੀ ਨੂੰ-ਬਹੁਤ ਜਲਦੀ ਕਸੂਰਵਾਰ ਮਿਥ ਕੇ, ਉਸ ਨਾਲ ਹੂਬਹੂ ਓਸੇ ਤਰਾਂ ਦਾ ਵਰਤਾ ਕਰਕੇ, ਬਾਦ ਓਸੇ ਤਰਾਂ ਮੌਤ ਦੇ ਘਾਟ ਉਤਾਰਿਆ ਜਾਏ ।



Sri Satguru Jagjit Singh Ji eLibrary NamdhariElibrary@gmail.com

# ਕੰਮ ਔਣ ਦਾ ਚਾਅ

ਮਦਰਾਸ ਦੇ ਵਧੀਆ ਥ੍ਰੀ ਵੀਲਰ ਦੇ ਘਟੀਆਂ ਡਰੇਵਰ ਨੇ ਮੈਨੂੰ ਕਿਸੇ ਨੇੜੇ ਪੈਂ
ਸਟੇਸ਼ਨ ਤੇ ਜਾ ਉਤਾਰਿਆ । ਬੱਸ ਜੀ ! ਏਥੋਂ ਸ਼ੁਰੂ ਹੋ ਗਈ ਮੇਰੀ ਅਨਜਾਣਤਾ-ਅ
ਮਰਦਾਸ ਪੁਲਿਸ ਵੱਲੋਂ ਜਿੰਮੇਵਾਰੀ ਦੇ ਅਹਿਸਾਸ ਦੀ ਕਹਾਣੀ ।

ਪਹਿਲਾਂ ਮੈਨੂੰ ਬਜ਼ਾਰ ਚੋਂ ਫਿਰਦਿਆਂ ਇਕ ਦੋ ਉਤਰ ਭਾਰਤੀ ਦੁਕਾਨਦਾਰਾਂ ਤੋ
ਪਤਾ ਲੱਗ ਚੁੱਕਿਆ ਸੀ, ਮਦਰਾਸੀ ਲੋਕ-ਹਿੰਦੀ ਨੂੰ ਚਿਮਟੇ ਨਾਲ ਛੋਹਣੋ ਵੀ ਕਤਰਾਂਦੇ ਨੇ
ਮੈਂ ਕਈਆਂ ਨੂੰ ਪੁਛਿਆ, ਦਿੱਲੀ ਨੂੰ ਕੇਹੜੇ ਪਲੇਟ ਫਾਰਮ ਤੋਂ ਗੱਡੀ ਜਾਇਗੀ ? ਬਹੁਤੇ
ਕੁਲ ਬੁਲ ਕਰਦੇ ਤੁਰਦੇ ਹੋਣ । ਇੱਕ ਨੇਂ ਬੜੀ ਹਮਦਰਦੀ ਨਾਲ ਦੱਸਿਆਂ-ਨੋ ਹਿੰਦੀ !

ਸੋਚਿਆ ਟਿਕਟਾਂ ਦੇਣ ਵਾਲੇ ਜ਼ਰੂਰ ਥੋੜੀ ਬਹੁਤੀ ਹਿੰਦੀ ਜਾਣਦੇ ਹੋਣਗੇ
ਇੱਕ ਟਿਕਟ ਖਿੜਕੀ ਤੇ-ਚਿੱਟੇ ਸਿਰ ਤੇ ਸ਼ਾਹ ਕਾਲੇ ਬਾਊ ਅੱਗੇ ਟਿਕਟ ਵਖਾ ਕੇ ਆਪਣੇ
ਆਪ ਨੂੰ ਹੱਥ ਲਾ ਕੇ-ਫਿਰ ਬਾਂਹ ਲੰਮੀ ਕਰਕੇ ਦਿੱਲੀ ਆਖਿਆਂ । ਅਗੋ ਟਿਕਟ ਵਿਤਰਕ
ਨੇਂ ਕਿੰਨਾਂ ਕੁਝ ਆਖਿਆ, ਜੋ ਮੈਨੂੰ ਕਾਲਾ ਅੱਖਰ ਭੈਂਸ ਬਰਾਬਰ ਸਮਝ ਆਇਆ !

ਕਾਲੀ ਬੋਲੀ ਰਾਤ-ਜਗਮਗ ਕਰਦੀਆਂ ਰੋਸ਼ਨੀਆਂ-ਗੂੜੇ ਕਾਲੇ ਮਦਰਾਸੀਆਂ
ਦੀ ਭੀੜ-ਮੈਨੂੰ ਇੰਜ ਲੱਗਿਆ-ਜਿਵੇਂ ਕਿਸੇ ਹੋਰ ਨੱਛਤਰ ਤੇ ਆ ਫਸਿਆ ਹਾਂ । ਚਿਟੇ
ਕਪੱੜੇ-ਚਿੱਟੀ ਦਾਹੜੀ-ਚਿੰਤਾਤੁਰ ਚੇਹਰਾ ਵੇਖ-ਦੋ ਕਾਲੇ ਨੌ ਜਵਾਨ ਮੇਰੇ ਕੋਲ ਆ ਖੜੋਤੇ
ਇੱਕ ਨੇ ਅੰਗ੍ਰੇਜ਼ੀ ਵਿਚ ਕੁਝ ਆਖਿਆ । 'ਇਸ ਬੋਲੀ ਨਾਲ ਤੇ ਸਤਿਗੁਰੂ ਰਾਮ ਸਿੰਘ ਦੀ
ਕਿਰਪਾ ਸੇ ਮੇਰਾ ਜਨਮ ਜਾਤ ਵੈਰ ਸੀ । ਦੂਸਰੇ ਜਿੰਨੀ ਕੁ ਮੇਰੇ ਮਾਸਟਰ ਜੀ ਦੀ
ਮੇਹਰਬਾਨੀ ਤੋਂ ਮੈਨੂੰ ਸਮਝ ਪੈਂਦੀ ਸੀ-ਇਸ ਵੇਲੇ ਓਹ ਵੀ ਭੁੱਲੀ ਹੋਈ ਸੀ ।

ਹਾਰ ਕੇ ਉਸ ਆਖਿਆ-ਕਹਾਂ ਜਾਨਾਂ ! ਮੈ ਟਿਕਟ ਵਖਾਕੇ ਦਿੱਲੀ ਉਚਾਰਿਆ !
ਓ. ਨੋ. ਕਰਦੇ ਨੇ ਆਪਣਾਂ ਬੈਗ ਦੂਸਰੇ ਨੂੰ ਫੜਾਕੇ ਕੁਲਬੁਲ ਕੀਤਾ-ਭੱਜ ਕੇ-ਜਿਵੇਂ ਬੜੀ
ਕਾਹਲ ਹੋਵੇ-ਆਪਣੇ ਪੱਲਿਓ ਦੋ ਟਿਕਟਾਂ ਲੈ ਆਇਆ । ਮਗਰ ਔਣ ਦਾ ਇਸ਼ਾਰਾ ਦੇ ਕੇ-
ਤਿੱਖਾ ਜਿਹਾ ਅੱਗੇ ਭੱਜ ਤੁਰਿਆ । ਸਕਿੰਟਾਂ ਵਾਸਤੇ ਧੋਖੇ ਦਾ ਪਰਛਾਂਵਾਂ ਮਨ ਤੇ ਆਇਆ
ਪਰ ਨਹੀਂ-ਓਹਦਾ ਚੇਹਰਾ-ਵਰਤਾ ਬੜਾ ਨਿਰਮਲ ਸੀ । ਨਾਲੇ ਮੇਰੇ ਕੋਲ ਹੈ ਈ ਕੀਹ
ਸੀ? ਘੜੀ, ਦੋ ਚਿਟੇ ਕੂਕਾ ਕਾਟ ਦੇ ਸੂਟ, ਦਿੱਲੀਓ ਪਿੰਡ ਦਾ ਕਿਰਾਇਆ । ਇਕ ਪੁਲ
ਤੇ ਚੜ੍ਹੇ, ਕਈ ਪਲੇਟ ਫਾਰਮ ਲੰਘ ਕੇ ਉੱਤਰੇ, ਭੀੜ ਨਾਲ ਤੂਸੀ ਹੋਈ ਲੋਕਲ ਟ੍ਰੇਨ ਦੇ ਡੰਡੇ
ਫੜ ਕੇ ਲਮਕ ਗਏ 5-6 ਕਿ:ਮੀ; ਦੀ ਵਿੱਥ ਤੇ ਪੈਂਦੇ, 5-6 ਸਟੇਸ਼ਨ ਲੰਘ ਕੇ ਨਾ
ਉੱਤਰਦਿਆਂ ਕਹਿੰਦਾ ਭਾਗੋ ! ਏਹ ਪਹਿਲਾ ਹਿੰਦੀ ਸ਼ਬਦ ਸੀ-ਜੇਹੜਾ ਓਨੇ ਮੇਰੇ
ਸਾਂਝਾ ਕੀਤਾ ।



Sri Satguru Jagjit Singh Ji eLibrary NamdhariElibrary@gmail.com

# ਕੰਮ ਔਣ ਦਾ ਚਾਅ

ਮਦਰਾਸ ਦੇ ਵਧੀਆ ਥ੍ਰੀ ਵੀਲਰ ਦੇ ਘਟੀਆਂ ਡਰੈਵਰ ਨੇ ਮੈਨੂੰ ਕਿਸੇ ਨੇੜੇ ਪੈਂਦੇ ਸਟੇਸ਼ਨ ਤੇ ਜਾ ਉਤਾਰਿਆ । ਬੱਸ ਜੀ ! ਏਥੋਂ ਸ਼ੁਰੂ ਹੋ ਗਈ ਮੇਰੀ ਅਨਜਾਣਤਾ-ਅਤੇ ਮਰਦਾਸ ਪੁਲਿਸ ਵੱਲੋਂ ਜਿੰਮੇਵਾਰੀ ਦੇ ਅਹਿਸਾਸ ਦੀ ਕਹਾਣੀ ।

ਪਹਿਲਾਂ ਮੈਨੂੰ ਬਜ਼ਾਰ ਚੋਂ ਫਿਰਦਿਆਂ ਇਕ ਦੋ ਉਤਰ ਭਾਰਤੀ ਦੁਕਾਨਦਾਰਾਂ ਤੋਂ ਪਤਾ ਲੱਗ ਚੁੱਕਿਆ ਸੀ, ਮਦਰਾਸੀ ਲੋਕ-ਹਿੰਦੀ ਨੂੰ ਚਿਮਟੇ ਨਾਲ ਛੋਹਣੋਂ ਵੀ ਕਤਰਾਂਦੇ ਨੇਂ। ਮੈਂ ਕਈਆਂ ਨੂੰ ਪੁਛਿਆ, ਦਿੱਲੀ ਨੂੰ ਕੇਹੜੇ ਪਲੇਟ ਫਾਰਮ ਤੋਂ ਗੱਡੀ ਜਾਇਗੀ ? ਬਹੁਤੇ ਕੁਲ ਬੁਲ ਕਰਦੇ ਤੁਰਦੇ ਹੋਣ । ਇੱਕ ਨੇਂ ਬੜੀ ਹਮਦਰਦੀ ਨਾਲ ਦੱਸਿਆਂ-ਨੋ ਹਿੰਦੀ !

ਸੋਚਿਆ ਟਿਕਟਾਂ ਦੇਣ ਵਾਲੇ ਜ਼ਰੂਰ ਥੋੜੀ ਬਹੁਤੀ ਹਿੰਦੀ ਜਾਣਦੇ ਹੋਣਗੇ । ਇੱਕ ਟਿਕਟ ਖਿੜਕੀ ਤੇ-ਚਿੱਟੇ ਸਿਰ ਤੇ ਸ਼ਾਹ ਕਾਲੇ ਬਾਊ ਅੱਗੇ ਟਿਕਟ ਵਖਾ ਕੇ ਆਪਣੇ ਆਪ ਨੂੰ ਹੱਥ ਲਾ ਕੇ-ਫਿਰ ਬਾਂਹ ਲੰਮੀ ਕਰਕੇ ਦਿੱਲੀ ਆਖਿਆ । ਅਗੋ ਟਿਕਟ ਵਿਤਰਕ ਨੇਂ ਕਿੰਨਾਂ ਕੁਝ ਆਖਿਆ, ਜੋ ਮੈਨੂੰ ਕਾਲਾ ਅੱਖਰ ਭੈਂਸ ਬਰਾਬਰ ਸਮਝ ਆਇਆ !

ਕਾਲੀ ਬੋਲੀ ਰਾਤ-ਜਗਮਗ ਕਰਦੀਆਂ ਰੋਸਨੀਆਂ-ਗੂੜੇ ਕਾਲੇ ਮਦਰਾਸੀਆਂ ਦੀ ਭੀੜ-ਮੈਨੂੰ ਇੰਜ ਲੱਗਿਆ-ਜਿਵੇਂ ਕਿਸੇ ਹੋਰ ਨੱਛਤਰ ਤੇ ਆ ਫਸਿਆ ਹਾਂ । ਚਿਟੇ ਕਪੱੜੇ-ਚਿੱਟੀ ਦਾਹੜੀ-ਚਿੰਤਾਤੁਰ ਚੇਹਰਾ ਵੇਖ-ਦੋ ਕਾਲੇ ਨੌ ਜਵਾਨ ਮੇਰੇ ਕੋਲ ਆ ਖੜੋਤੇ। ਇੱਕ ਨੇ ਅੰਗ੍ਰੇਜ਼ੀ ਵਿਚ ਕੁਝ ਆਖਿਆ । 'ਇਸ ਬੋਲੀ ਨਾਲ ਤੇ ਸਤਿਗੁਰੂ ਰਾਮ ਸਿੰਘ ਦੀ ਕਿਰਪਾ ਸੇ ਮੇਰਾ ਜਨਮ ਜਾਤ ਵੈਰ ਸੀ । ਦੂਸਰੇ ਜਿੰਨੀ ਕੁ ਮੇਰੇ ਮਾਸਟਰ ਜੀ ਦੀ ਮੇਹਰਬਾਨੀ ਤੋਂ ਮੈਨੂੰ ਸਮਝ ਪੈਂਦੀ ਸੀ-ਇਸ ਵੇਲੇ ਓਹ ਵੀ ਭੁੱਲੀ ਹੋਈ ਸੀ ।

ਹਾਰ ਕੇ ਉਸ ਆਖਿਆ-ਕਹਾਂ ਜਾਨਾਂ ! ਮੈ ਟਿਕਟ ਵਖਾਕੇ ਦਿੱਲੀ ਉਚਾਰਿਆ । ਓ. ਨੋ. ਕਰਦੇ ਨੇ ਆਪਣਾਂ ਬੈਗ ਦੂਸਰੇ ਨੂੰ ਫੜਾਕੇ ਕੁਲਬੁਲ ਕੀਤਾ-ਭੱਜ ਕੇ-ਜਿਵੇਂ ਬੜੀ ਕਾਹਲ ਹੋਵੇ-ਆਪਣੇ ਪੱਲਿਓ ਦੋ ਟਿਕਟਾਂ ਲੈ ਆਇਆ । ਮਗਰ ਔਣ ਦਾਂ ਇਸ਼ਾਰਾ ਦੇ ਕੇ-ਤਿੱਖਾ ਜਿਹਾ ਅੱਗੇ ਭੱਜ ਤੁਰਿਆ । ਸਕਿੰਟਾਂ ਵਾਸਤੇ ਧੋਖੇ ਦਾ ਪਰਛਾਂਵਾਂ ਮਨ ਤੇ ਆਇਆ। ਪਰ ਨਹੀਂ-ਓਹਦਾ ਚੇਹਰਾ-ਵਰਤਾ ਬੜਾ ਨਿਰਮਲ ਸੀ । ਨਾਲੇ ਮੇਰੇ ਕੋਲ ਹੈ ਈ ਕੀਹ ਸੀ? ਘੜੀ, ਦੋ ਚਿਟੇ ਕੂਕਾ ਕਾਟ ਦੇ ਸੂਟ, ਦਿੱਲੀਓ ਪਿੰਡ ਦਾ ਕਿਰਾਇਆ । ਇਕ ਪੁਲ ਤੇ ਚੜ੍ਹੇ, ਕਈ ਪਲੇਟ ਫਾਰਮ ਲੰਘ ਕੇ ਉੱਤੱਰੇ, ਭੀੜ ਨਾਲ ਤੂਸੀ ਹੋਈ ਲੋਕਲ ਟ੍ਰੇਨ ਦੇ ਡੰਡੇ ਫੜ ਕੇ ਲਮਕ ਗਏ 5-6 ਕਿ:ਮੀ; ਦੀ ਵਿੱਥ ਤੇ ਪੈਂਦੇ, 5-6 ਸਟੇਸ਼ਨ ਲੰਘ ਕੇ, ਉੱਤਰਦਿਆਂ ਕਹਿੰਦਾ ਭਾਗੋ ! ਏਹ ਪਹਿਲਾ ਹਿੰਦੀ ਸ਼ਬਦ ਸੀ-ਜੇਹੜਾ ਓਨੇ ਮੇਰੇ ਨਾਲ ਸਾਂਝਾ ਕੀਤਾ ।



Sri Satguru Jagjit Singh Ji eLibrary NamdhariElibrary@gmail.com

ਦੁੜਕੀ ਪਿਆਂ ਅਧੇ ਕਿ: ਮੀ: ਤੇ ਇਕ ਜਾਣੂੰ ਮਿਲਿਓ ਸੂ । ਮੇਰੇ ਵੱਲ ਇਸ਼ਾਰਾ ਕਰਕੇ ਓਹਨੂੰ ਕੁਝ ਕਿਹਾ । ਓਹ ਜਿਵੇਂ ਅੱਗੇ ਈ ਇਸ ਕੰਮ ਲਈ ਤਿਆਰ ਹੋਵੇ । ਪਹਿਲੇ ਨੇਂ ਮੇਰੇ ਨਾਲ ਹੱਥ ਵੀ ਨਾਂ ਮਿਲਾਇਆ-ਥੋੜਾ ਜਿਹਾ ਸਿਰ ਨਿਵਾ ਕੇ ਔਹ ਗਿਆ । ਦੂਸਰੇ ਨੇਂ ਸ਼ੁਰੂ ਵਿੱਚ ਈ ਦੋ ਸ਼ਬਦ ਹਿੰਦੀ ਵਿਚ ਆਖੇ, ਬਾਬਾ ਜੀ ਭਾਗੋ ! ਹੁਣ ਅਸੀ ਪਹਿਲਾਂ ਨਾਲੋਂ ਵੀ ਤੇਜ਼ ਦੌੜਨ ਲੱਗ ਪਏ । ਰਸਤੇ ਚ ਇਕ ਸੁਰੰਗ ਜਿੰਨਾਂ ਲੰਮਾਂ-ਚੌੜਾ ਪੁਲ ਆਇਆ । ਜਿਦੇ ਵਿੱਚ ਬੜੀਆਂ ਸ਼ਾਨਦਾਰ ਦੁਕਾਨਾਂ ਸਜੀਆਂ ਹੋਈਆਂ ਸਨ । ਜਿੰਨਾ ਨੂੰ ਵੇਖਣ ਜੋਗੀ ਵੇਹਲ ਸਾਡੇ ਕੋਲ ਕਿੱਥੇ ਸੀ ।

ਪੁਲੋ ਪਾਰ, ਅਨਗਿਣਤ ਪਲੇਟ ਫਾਰਮਾਂ ਤੇ ਗੱਡੀਆਂ ਲੱਗੀਆਂ ਹੋਈਆਂ ਸਨ । ਅਖੀਰਲੀ ਗੱਡੀ ਦਾ ਬਾਊ-ਸੀਟੀ ਮਾਰ ਕੇ-ਹਰੀ ਝੰਡੀ ਦੇ ਰਿਹਾ ਸੀ । ਮੇਰੇ ਆਗੂ ਨੇ ਓਹਨੂੰ ਕੁਝ ਆਖਿਆ, ਜਿਵੇਂ ਅਫਸਰ ਸੰਤਰੀਆਂ ਨੂੰ ਆਂਹਦੇ ਨੇਂ । ਓਨੇ ਹਰੀ ਝੰਡੀ ਰੱਖ ਕੇ-ਲਾਲ ਫਹਿਰਾ ਦਿੱਤੀ-ਸੀਟੀ ਦੀ ਵਾਜ ਬਦਲੀ ਕਿ ਤੁਰਦੀ ਰੇਲ ਦੀਆਂ ਬ੍ਰੇਕਾਂ ਚੀਕ ਪਈਆਂ । ਹੁਣ ਮੈਨੂੰ ਪੂਰੀ ਸਮਝ ਪਈ-ਏਹਨਾਂ ਨੂੰ ਰੇਲ ਦੇ ਤੁਰਨ ਦਾ ਵਕਤ ਕੰਠਾਗਰ ਸੀ-ਤਾਂਈ ਮੈਨੂੰ ਭਜਾਂਦੇ ਰਹੇ । ਆਪ ਵੀ ਭੱਜਦੇ ਰਹੇ । ਸਾਰੀ ਗੱਡੀ ਲੰਘ ਕੇ-ਇੰਞਣ ਤੋਂ ਦੋ ਡੱਬੇ ਪਹਿਲਾਂ ਖੜੋ ਕੇ ਆਂਹਦਾ-ਲੋ ਬਾਬਾ ਜੀ ! ਯੇ ਹੈ ਆਪਕਾ ਡੱਬਾ !

ਜਦੋਂ ਇਕ ਦਮ ਪਿਛਾਂ ਮੁੜਨ ਲੱਗਾ-ਮੈਂ ਘੁੱਟ ਕੇ ਓਹਦੀ ਬਾਂਹ ਫੜ ਲਈ । ਬੇਟੇ ! ਆਪਕਾ ਬਹੁਤ ਹੀ ਸ਼ੁਕਰੀਆ, ਪਰ ਯੇ ਤੋ ਬਤਾਓ-ਇਤਨੇ ਮੇਹਰ ਬਾਨ ਆਪ ਦੋਨੋਂ ਹੈਂ ਕੌਣ ? ਕਹਿੰਦਾ-ਬਾਬਾ ਜੀ ਧੰਨਵਾਦ ਕੀ ਬਾਤ ਨਹੀਂ-ਯੇ ਹਮਾਰਾ ਫਰਜ਼ ਹੈ । ਹਮ ਦੋਨੋਂ ਰੇਲਵੇ ਕੇ ਪੁਲਿਸ ਮੈਨ ਹੈ । ਜਦੋਂ ਨਾ-ਪਤਾ ਪੁਛਿਆ-ਨੋ ਨੋ ਕਰਦਿਆਂ ਦੌੜ ਗਿਆ । ਗੱਡੀ ਵੀ ਤੁਰ ਪਈ । ਜਾਂ ਮੈਂ ਤੁਰਦੀ ਗੱਡੀ ਨੂੰ ਹੱਥ ਪਾ ਕੇ ਚੜ੍ਹਿਆ-ਮੇਰਾ ਹੱਥ ਪਠਾਨਕੋਟ ਕੰਢੀ ਡੈਮ ਦੇ ਇੰਜਨੀਅਰ ਸਰਬਜੀਤ ਸਿੰਘ ਨੇ ਫੜ ਲਿਆ । ਮੈਂ ਹੈਰਾਨ ਹੋ ਕੇ ਆਖਿਆ-ਓ ਸਰਬ ਤੂੰ ਏਥੇ ਕਿੱਥੇ ? ਓਹ ਕਹਿੰਦਾ, ਬਾਪੂ ਜੀ ! ਤੁਸੀ ਏਥੇ ਕਿਵੇਂ ? ਹੱਛਾ ! ਗੱਡੀ ਤੁਰ ਕੇ- ਫਿਰ ਤੁਹਾਨੂੰ ਚੜ੍ਹਾਣ ਵਾਸਤੇ ਰੁਕੀ ਸੀ । ਓਹ ਕੋਈ ਜਾਣੂ ਸੀ, ਜੇਹੜਾ ਗੱਡੀ ਚੜਾਂਣ ਆਇਆ ਸੀ ? ਮੈਂ ਕਿਹਾ-ਪਹਿਲਾਂ ਸੀਟ ਨੰਬਰ ਵੇਖੀਏ-ਫਿਰ ਗੱਲਾਂ ਕਰਾਂਗੇ । ਟਿਕਟ ਤੇ ਸੀਟ ਨੰਬਰ ਵੇਹਦਿਆਂ ਕਹਿੰਦਾ-ਮਜ਼ਾ ਈ ਆ ਗਿਐ ! ਸੀਟਾਂ ਆਹਮੋ ਸਾਹਮਣੀਆਂ ਨੇਂ-ਆਓ ਬਹਿ ਕੇ ਬਾਤਾਂ ਕਰੀਏ ।

ਮੈਂ ਕਿਹਾ-ਬੇਟੇ ! ਓਹ ਕੋਈ ਜਾਣੂੰ ਨਹੀਂ ਸੀ-ਰੇਲਵੇ ਦਾ ਪੁਲੀਸ ਮੈਨ ਸੀ । ਜਦੋਂ ਦੋਹਾਂ ਦੀ ਸਾਰੀ ਕਹਾਣੀ ਕੀਤੀ-ਕਹਿੰਦਾ-ਜੇ ਹੁੰਦਾ ਦਿੱਲੀ-ਹਰਿਆਣਾ-ਪੰਜਾਬ ਦਾ, ਹੋਰ ਕੁਝ ਨਹੀਂ-ਤੁਹਾਡੀ ਔਹ ਸੋਹਣੀ ਜਹੀ ਘੜੀ ਜ਼ਰੂਰ ਮੁੱਛ ਲੈਂਦਾ । ਅਸੀ ਏਥੋਂ ਡੈਮ ਦਾ ਸਾਮਾਨ ਲੈਣ ਆਏ ਸਾਂ । ਏਹ ਲੋਕ ਸਾਡੇ ਨਾਲੋਂ ਬੜੇ ਚੰਗੇ ਨੇ-ਪਰ ਅਸੀ ਏਹਨਾ ਨੂੰ ਚੰਗੇ ਨਹੀਂ ਰਹਿਣ ਦੇਂਦੇ ਪਏ ।

******



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਏਨੀ ਕੁ ਮੇਰੀ ਪਛਾਣ



ਨਾਂ : ਸਾਧੂ ਸਿੰਘ ਕਿਸਾਨ

ਜਨਮ ਤਰੀਕ : 1-1-1931

ਜਨਮ ਸਥਾਨ : ਹਿੰਦੂ ਚੱਕ, ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ)

ਪਿਤਾ ਜੀ : ਸਵ: ਸੰਤ ਤਰਨ ਸਿੰਘ ਵਹਿਮੀ (ਗੁਰਾਇਆ)

ਬੇਬੇ ਜੀ : ਸਵ: ਸਰਦਾਰਨੀ ਕਰਤਾਰ ਕੌਰ ਬਾਜੀ

ਜੀਵਨ ਸਾਥਣ : ਸਵ: ਸ਼੍ਰੀਮਤੀ ਮਹਿੰਦਰ ਕੌਰ ਵਿਰਕ

ਪਤਾ : ਬੁੱਢੀ ਮਾੜੀ( ਰਾਮਪੁਰ)
ਤਹਿਸੀਲ ਐਲਨਾਬਾਦ
ਜ਼ਿਲਾ ਸਿਰਸਾ (ਹਰਿਆਣਾ )
ਫੋਨ : 01698- 280261

ਇਸ ਕਲਮ ਤੋਂ :

1. ਸਿੱਖ ਇਤਿਹਾਸ ਦੀ ਝਲਕ
2. ਸੱਚ ਦਾ ਸਾਥੀ

ਤਸਵੀਰ ਪ੍ਰਕਾਸ਼ਨ, ਸਿਰਸਾ

Sri Satguru Jagjit Singh Ji eLibrary NamdhariElibrary@gmail.com